ਕੌਮਾਂਤਰੀ
www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 173| 30 April to 6 May , 2025 | Ph.: (510) 240-5949 | Email: asrtimes@gmail.com

ਕੈਨੇਡਾ ਸੰਸਦੀ ਚੋਣਾਂ

# ਸੱਤਾ ਵਿੱਚ ਬਣੀ ਰਹੇਗੀ ਲਿਬਰਲ ਪਾਰਟੀ

## ਲਿਬਰਲ 169, ਕੰਜ਼ਰਵੇਟਿਵ 144, ਬਲਾਕ ਕਿਊਬਕ 22 ਤੇ ਐਨ.ਡੀ.ਪੀ. 7 ਸੀਟਾਂ ’ਤੇ ਰਹੀ ਜੇਤੂ

## ਵੱਡੇ ਫ਼ਰਕ ਨਾਲ ਜਿੱਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ




### ਐਨ.ਡੀ.ਪੀ. ਦੇ ਜਗਮੀਤ ਸਿੰਘ ਤੇ ਕੰਜ਼ਰਵੇਟਿਵ ਪਾਰਟੀ ਦੇ ਪੀਅਰ ਪੋਲਿਵਰ ਚੋਣ ਹਾਰੇ




ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੀ 45ਵੀਂ ਲੋਕ ਸਭਾ ਲਈ ਹੋਈਆਂ ਚੋਣਾਂ ਵਿੱਚ ਭਾਵੇਂ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ, ਪਰ ਬਲਾਕ ਕਿਊਬਕਾ ਦੀ ਇੱਕ ਸੀਟ ਪੋਸਟਲ ਬੈਲੇਟ (ਡਾਕ ਵੋਟਾਂ) ਦੀ ਗਿਣਤੀ ’ਚ ਖਿਸਕ ਕੇ ਲਿਬਰਲ ਦੇ ਖਾਤੇ ਪੈਣ ਨਾਲ ਲਿਬਰਲ ਪਾਰਟੀ ਦੀਆਂ ਕੁੱਲ ਸੀਟਾਂ 169 ਹੋ ਗਈਆਂ ਹਨ ਤੇ ਪਾਰਟੀ ਬਹੁਮਤ ਦੇ ਹੋਰ ਨੇੜੇ ਪਹੁੰਚ ਗਈ ਹੈ। ਕਿਸੇ ਵੀ ਪਾਰਟੀ ਨੂੰ 343 ਮੈਂਬਰੀ ਸੰਸਦ ਵਿਚ ਸਪਸ਼ਟ ਬਹੁਮਤ ਲਈ 172 ਦੇ ਜਾਦੂਈ ਅੰਕੜੇ ਦੀ ਦਰਕਾਰ ਹੈ।ਕੈਨੇਡਾ ਵਿੱਚ ਸੰਸਦ ਦੀਆਂ 343 ਸੀਟਾਂ ’ਤੇ ਹੋਈਆਂ ਚੋਣਾਂ ਵਿੱਚ ਲਿਬਰਲ ਪਾਰਟੀ ਨੂੰ 169, ਕੰਜ਼ਰਵੇਟਿਵ ਪਾਰਟੀ ਨੂੰ 144, ਬਲਾਕ ਕਿਊਬਕ ਨੂੰ 22, ਐੱਨ.ਡੀ.ਪੀ. ਨੂੰ 7 ਸੀਟਾਂ ਅਤੇ ਇੱਕ ਸੀਟ ’ਤੇ ਗਰੀਨ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਪਾਰਟੀ ਨੇ 43, ਕੰਜ਼ਰਵੇਟਿਵ ਪਾਰਟੀ ਨੇ 41, ਬਲਾਕ ਕਿਊਬਕ ਨੇ 26 ਅਤੇ ਐੱਨ.ਡੀ.ਪੀ. ਨੇ 7 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। ਕੈਨੇਡਾ ਦੀਆਂ ਸੰਸਦੀ ਚੋਣਾਂ ਵਿੱਚ ਸੱਤਾਧਾਰੀ ਲਿਬਰਲ ਪਾਰਟੀ 169 ਸੀਟਾਂ ਜਿੱਤ ਕੇ ਸਪਸ਼ਟ ਬਹੁਮਤ ਲਈ ਲੋੜੀਂਦੀਆਂ 172 ਸੀਟਾਂ ਤੋਂ ਮਹਿਜ਼ 3 ਸੀਟਾਂ ਨਾਲ ਖੁੰਝ ਗਈ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਸੀਟ ਵੱਡੇ ਫ਼ਰਕ ਨਾਲ ਜਿੱਤ ਲਈ ਹੈ ਜਦੋਂਕਿ ਨਿਊ ਡੈਮੋਕਰੈਟਿਕ ਪਾਰਟੀ ਦੇ ਜਗਮੀਤ ਸਿੰਘ (ਬਰਨਬੀ ਸੈਂਟਰਲ) ਤੇ ਕੰਜ਼ਰਵੇਟਿਵ ਪਾਰਟੀ ਦੇ ਪੀਅਰ ਪੋਲਿਵਰ ਚੋਣ ਹਾਰ ਗਏ ਹਨ। ਜਗਮੀਤ ਸਿੰਘ ਨੇ ਐਨ.ਡੀ.ਪੀ. ਨੂੰ ਚੋਣਾਂ ਵਿੱਚ ਲੱਗੇ ਵੱਡੇ ਖੋਰੇ ਅਤੇ ਖ਼ੁਦ ਚੋਣ ਨਾ ਜਿੱਤ ਸਕਣ ਕਰਕੇ ਪਾਰਟੀ ਆਗੂ ਵਜੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਹੈ। ਚੋਣ ਜਿੱਤਣ ਅਤੇ ਹਾਰਨ ਵਾਲਿਆਂ ਵਿੱਚ ਬਹੁਤ ਘੱਟ ਵੋਟਾਂ ਦਾ ਅੰਤਰ ਰਿਹਾ ਹੈ। ਕਈ ਸੀਟਾਂ ’ਤੇ ਇਹ ਫ਼ਰਕ 100 ਵੋਟਾਂ ਤੋਂ ਵੀ ਘੱਟ ਰਿਹਾ। ਸੰਸਦ ਦੀਆਂ 343 ਸੀਟਾਂ ’ਤੇ ਚੋਣ ਹੋਈ ਸੀ ਤੇ ਸਰਕਾਰ ਬਣਾਉਣ ਲਈ 172 ਸੀਟਾਂ ਦੀ ਲੋੜ ਹੈ। ਇਸ ਤੋਂ ਪਹਿਲਾਂ 2019 ਅਤੇ 2022 ਵਿੱਚ ਵੀ ਮੁਲਕ ਵਿੱਚ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਸੀ ਤੇ ਲਿਬਰਲ ਪਾਰਟੀ ਐਨ.ਡੀ.ਪੀ. ਦੇ ਸਹਿਯੋਗ ਨਾਲ ਸਰਕਾਰ ਚਲਾਉਂਦੀ ਰਹੀ ਹੈ।ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਅਮਰੀਕਾ ਵਿੱਚ ਰਲੇਵੇਂ ਦੀ ਧਮਕੀ ਤੇ ਵਪਾਰਕ ਜੰਗ ਨੇ ਲਿਬਰਲ ਪਾਰਟੀ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਕੈਨੇਡਾ ਨੂੰ ਅਮਰੀਕਾ ਵਿੱਚ ਮਿਲਾਉਣ ਦੀਆਂ ਧਮਕੀਆਂ ਅਤੇ ਟੈਰਿਫ਼ ਯੁੱਧ ਦਾ ਪ੍ਰਭਾਵ ਨਤੀਜਿਆਂ ਵਿੱਚ ਸਪੱਸ਼ਟ ਤੌਰ ’ਤੇ ਦਿਖਾਈ ਦੇ ਰਿਹਾ ਹੈ।

ਇਸ ਤੋਂ ਪਹਿਲਾਂ, ਜਦੋਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕੈਨੇਡਾ ਦੀ ਆਰਥਿਕਤਾ ’ਤੇ ਹਮਲਾ ਕਰਨਾ ਸ਼ੁਰੂ ਕੀਤਾ ਸੀ ਤਾਂ ਲਿਬਰਲ ਹਾਰ ਰਹੇ ਸਨ। ਟਰੰਪ ਦੀਆਂ ਕਾਰਵਾਈਆਂ ਨੇ ਕੈਨੇਡੀਅਨਾਂ ਨੂੰ ਗੁੱਸਾ ਭਰ ਦਿੱਤਾ ਅਤੇ ਰਾਸ਼ਟਰਵਾਦ ਦੀ ਭਾਵਨਾ ਵਿੱਚ ਵਾਧਾ ਕੀਤਾ। ਇਸ ਤੋਂ ਬਾਅਦ, ਲਿਬਰਲਾਂ ਦੀ ਚੋਣ ਕਹਾਣੀ ਬਦਲ ਗਈ ਅਤੇ ਪਾਰਟੀ ਲਗਾਤਾਰ ਚੌਥੀ ਵਾਰ ਸੱਤਾ ਵਿੱਚ ਆਈ। (ਬਾਕੀ ਸਫ਼ਾ 30 ’ਤੇ)

### ਟਰੰਪ ਨੇ ਕੈਨੇਡਾ ਨੂੰ ਤੋੜਨ ਦਾ ਯਤਨ ਕੀਤਾ: ਕਾਰਨੀ



ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੰਸਦੀ ਚੋਣਾਂ ਵਿੱਚ ਲਿਬਰਲ ਪਾਰਟੀ ਨੂੰ ਮਿਲੀ ਜਿੱਤ ਮਗਰੋਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਉਨ੍ਹਾਂ ਦੇ ਮੁਲਕ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਓਟਾਵਾ ਵਿੱਚ ਜੇਤੂ ਤਕਰੀਰ ਦੌਰਾਨ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਾਰਨੀ ਨੇ ਵਾਸ਼ਿੰਗਟਨ ਦੀਆਂ ਧਮਕੀਆਂ ਦੇ ਸਾਹਮਣੇ ਕੈਨੇਡੀਅਨ ਲੋਕਾਂ ਦੇ ਏਕੇ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ‘‘ਅਸੀਂ ਅਮਰੀਕੀ ਵਿਸ਼ਵਾਸਘਾਤ ਦੇ ਸਦਮੇ ’ਚੋਂ ਬਾਹਰ (ਬਾਕੀ ਸਫ਼ਾ 30 ’ਤੇ)

### ਕੈਨੇਡੀਅਨਾਂ ਦੇ ਹੱਕਾਂ ਲਈ ਲੜਦਾ ਰਹਾਂਗਾ: ਪੋਲਿਵਰ



ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲਿਵਰ ਨੇ ਕਿਹਾ ਕਿ ਉਹ ਚੋਣ ਹਾਰਨ ਦੇ ਬਾਵਜੂਦ ਕੈਨੇਡਾ ਦੇ ਲੋਕਾਂ ਦੇ ਹੱਕਾਂ ਲਈ ਲੜਦੇ ਰਹਿਣਗੇ। ਪੋਲਿਵਰ ਨੇ ਆਪਣੇ ਸਮਰਥਕਾਂ ਨੂੰ ਕਿਹਾ, ‘‘ਅਸੀਂ ਇਸ ਤੱਥ ਤੋਂ ਜਾਣੂ ਹਾਂ ਕਿ ਅਸੀਂ ਅਜੇ ਤੱਕ ਅੰਤਿਮ ਰੇਖਾ ਨੂੰ ਪਾਰ ਨਹੀਂ ਕੀਤਾ। ਅਸੀਂ ਜਾਣਦੇ ਹਾਂ ਕਿ ਤਬਦੀਲੀ ਦੀ ਲੋੜ ਹੈ, ਪਰ ਤਬਦੀਲੀ ਆਪਣੇ ਆਪ ਨਹੀਂ ਆਉਂਦੀ,ਇਸ ਲਈ ਮਿਹਨਤ ਕਰਨੀ ਪੈਂਦੀ ਹੈ। ਇਸ ਵਿੱਚ ਸਮਾਂ ਲੱਗਦਾ ਹੈ।ਅਤੇ ਇਸ ਲਈ ਸਾਨੂੰ ਅੱਜ ਰਾਤ ਦੇ ਸਬਕ ਸਿੱਖਣੇ ਪੈਣਗੇ।’’

### ਚੋਣ ਹਾਰਨ ਤੋਂ ਬਾਅਦ ਜਗਮੀਤ ਸਿੰਘ ਵੱਲੋਂ ਪਾਰਟੀ ਲੀਡਰ ਵਜੋਂ ਅਸਤੀਫ਼ਾ



ਕੈਨੇਡਾ ਚੋਣਾਂ ਦੌਰਾਨ ਜਗਮੀਤ ਸਿੰਘ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਨੂੰ ਵੱਡਾ ਝਟਕਾ ਲੱਗਿਆ ਹੈ।ਜਗਮੀਤ ਸਿੰਘ ਆਪਣੇ ਹਲਕੇ ਤੋਂ ਸੀਟ ਹਾਰ ਗਏ ਹਨ।ਇਸ ਮਗਰੋਂ ਜਗਮੀਤ ਸਿੰਘ ਨੇ ਐੱਨ.ਡੀ.ਪੀ ਲੀਡਰ ਵਜੋਂ ਅਸਤੀਫ਼ਾ ਦੇ ਦਿੱਤਾ ਹੈ।ਇਸ ਦੇ ਨਾਲ ਹੀ ਨਿਊ ਡੈਮੋਕ੍ਰੇਟਿਕ ਪਾਰਟੀ 12 ਸੀਟਾਂ ਵੀ ਹਾਸਲ (ਬਾਕੀ ਸਫ਼ਾ 30 ’ਤੇ)

# ਕੈਨੇਡਾ ਸੰਸਦੀ ਚੋਣਾਂ ’ਚ 22 ਪੰਜਾਬੀਆਂ ਨੇ ਗੱਡਿਆ ਜਿੱਤ ਦਾ ਝੰਡਾ

ਵੈਨਕੂਵਰ/ਏ.ਟੀ.ਨਿਊਜ਼:ਸੱਤ ਸਮੁੰਦਰ ਪਾਰ ਕੈਨੇਡਾ ਦੀ ਧਰਤੀ ’ਤੇ ਖੁਸ਼ਹਾਲ ਜੀਵਨ ਬਿਤਾਉਣ ਤੇ ਡਾਲਰ ਕਮਾਉਣ ਲਈ ਗਏ ਪੰਜਾਬੀਆਂ ਨੇ ਉਥੋਂ ਦੇ ਕਾਰੋਬਾਰ ਤੋਂ ਇਲਾਵਾ ਸਿਆਸਤ ’ਤੇ ਵੀ ਗਲਬਾ ਕਾਇਮ ਕਰ ਲਿਆ ਹੈ।

ਪੰਜਾਬੀ ਮੂਲ ਦੇ ਕੈਨੇਡੀਅਨ ਦਿਨੋਂ-ਦਿਨ ਕੈਨੇਡਾ ਦੀ ਸਿਆਸਤ ’ਚ ਵੱਡੇ ਪੱਧਰ ’ਤੇ ਭਾਈਵਾਲ ਬਣਦੇ ਜਾ ਰਹੇ ਹਨ। ਪਿਛਲੇ ਦਿਨੀਂ ਕੈਨੇਡਾ ’ਚ ਹੋਈਆਂ ਫ਼ੈਡਰਲ ਚੋਣਾਂ ਦੌਰਾਨ 22 ਪੰਜਾਬੀਆਂ ਨੇ ਐੱਮ.ਪੀ. ਦੀ ਚੋਣ ਜਿੱਤੀ ਹੈ ਜਦੋਂਕਿ 65 ਦੇ ਕਰੀਬ ਪੰਜਾਬੀਆਂ ਨੇ ਇਹ ਚੋਣ ਲੜੀ ਸੀ।ਚੋਣ ਨਤੀਜਿਆਂ ’ਤੇ ਝਾਤ ਮਾਰੀ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਿਹੜੀਆਂ ਸੀਟਾਂ ’ਤੇ ਪੰਜਾਬੀਆਂ ਨੇ ਚੋਣ ਜਿੱਤੀ ਹੈ, ਉਨ੍ਹਾਂ ਸੀਟਾਂ ਤੋਂ ਹਾਰਨ ਵਾਲੇ ਵੀ ਬਹੁਤੇ ਪੰਜਾਬੀ ਹੀ ਹਨ। ਇਸ ਲਈ ਬਹੁਤ ਸਾਰੇ ਹਲਕਿਆਂ ’ਚ ਪੰਜਾਬੀਆ ਵਿਚਾਲੇ ਹੀ ਟੱਕਰ ਸੀ। ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਦੀਆਂ ਫ਼ੈਡਰਲ ਚੋਣਾਂ ’ਚ ਪੰਜਾਬੀਆਂ ਦਾ ਦਬਦਬਾ ਲਗਾਤਾਰ ਵਧਦਾ ਜਾ ਰਿਹਾ ਹੈ।2019 ਦੀਆਂ ਚੋਣਾਂ ’ਚ 20 ਪੰਜਾਬੀਆਂ ਨੇ ਚੋਣ ਦਿੱਤੀ ਸੀ ਜਦੋਂਕਿ 2021 ਦੀਆਂ ਚੋਣਾਂ ’ਚ 18 ਪੰਜਾਬੀ ਐੱਮ.ਪੀ. ਬਣੇ ਸਨ, ਜਿਨ੍ਹਾਂ ’ਚੋਂ ਕਈ ਕੈਬਨਿਟ ’ਤੇ ਰਾਜ ਪੱਧਰ ਦੇ ਮੰਤਰੀ ਵੀ ਰਹੇ ਹਨ।ਮੌਜੂਦਾ ਚੋਣਾਂ ਦੌਰਾਨ ਵੀ 16 ਐੱਮ.ਪੀ. ਅਜਿਹੇ ਸਨ, ਜਿਨ੍ਹਾਂ ਨੇ ਮੁੜ ਚੋਣ ਜਿੱਤੀ ਹੈ। ਐਲਾਨੇ ਗਏ ਫ਼ੈਡਰਲ ਚੋਣਾਂ ਦੇ ਨਤੀਜਿਆਂ ’ਚ ਕੈਨੇਡਾ ਦੀਆ ਦੋਵਾਂ ਪ੍ਰਮੁੱਖ (ਬਾਕੀ ਸਫ਼ਾ 30 ’ਤੇ)



ਪਿਛਲੀ ਵਾਰ 2021 ਵਿੱਚ ਹੋਈਆਂ ਫ਼ੈਡਰਲ ਚੋਣਾਂ ਵਿੱਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ ਤੇ 17 ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ’ਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿੱਚ ਕ੍ਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ ਪਾਰਟੀ ਦੇ 28, ਨਿਊ ਡੈਮੋਕ੍ਰੈਟਿਕ ਪਾਰਟੀ ਦੇ 10, ਗਰੀਨ ਪਾਰਟੀ ਦੇ 8 ਤੇ ਦੋ ਆਜ਼ਾਦ ਸਨ। ਇਨ੍ਹਾਂ ਵਿੱਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ ਤੇ 16 ਦਸਤਾਰਧਾਰੀਆਂ ਵਿੱਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। ਬਾਰਾਂ ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀ ਕੈਨੇਡੀਅਨਾਂ ਨੇ ਚੋਣ ਲੜੀ ਸੀ ਜਿਨ੍ਹਾਂ ’ਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ ’ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ।



# ਜੋ ਬਿਨਾਂ ਵੀਜ਼ੇ ਪਾਰ ਕਰ ਗਏ ਸੱਤ ਸਮੁੰਦਰ...

# ਵਿਦੇਸ਼ਾਂ ਦੇ ਸਖ਼ਤ ਕਾਨੂੰਨ ਵੀ ਨਾ ਰੋਕ ਸਕੇ ਗ਼ੈਰ ਕਾਨੂੰਨੀ ਪਰਵਾਸ ਨੂੰ

## ਮਨੁੱਖੀ ਤਸਕਰੀ ਕਰਨ ਵਾਲੇ ਸਮੂਹਾਂ ਨੇ ਸਥਾਪਿਤ ਕੀਤਾ ਪੂਰਾ ਉਦਯੋਗ

## ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਰਹਿਣ 'ਚ ਤੀਜੇ ਨੰਬਰ 'ਤੇ ਹਨ ਭਾਰਤੀ

**ਜਗਮੋਹਨ ਸਿੰਘ ਲੱਕੀ**

ਅਮਰੀਕਾ, ਕੈਨੇਡਾ, ਯੂ.ਕੇ., ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਹੋਰ ਪੱਛਮੀ ਮੁਲਕਾਂ ਨੇ ਗ਼ੈਰ ਕਾਨੂੰਨੀ ਪਰਵਾਸੀਆਂ ਲਈ ਆਪਣੇ ਦੇਸ਼ਾਂ ਦੇ ਬੂਹੇ ਬੰਦ ਕਰ ਦਿੱਤੇ ਹਨ ਅਤੇ ਸਰਹੱਦਾਂ ਪੂਰੀ ਤਰ੍ਹਾਂ ਸੀਲ ਕਰ ਦਿੱਤੀਆਂ ਹਨ ਪਰ ਭਾਰਤ ਸਮੇਤ ਵੱਖ- ਵੱਖ ਮੁਲਕਾਂ ਦੇ ਲੋਕਾਂ ਵਿੱਚ ਅਜੇ ਵੀ ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਦਾ ਮੋਹ ਘੱਟ ਨਹੀਂ ਹੋਇਆ। ਜਿਸ ਕਰਕੇ ਅਜੇ ਵੀ ਵੱਡੀ ਗਿਣਤੀ ਲੋਕ ਕਿਸੇ ਨਾ ਕਿਸੇ ਤਰੀਕੇ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ 'ਚ ਜਾਣ ਲਈ ਹਰ ਤਰੀਕਾ ਅਪਨਾਅ ਰਹੇ ਹਨ। ਭਾਵੇਂ ਬੀਤੇ ਸਮੇਂ ਦੌਰਾਨ ਟਰੰਪ ਦੇ ਹੁਕਮਾਂ ਨਾਲ ਅਮਰੀਕਾ ਰਹਿੰਦੇ ਸੈਂਕੜੇ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਭਾਰਤ ਭੇਜਿਆ ਵੀ ਜਾ ਚੁੱਕਿਆ ਹੈ। ਇਸ ਦੇ ਬਾਵਜੂਦ ਅਮਰੀਕਾ ਜਾਣ ਲਈ ਵੱਡੀ ਗਿਣਤੀ ਭਾਰਤੀ ਤਿਆਰ ਬੈਠੇ ਹਨ।

ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ ਇੱਕੋ ਸਿੱਕੇ ਦੇ ਦੋ ਪਾਸੇ ਹਨ। ਜਿੱਥੇ ਵੱਡੀ ਗਿਣਤੀ ਪੰਜਾਬੀ ਜਾਇਜ਼ ਤਰੀਕਿਆਂ ਨਾਲ ਪਰਵਾਸ ਕਰਕੇ ਪੰਜਾਬ ਨੂੰ ਛੱਡ ਦੇ ਵਿਦੇਸ਼ਾਂ 'ਚ ਜਾ ਰਹੇ ਹਨ, ਉਥੇ ਵੱਡੀ ਗਿਣਤੀ ਪੰਜਾਬੀ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਵੀ ਮਜਬੂਰ ਹਨ। ਯੂ.ਐਨ.ਓ. ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿਚੋਂ ਹਰ ਸਾਲ 20 ਹਜ਼ਾਰ ਤੋਂ ਵੱਧ ਵਿਅਕਤੀ ਯੂਰਪੀ ਮੁਲਕਾਂ ਨੂੰ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਪਰਵਾਸ ਕਰਨ ਲਈ ਤਿਆਰ ਰਹਿੰਦੇ ਹਨ। ਪੰਜਾਬ ਵਿਚੋਂ ਗ਼ੈਰ ਕਾਨੂੰਨੀ ਪਰਵਾਸ ਰੋਕਣ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਲਈ ਨਿਪੁੰਨ ਬਣਾਉਣ ਦੇ ਮਾਮਲੇ ਵਿੱਚ ਸੂਬੇ ਦੀ ਕਾਰਗੁਜ਼ਾਰੀ ਅਜੇ ਫਿੱਕੀ ਨਜ਼ਰ ਆ ਰਹੀ ਹੈ। ਪੰਜਾਬ ਸਰਕਾਰ ਨੇ ਕਾਗ਼ਜ਼ਾਂ ਦਾ 'ਢਿੱਡ' ਭਰਨ ਲਈ ਤਾਂ ਕਾਫ਼ੀ ਭੱਜ -ਨੱਠ ਕੀਤੀ ਹੈ ਪਰ ਇਸ ਨੂੰ ਅਮਲੀ ਜਾਮਾ ਪਹਿਨਾਏ ਜਾਣ ਦੀ ਲੋੜ ਹੈ, ਨਹੀਂ ਤਾਂ ਗ਼ੈਰ ਕਾਨੂੰਨੀ ਪਰਵਾਸ ਹੋਰ ਪਤਾ ਨਹੀਂ ਕਿੰਨੀਆਂ ਮਾਵਾਂ ਦੀਆਂ ਕੁੱਖਾਂ ਸੁੰਨੀਆਂ ਕਰ ਦੇਵੇ।

ਇੱਕ ਰਿਪੋਰਟ ਮੁਤਾਬਕ ਪਿਛਲੇ 20 ਸਾਲਾਂ ਦੌਰਾਨ ਮਨੁੱਖੀ ਤਸਕਰੀ ਕਰਨ ਵਾਲੇ ਸਮੂਹਾਂ ਨੇ ਇੱਕ ਪੂਰਾ ਉਦਯੋਗ ਸਥਾਪਿਤ ਕਰ ਲਿਆ ਹੈ। ਇਹਨਾਂ ਦਾ ਨੈਟਵਰਕ ਏਨਾ ਜ਼ਿਆਦਾ ਮਜ਼ਬੂਤ ਹੁੰਦਾ ਹੈ ਕਿ ਇਹ ਹਮੇਸ਼ਾ ਪੁਲਿਸ ਅਤੇ ਸਰਕਾਰ ਤੋਂ ਬਚੇ ਰਹਿੰਦੇ ਹਨ। ਇਹ ਅਕਸਰ ਆਪਣੀ ਪਹਿਚਾਣ ਵੀ ਬਦਲਦੇ ਰਹਿੰਦੇ ਹਨ ਅਤੇ ਵੱਖ- ਵੱਖ ਮੁਲਕਾਂ ਵਿੱਚ ਵੱਖ- ਵੱਖ ਨਾਂਵਾਂ ਹੇਠ ਆਪਣਾ ਮਨੁੱਖੀ ਤਸਕਰੀ ਦਾ ਕੰਮ ਧੰਦਾ ਚਲਾਉਂਦੇ ਹਨ। ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਨੂੰ ਜਦੋਂ ਜਾਇਜ਼ ਤਰੀਕੇ ਨਾਲ ਵੀਜ਼ਾ ਨਹੀਂ ਮਿਲਦਾ ਤਾਂ ਉਹ ਇਹਨਾਂ ਮਨੁੱਖੀ ਤਸਕਰਾਂ ਦੇ ਜਾਲ ਵਿੱਚ ਫਸ ਜਾਂਦੇ ਹਨ ਅਤੇ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਠੱਗ ਏਜੰਟ ਅਕਸਰ ਮੋਟੀ ਕਮਾਈ ਕਰਨ ਦੇ ਲਾਲਚ ਵਿੱਚ ਆਮ ਭੋਲੇ ਭਾਲੇ ਪੰਜਾਬੀਆਂ ਨੂੰ ਅਮਰੀਕਾ ਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਭੇਜਣ ਦਾ ਸੁਪਨਾ ਦਿਖਾ ਕੇ ਜਹਾਜ਼ ਚੜ੍ਹਾ ਕੇ ਅਜਿਹੇ ਮੁਲਕਾਂ ਵਿੱਚ ਭੇਜ ਦਿੰਦੇ ਹਨ, ਜਿਨ੍ਹਾਂ ਮੁਲਕਾਂ ਦਾ ਇਹਨਾਂ ਪੰਜਾਬੀਆਂ ਨੇ ਪਹਿਲਾਂ ਕਦੇ ਨਾਮ ਵੀ ਨਹੀਂ ਸੁਣਿਆ ਹੁੰਦਾ ਅਤੇ ਇਹ ਪੰਜਾਬੀ ਉਥੇ ਪੈਸੇ ਅਤੇ ਭਾਸ਼ਾ ਦੀ ਸਮੱਸਿਆ ਕਾਰਨ ਆਪਣਾ ਪੱਖ ਨਹੀਂ ਦਸ ਸਕਦੇ, ਜਿਸ ਕਾਰਨ ਅਨੇਕਾਂ ਪੰਜਾਬੀ ਬੇਗਾਨੇ ਮੁਲਕਾਂ ਦੀ ਜੇਲ੍ਹਾਂ ਵਿੱਚ ਰੁਲਦੇ ਰਹਿੰਦੇ ਹਨ।

(ਬਾਕੀ ਸਫ਼ਾ 30 'ਤੇ)



## ਗ਼ੈਰ ਕਾਨੂੰਨੀ ਪਰਵਾਸ ਦੇ ਕਾਰਨ

ਗ਼ੈਰ ਕਾਨੂੰਨੀ ਪਰਵਾਸ ਦੇ ਅਨੇਕਾਂ ਕਾਰਨ ਹਨ। ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸਿਰਫ਼ ਪੰਜਾਬੀ ਹੀ ਗ਼ੈਰ ਕਾਨੂੰਨੀ ਪਰਵਾਸ ਨਹੀਂ ਕਰਦੇ ਸਗੋਂ ਭਾਰਤ ਦੇ ਹੋਰਨਾਂ ਸੂਬਿਆਂ ਦੇ ਲੋਕ ਵੀ ਗ਼ੈਰ ਕਾਨੂੰਨੀ ਪਰਵਾਸ ਕਰਦੇ ਹਨ ਪਰ ਪੰਜਾਬੀਆਂ ਦੀ ਗਿਣਤੀ ਗ਼ੈਰ ਕਾਨੂੰਨੀ ਪਰਵਾਸ ਕਰਨ ਵਾਲਿਆਂ ਵਿੱਚ ਕਾਫ਼ੀ ਹੁੰਦੀ ਹੈ। ਅਸਲ ਵਿੱਚ ਜਦੋਂ ਅਨੇਕਾਂ ਪੰਜਾਬੀਆਂ ਨੂੰ ਕਿਸੇ ਕਾਰਨ ਅਮਰੀਕਾ ਜਾਂ ਕੈਨੇਡਾ ਜਾਂ ਕਿਸੇ ਵੱਡੇ ਮੁਲਕ ਦਾ ਵੀਜ਼ਾ ਨਹੀਂ ਮਿਲਦਾ ਤਾਂ ਉਹ ਗ਼ੈਰ ਕਾਨੂੰਨੀ ਪਰਵਾਸ ਕਰਨ ਨੂੰ ਤਰਜੀਹ ਦਿੰਦੇ ਹਨ। ਪੰਜਾਬ ਵਿੱਚ ਹੁਣ ਇਹ ਰਿਵਾਜ ਹੀ ਪੈ ਗਿਆ ਹੈ ਕਿ ਪੰਜਾਬ ਵਿੱਚ ਰਹਿਣ ਦੀ ਥਾਂ ਹਰ ਪੰਜਾਬੀ ਪਰਵਾਸ ਕਰਕੇ ਵਿਦੇਸ਼ ਜਾਣਾ ਚਾਹੁੰਦਾ ਹੈ, ਇਸੇ ਕਰਕੇ ਪੰਜਾਬ ਦੇ ਲੋਕ ਵਿਦੇਸ਼ ਜਾ ਰਹੇ ਹਨ। ਪੰਜਾਬ ਵਿੱਚ ਰੁਜ਼ਗਾਰ ਦੀ ਘਾਟ, ਹਰ ਪਾਸੇ ਫੈਲੇ ਨਸ਼ੇ, ਅਮਨ ਕਾਨੂੰਨ ਦੀ ਸਥਿਤੀ, ਨਵੰਬਰ ਮਹੀਨੇ ਦੌਰਾਨ ਪੰਜਾਬ ਵਿੱਚ ਹਰ ਪਾਸੇ ਫੈਲਦਾ ਪਰਾਲੀ ਦਾ ਧੂੰਆਂ, ਖ਼ੂਨ ਪੀਣੀਆਂ ਸੜਕਾਂ, ਆਪੋਧਾਪੀ ਦਾ ਮਾਹੌਲ, ਈਰਖ਼ਾਬਾਜ਼ੀ, ਆਪਸੀ ਸਾੜਾ, ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ, ਪੰਜਾਬ 'ਚ ਮਿਹਨਤਾਂ ਦਾ ਮੁੱਲ ਨਾ ਪੈਣਾ ਵਰਗੇ ਅਜਿਹੇ ਕਾਰਨ ਹਨ, ਜਿਨ੍ਹਾਂ ਕਰਕੇ ਪੰਜਾਬੀ ਪੰਜਾਬ ਨੂੰ ਬੇਦਾਵਾ ਦੇ ਰਹੇ ਹਨ। ਇਸ ਤੋਂ ਇਲਾਵਾ ਕਈ ਸਾਲ ਪਹਿਲਾਂ ਵਿਦੇਸ਼ ਗਈ ਪੰਜਾਬੀਆਂ ਵੱਲੋਂ ਆਪਣੇ ਪਿੰਡਾਂ ਵਿੱਚ ਪਾਈਆਂ ਗਈਆਂ ਆਲੀਸ਼ਾਨ ਕੋਠੀਆਂ, ਮਹੱਲਾਂ ਵਰਗੇ ਘਰਾਂ ਨੂੰ ਵੇਖ ਕੇ ਅਤੇ ਐਨ.ਆਰ.ਆਈ. ਪੰਜਾਬੀਆਂ ਦੀ ਸ਼ਾਨੋ ਸ਼ੌਕਤ ਵੇਖ ਕੇ ਆਮ ਪੰਜਾਬੀ ਵੀ ਵਿਦੇਸ਼ ਜਾਣ ਨੂੰ ਤਰਜੀਹ ਦਿੰਦੇ ਹਨ। ਕੈਨੇਡਾ ਅਤੇ ਅਮਰੀਕਾ ਪੰਜਾਬੀਆਂ ਦੀ ਪਹਿਲੀ ਪਸੰਦ ਹਨ ਅਤੇ ਪੰਜਾਬੀ ਹਰ ਤਰੀਕਾ ਵਰਤ ਕੇ ਇਹਨਾਂ ਮੁਲਕਾਂ ਵਿੱਚ ਜਾਣਾ ਚਾਹੁੰਦੇ ਹਨ। ਵਿਦੇਸ਼ ਜਾਣ ਲਈ ਜਦੋਂ ਅਨੇਕਾਂ ਪੰਜਾਬੀਆਂ ਨੂੰ ਜਾਇਜ਼ ਰਸਤਾ ਨਹੀਂ ਮਿਲਦਾ ਤਾਂ ਉਹ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਮਜਬੂਰ ਹੁੰਦੇ ਹਨ।

**ਵਿਦੇਸ਼ੀ ਧਰਤੀ ਦੀ ਖਿੱਚ, ਡਾਲਰਾਂ ਅਤੇ ਪੌਂਡਾਂ ਦੀ ਚਮਕ ਹੀ ਅਜਿਹੀ ਹੈ, ਕਿ ਵੱਡੀ ਗਿਣਤੀ ਪੰਜਾਬੀ ਵਿਦੇਸ਼ ਜਾਣ ਲਈ ਹਰ ਤਰੀਕਾ ਅਪਨਾਉਣ ਲਈ ਤਿਆਰ ਰਹਿੰਦੇ ਹਨ। ਇਹਨਾਂ ਪੰਜਾਬੀਆਂ ਨੂੰ ਹਰ ਸਮੇਂ ਡਾਲਰਾਂ ਤੇ ਪੌਂਡਾਂ ਦੇ ਬਦਲੇ ਮਿਲਦੇ ਭਾਰਤੀ ਨੋਟ ਦਿਖਾਈ ਦਿੰਦੇ ਹਨ ਅਤੇ ਇਹ ਪੰਜਾਬੀ ਹਮੇਸ਼ਾ ਇਸੇ ਹਿਸਾਬ ਕਿਤਾਬ ਵਿੱਚ ਲੱਗੇ ਰਹਿੰਦੇ ਹਨ ਕਿ ਉਹਨਾਂ ਵੱਲੋਂ ਵਿਦੇਸ਼ਾਂ ਵਿੱਚ ਕਮਾਏ ਡਾਲਰਾਂ ਦੇ ਪੰਜਾਬ ਵਿੱਚ ਕਿੰਨੇ ਰੁਪਏ ਬਣ ਜਾਣਗੇ ?**



## ਅਮਰੀਕਾ 'ਚ ਗ਼ੈਰ ਕਾਨੂੰਨੀ ਭਾਰਤੀਆਂ ਦੀ ਗਿਣਤੀ



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸੈਂਕੜੇ ਗ਼ੈਰਕਾਨੂੰਨੀ ਭਾਰਤੀਆਂ ਨੂੰ ਵਾਪਸ ਭਾਰਤ ਭੇਜਣ ਤੋਂ ਬਾਅਦ ਵੀ ਅਮਰੀਕਾ ਵਿੱਚ ਲੱਖਾਂ ਦੀ ਗਿਣਤੀ ਵਿੱਚ ਗ਼ੈਰ ਦਸਤਾਵੇਜ਼ੀ ਭਾਰਤੀ ਰਹਿੰਦੇ ਹਨ। ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਬਾਰੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆ ਚੁੱਕੇ ਹਨ। ਕੁਝ ਸਮਾਂ ਪਹਿਲਾਂ ਜਾਰੀ ਹੋਈ ਪਿਊ ਰਿਸਰਚ ਦੀ ਰਿਪੋਰਟ ਅਨੁਸਾਰ, ਅਮਰੀਕਾ ਵਿੱਚ 725,000 ਗ਼ੈਰ-ਕਾਨੂੰਨੀ ਭਾਰਤੀ ਰਹਿੰਦੇ ਹਨ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ, ਭਾਰਤੀ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿਣ ਵਾਲੀ ਤੀਜੀ ਸਭ ਤੋਂ ਵੱਡੀ ਆਬਾਦੀ ਹਨ।

ਖੋਜ ਵਿੱਚ ਕਿਹਾ ਗਿਆ ਹੈ ਕਿ 2021 ਤੱਕ, ਦੇਸ਼ ਦੇ 10.5 ਮਿਲੀਅਨ ਅਣਅਧਿਕਾਰਤ ਪ੍ਰਵਾਸੀ ਕੁੱਲ ਅਮਰੀਕੀ ਆਬਾਦੀ ਦਾ ਲਗਭਗ ਤਿੰਨ ਪ੍ਰਤੀਸ਼ਤ ਅਤੇ ਵਿਦੇਸ਼ਾਂ ਵਿੱਚ ਜਨਮੀ ਆਬਾਦੀ ਦਾ 22 ਪ੍ਰਤੀਸ਼ਤ ਹਨ। 2021 ਵਿੱਚ ਦੇਸ਼ ਦੇ ਅਣਅਧਿਕਾਰਤ ਪ੍ਰਵਾਸੀਆਂ ਵਿੱਚੋਂ ਮੈਕਸੀਕੋ 39 ਪ੍ਰਤੀਸ਼ਤ ਸੀ, ਜਿਨ੍ਹਾਂ ਦੀ ਗਿਣਤੀ ਲਗਭਗ 4.1 ਮਿਲੀਅਨ ਸੀ, ਇਸ ਤੋਂ ਬਾਅਦ ਐਲ ਸੈਲਵੇਡੋਰ (800,000), ਭਾਰਤ (725,000) ਅਤੇ ਗੁਆਟੇਮਾਲਾ (700,000) ਆਉਂਦੇ ਹਨ।

ਜਦੋਂ ਕਿ 2017 ਤੋਂ 2021 ਤੱਕ ਮੈਕਸੀਕੋ ਤੋਂ ਆਉਣ ਵਾਲਿਆਂ ਦੀ ਗਿਣਤੀ 900,000 ਘੱਟ ਗਈ, ਉਸੇ ਸਮੇਂ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। 2021 ਵਿੱਚ, ਇਹ ਆਬਾਦੀ 6.4 ਮਿਲੀਅਨ ਸੀ, ਜੋ ਕਿ 2017 ਨਾਲੋਂ 900,000 ਵੱਧ ਹੈ। ਭਾਰਤ, ਬ੍ਰਾਜ਼ੀਲ, ਕੈਨੇਡਾ ਅਤੇ ਸਾਬਕਾ ਸੋਵੀਅਤ ਯੂਨੀਅਨ ਦੇ ਦੇਸ਼ਾਂ ਨੇ 2017 ਤੋਂ 2021 ਤੱਕ ਵਾਧਾ ਦੇਖਿਆ। ਅਕਤੂਬਰ 2022 ਤੋਂ ਸਤੰਬਰ 2023 ਤੱਕ, 96,917 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਵਿੱਚ ਦਾਖਲ ਹੋਣ 'ਤੇ ਫੜੇ ਗਏ।

(ਬਾਕੀ ਸਫ਼ਾ 30 'ਤੇ)

## ਮਾਲਟਾ ਕਾਂਡ ਵੀ ਨਹੀਂ ਰੋਕ ਸਕਿਆ ਗ਼ੈਰ ਕਾਨੂੰਨੀ ਪਰਵਾਸ ਨੂੰ

ਮਾਲਟਾ ਕਾਂਡ ਇੱਕ ਤ੍ਰਾਸਦੀ ਸੀ, ਜੋ ਸਦੀਆਂ ਤੱਕ ਭੁਲਾਈ ਨਹੀਂ ਜਾ ਸਕਦੀ। 25 ਦਸੰਬਰ 1996 ਨੂੰ ਕ੍ਰਿਸਮਿਸ ਵਾਲੇ ਦਿਨ ਮਾਲਟਾ ਕਾਂਡ ਵਾਪਰਿਆ ਸੀ ਜਿਸ ਵਿੱਚ 280 ਦੇ ਕਰੀਬ ਨੌਜਵਾਨਾਂ ਦੀ ਸਮੁੰਦਰ 'ਚ ਡੁੱਬਣ ਕਾਰਨ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚੋਂ 52 ਪੰਜਾਬੀ ਸਨ, ਜੋ ਗ਼ੈਰ ਕਾਨੂੰਨੀ ਢੰਗ ਨਾਲ ਸਮੁੰਦਰੀ ਰਸਤੇ ਇਟਲੀ ਜਾ ਰਹੇ ਸਨ। ਠੱਗ ਟਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਦਿੱਤਾ ਸੀ। ਮਾਲਟਾ ਇੱਕ ਟਾਪੂ ਹੈ ਜੋ ਇਟਲੀ ਤੋਂ 80 ਕਿਲੋਮੀਟਰ ਦੂਰ ਹੈ, 5 ਲੱਖ ਦੀ ਆਬਾਦੀ ਵਾਲਾ ਇਹ ਛੋਟਾ ਜਿਹਾ ਮੁਲਕ ਯੂਰਪ ਤੇ ਅਫ਼ਰੀਕਾ ਦੇ ਵਿਚਕਾਰ ਹੋਣ ਕਰਕੇ ਸਮੁੰਦਰੀ ਜਹਾਜ਼ਾਂ ਦਾ ਅਹਿਮ ਟਿਕਾਣਾ ਹੈ। ਇੱਥੋਂ ਹੀ ਰੋਮ ਸਾਗਰ ਪਾਰ ਕਰਕੇ ਜ਼ਿਆਦਾਤਰ ਏਸ਼ੀਆਈ ਤੇ ਅਫ਼ਰੀਕੀ ਲੋਕ ਗ਼ੈਰਕਨੂੰਨੀ ਢੰਗ ਨਾਲ ਯੂਰੋਪ ਪਹੁੰਚਦੇ ਹਨ। ਇਹ ਮਨੁੱਖੀ ਤਸਕਰੀ ਦੇ ਰਾਹ ਲਈ ਬਦਨਾਮ ਹੈ ਮਾਲਟਾ ਕਾਂਡ ਵਾਪਰੇ ਨੂੰ ਕਈ ਸਾਲ ਬੀਤ ਚੁੱਕੇ ਹਨ, ਇਸ ਕਾਂਡ ਨੇ ਭਾਵੇਂ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਪਰ ਮਾਲਟਾ ਕਾਂਡ ਵੀ ਪੰਜਾਬੀਆਂ ਦੇ ਗ਼ੈਰ ਕਾਨੂੰਨੀ ਪਰਵਾਸ ਨੂੰ ਨਹੀਂ ਰੋਕ ਸਕਿਆ।







# ਜਦੋਂ ਛਮ ਛਮ ਰੋ ਪਈ ਕਸ਼ਮੀਰ ਵਾਦੀ...

# ਕੁਦਰਤੀ ਸੁੰਦਰਤਾ ਨੂੰ ਲੱਗਿਆ ਹਿੰਸਾ ਦਾ ਗ੍ਰਹਿਣ

ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪੂਰੀ ਕਸ਼ਮੀਰ ਵਾਦੀ ਛਮ ਛਮ ਕਰਕੇ ਰੋ ਪਈ। ਕੁਦਰਤੀ ਸੁੰਦਰਤਾ ਕਾਰਨ ਭਾਰਤ ਦਾ 'ਮਿੰਨੀ ਸਵਿਟਜ਼ਰਲੈਂਡ' ਕਹੇ ਜਾਂਦੇ ਪਾਰਕ ਵਿੱਚ ਕਸ਼ਮੀਰੀਅਤ ਦਾ ਕਤਲੇਆਮ ਹੋਣ 'ਤੇ ਝਣਾਂ, ਜਿਹਲਮ, ਰਾਵੀ ਤੇ ਸਿੰਧੂ ਦਰਿਆਵਾਂ ਨੇ ਵੀ ਵੈਣ ਪਾਉਣੇ ਸ਼ੁਰੂ ਕਰ ਦਿੱਤੇ। ਇਹਨਾਂ ਦਰਿਆਵਾਂ ਵਿੱਚ ਆਮ ਪਾਣੀ ਦੀ ਥਾਂ ਹੰਝੂਆਂ ਦੀਆਂ ਧਾਰਾਵਾਂ ਵਹਿਣ ਲੱਗ ਪਈਆਂ। ਕਸ਼ਮੀਰ ਦੇ ਅਸਮਾਨ ਛੂੰਹਦੇ ਪਹਾੜ ਗੂੰਗੇ-ਬੋਲੇ ਹੋ ਗਏ। ਵੱਖ-ਵੱਖ ਕਿਸਮਾਂ ਦੇ ਦਰਖ਼ਤਾਂ ਦੀਆਂ ਟਾਹਣੀਆਂ ਅਤੇ ਪੱਤਿਆਂ ਨਾਲ ਖਹਿ ਖਹਿ ਕੇ ਰੁਮਕਦੀ ਸਿੱਲੀ ਸਿੱਲੀ ਹਵਾ ਵਿੱਚ ਬਾਰੂਦ ਦੀ ਮਹਿਕ ਭਰ ਗਈ। ਡੱਲ ਝੀਲ ਵਿੱਚ ਮੌਜੂਦ ਸ਼ਿਕਾਰਿਆਂ ਵਿੱਚ ਖ਼ੌਫ਼ ਤੇ ਸਹਿਮ ਪਸਰ ਗਿਆ।

ਹੈਰਾਨੀ ਦੀ ਗੱਲ ਹੈ ਕਿ ਸੈਟੇਲਾਈਟ ਸਿਸਟਮ, ਡਰੋਨ ਤੇ ਹੋਰ ਆਧੁਨਿਕ ਟੈਕਨਾਲੌਜੀ ਦੇ ਹੁੰਦਿਆਂ ਅਤੇ ਕਸ਼ਮੀਰ ਵਿੱਚ ਚੱਪੇ ਚੱਪੇ 'ਤੇ ਭਾਰਤੀ ਫ਼ੌਜ ਤੈਨਾਤ ਹੋਣ ਦੇ ਬਾਵਜੂਦ ਇਹ ਹਮਲਾ ਹੋ ਗਿਆ, ਜੋ ਕਈ ਸਵਾਲ ਖੜੇ ਕਰਦਾ ਹੈ। ਕੁਝ ਦਹਾਕਿਆਂ ਤੋਂ ਅੱਤਵਾਦ ਦੀ ਅੱਗ ਵਿੱਚ ਸੜ ਰਹੇ ਕਸ਼ਮੀਰ ਵਿੱਚ ਹੁਣ ਇੱਕ ਦਹਾਕੇ ਤੋਂ ਹਾਲਾਤ ਕੁੱਝ ਸੁਖਾਵੇਂ ਹੋਣ ਲੱਗੇ ਸਨ ਅਤੇ ਅੱਤਵਾਦੀ ਘਟਨਾਵਾਂ ਵਿੱਚ ਕਮੀ ਆਉਣ ਕਾਰਨ ਕਸ਼ਮੀਰ ਦਾ ਸੈਰ ਸਪਾਟਾ ਉਦਯੋਗ ਕਾਫ਼ੀ ਤਰੱਕੀ ਕਰ ਰਿਹਾ ਸੀ, ਜਿਸ ਕਰਕੇ ਕਸ਼ਮੀਰ ਦੀ ਆਰਥਿਕਤਾ ਮਜ਼ਬੂਤ ਹੋ ਰਹੀ ਸੀ। ਇੱਥੇ ਸਭ ਕੁਝ ਠੀਕ ਚੱਲ ਰਿਹਾ ਸੀ ਕਿ ਕਿਸੇ ਚੰਦਰੇ ਦੀ ਕਸ਼ਮੀਰ ਦੀ ਸੁੰਦਰਤਾ ਨੂੰ ਬੁਰੀ ਨਜ਼ਰ ਲੱਗ ਗਈ। ਆਰਥਿਕ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਣ ਦਾ ਯਤਨ ਕਰ ਰਿਹਾ ਕਸ਼ਮੀਰ ਪਹਿਲਗਾਮ ਅੱਤਵਾਦੀ ਘਟਨਾ ਕਾਰਨ ਇੱਕ ਦਮ ਹੀ ਕਈ ਸਾਲ ਪਿੱਛੇ ਜਾ ਪਿਆ। ਕੁਝ ਦਿਨ ਪਹਿਲਾਂ ਹੀ ਸੁੰਦਰ ਸ਼ਹਿਰ ਪਹਿਲਗਾਮ ਸੈਲਾਨੀਆਂ ਨਾਲ ਭਰਿਆ ਹੋਇਆ ਸੀ ਪਰ ਹੁਣ ਇਥੇ ਦਾ ਹਰ ਇਲਾਕਾ ਸੁੰਨਸਾਨ ਹੈ। ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨੇ ਧਰਤੀ ਉੱਤੇ ਸਵਰਗ ਕਹੇ ਜਾਂਦੇ ਕਸ਼ਮੀਰ ਦੇ ਭਵਿੱਖ ਦੀ ਤਸਵੀਰ ਨੂੰ ਬਹੁਤ ਧੁੰਦਲਾ ਕਰ ਦਿੱਤਾ ਹੈ। ਜਿਵੇਂ ਹੀ ਹਮਲੇ ਦੀ ਖ਼ਬਰ ਫੈਲੀ, ਸੈਰ-ਸਪਾਟਾ ਉਦਯੋਗ ਦੇ ਢਹਿ ਜਾਣ ਬਾਰੇ ਭਿਆਨਕ ਸੁਨੇਹੇ ਆਉਣੇ ਸ਼ੁਰੂ ਹੋ ਗਏ। ਇਸ ਸਮੇਂ ਅਰਥਵਿਵਸਥਾ ਦੇ ਸਾਰੇ ਇੰਡੀਕੇਟਰ ਰੈੱਡ ਸਿਗਨਲ ਦੇ ਰਹੇ ਹਨ। ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਪ੍ਰਭਾਵ ਨਾ ਸਿਰਫ਼ ਸਮਾਜਿਕ ਅਤੇ ਭਾਵਨਾਤਮਕ ਪੱਧਰ 'ਤੇ ਪਿਆ, ਸਗੋਂ ਇਸ ਦਾ ਸਿੱਧਾ ਪ੍ਰਭਾਵ ਜੰਮੂ-ਕਸ਼ਮੀਰ ਦੀ ਆਰਥਿਕਤਾ 'ਤੇ ਵੀ ਦੇਖਿਆ ਜਾ ਰਿਹਾ ਹੈ। ਸੈਲਾਨੀ ਆਪਣੀਆਂ ਗਰਮੀਆਂ ਦੀਆਂ ਯਾਤਰਾਵਾਂ ਰੱਦ ਕਰ ਰਹੇ ਹਨ ਅਤੇ ਨਿਵੇਸ਼ਕਾਂ ਨੇ ਆਪਣੀਆਂ ਯੋਜਨਾਵਾਂ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਸੈਰ-ਸਪਾਟਾ ਅਤੇ ਨਿਵੇਸ਼ ਦੋਵੇਂ ਹੀ ਰਾਜ ਦੀ ਆਰਥਿਕ ਤਰੱਕੀ ਲਈ ਮਹੱਤਵਪੂਰਨ ਥੰਮ੍ਹ ਹਨ। ਅਜਿਹੇ ਸਮੇਂ ਜਦੋਂ ਜੰਮੂ-ਕਸ਼ਮੀਰ ਦੀ ਆਰਥਿਕਤਾ ਰਫ਼ਤਾਰ ਫੜ ਰਹੀ ਹੈ, ਇਹ ਹਮਲਾ ਰਾਜ ਨੂੰ ਫਿਰ ਤੋਂ ਅਸਥਿਰ ਕਰ ਸਕਦਾ ਹੈ।

**ਸੈਰ ਸਪਾਟਾ ਉਦਯੋਗ ਹੈ ਜੰਮੂ-ਕਸ਼ਮੀਰ ਦੇ ਲੋਕਾਂ ਦੀ ਜੀਵਨ ਰੇਖਾ**

ਜੰਮੂ ਅਤੇ ਕਸ਼ਮੀਰ ਦੇ ਆਮ ਲੋਕਾਂ ਦੀ ਰੋਜ਼ੀ ਰੋਟੀ ਦਾ ਮੁੱਖ ਸਾਧਨ ਸੈਰ ਸਪਾਟਾ ਉਦਯੋਗ ਹੈ। ਅਸਲ ਵਿੱਚ ਵਿਸ਼ਵ ਭਰ ਵਿਚੋਂ ਆਉਣ ਵਾਲੇ ਸੈਲਾਨੀ ਹੀ ਜੰਮੂ ਕਸ਼ਮੀਰ ਦੀ ਜੀਵਨ ਰੇਖਾ ਹਨ। ਪਹਿਲਗਾਮ ਹਮਲੇ ਨਾਲ ਸੈਰ ਸਪਾਟਾ ਉਦਯੋਗ ਸਿੱਧਾ ਪ੍ਰਭਾਵਿਤ ਹੋਇਆ ਹੈ। ਗਰਮੀਆਂ ਲਈ ਬੁੱਕ ਕੀਤੀਆਂ ਹਜ਼ਾਰਾਂ ਯਾਤਰਾਵਾਂ ਰੱਦ ਕਰ ਦਿੱਤੀਆਂ ਗਈਆਂ ਹਨ। ਹੋਟਲ, ਗਾਈਡ, ਟੈਕਸੀ ਸੇਵਾਵਾਂ ਅਤੇ ਹੋਰ ਸਥਾਨਕ ਕਾਰੋਬਾਰਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਜੇਕਰ ਅਸੀਂ ਇਸ ਹਮਲੇ ਤੋਂ ਪਹਿਲਾਂ ਦੀ ਅਸਲ ਜੀ.ਡੀ.ਪੀ. ਵਿਕਾਸ ਦਰ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ ਸੁਹਾਵਣੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ। ਟਾਈਮਜ਼ ਆਫ਼ ਇੰਡੀਆ ਦੀ ਇੱਕ ਰਿਪੋਰਟ ਦੇ ਅਨੁਸਾਰ, 2012-13 ਵਿੱਚ ਇਹ 3.2% ਸੀ ਅਤੇ ਸਾਲ 2014-15 ਵਿੱਚ ਇਹ ਘਟਾ ਦਿੱਤਾ ਗਿਆ।

**ਸ਼ੁਰੂ ਹੋਏ ਵੱਡੇ ਪ੍ਰੋਜੈਕਟ ਹੋ ਸਕਦੇ ਹਨ ਠੱਪ**

ਜੰਮੂ ਅਤੇ ਕਸ਼ਮੀਰ ਨੇ ਵੀ ਹਾਲ ਹੀ ਵਿੱਚ ਨਿਵੇਸ਼ ਦੇ ਮਾਮਲੇ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਜੰਮੂ - ਕਸ਼ਮੀਰ ਵਿੱਚ 8,300 ਤੋਂ ਵੱਧ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਯੋਜਨਾਵਾਂ ਲਗਭਗ 1.63 ਲੱਖ ਕਰੋੜ ਰੁਪਏ ਦੀਆਂ ਸਨ ਅਤੇ 5.9 ਲੱਖ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਦੀ ਉਮੀਦ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਹਮਲੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਹਿਲਾ ਸਕਦੇ ਹਨ ਅਤੇ ਕੁਝ ਵੱਡੇ ਪ੍ਰੋਜੈਕਟ ਠੱਪ ਹੋ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਨਾ ਸਿਰਫ਼ ਰੁਜ਼ਗਾਰ ਦੇ ਮੌਕੇ ਘਟਾਏਗਾ ਬਲਕਿ ਰਾਜ ਲਈ ਬਣਾਏ ਜਾ ਰਹੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

**ਕਸ਼ਮੀਰ ਦੇ ਨਿਰਮਲ ਪਾਣੀਆਂ ਵਾਲੇ ਦਰਿਆ, ਅਸਮਾਨ ਛੂੰਹਦੇ ਪਹਾੜ ਅਤੇ ਪਹਾੜਾਂ 'ਤੇ ਬਰਫ਼ ਦੀ ਵਿਛੀ ਹੋਈ ਚਿੱਟੀ ਚਾਦਰ, ਕੁਦਰਤੀ ਸੁੰਦਰਤਾ, ਹਰਿਆ ਭਰਿਆ ਵਾਤਾਵਰਣ, ਸ਼ਾਂਤ ਵਹਿੰਦੀ ਸ਼ੁੱਧ ਹਵਾ ਇਸ ਦੀ ਜੀਵਨ ਰੇਖਾ ਹਨ ਅਤੇ ਧਰਤੀ ਦੇ ਇਸ ਸੁੰਦਰ ਹਿੱਸੇ ਦੁਆਰਾ ਸਹਿਣ ਕੀਤੇ ਗਏ ਦੁੱਖਾਂ ਦੇ ਗਵਾਹ ਵੀ ਹਨ। ਕਸ਼ਮੀਰ ਵਾਦੀ ਦੇ ਇਹਨਾਂ ਦਰਿਆਵਾਂ ਅਤੇ ਪਹਾੜਾਂ ਨੇ ਵੇਖਿਆ ਹੈ ਕਿ ਕਿਵੇਂ ਦੁਸ਼ਟ ਲੋਕਾਂ ਨੇ ਆਪਣੇ ਹੀ ਬੱਚਿਆਂ ਦੇ ਹੱਥਾਂ ਵਿੱਚ ਬੰਦੂਕਾਂ ਫੜਾ ਦਿੱਤੀਆਂ ਹਨ, ਪਰ ਹੁਣ ਇਨ੍ਹਾਂ ਨੂੰ ਲੱਗਦਾ ਹੈ ਕਿ ਇਸ ਸੁੰਦਰ ਜਗ੍ਹਾ ਨੂੰ ਘੇਰਨ ਵਾਲੀਆਂ ਬੁਰੀਆਂ ਨਜ਼ਰਾਂ ਦੀ ਪਛਾਣ ਕਰਨਾ ਜ਼ਰੂਰੀ ਹੈ।**

## ਕਸ਼ਮੀਰ ਵਾਦੀ ਦੀ ਆਰਥਿਕ ਰੀੜ੍ਹ ਦੀ ਹੱਡੀ 'ਤੇ ਪ੍ਰਭਾਵ



ਪਹਿਲਗਾਮ ਵਿੱਚ ਹੋਇਆ ਅੱਤਵਾਦੀ ਹਮਲਾ ਸਿਰਫ਼ ਛੁੱਟੀਆਂ ਮਨਾਉਣ ਆਏ ਸੈਲਾਨੀਆਂ 'ਤੇ ਹਮਲਾ ਨਹੀਂ ਹੈ, ਸਗੋਂ ਇਹ ਲਗਭਗ 2.5 ਲੱਖ ਕਸ਼ਮੀਰੀਆਂ ਦੀ ਰੋਜ਼ੀ-ਰੋਟੀ ਅਤੇ ਘਾਟੀ ਦੀ ਆਰਥਿਕਤਾ 'ਤੇ ਵੀ ਹਮਲਾ ਹੈ।

ਇਸ ਘਟਨਾ ਨੇ ਨਾ ਸਿਰਫ਼ ਸੈਲਾਨੀਆਂ ਦਾ ਵਿਸ਼ਵਾਸ ਤੋੜਿਆ ਹੈ, ਸਗੋਂ ਸੈਰ-ਸਪਾਟਾ ਉਦਯੋਗ, ਜਿਸ ਨੂੰ ਘਾਟੀ ਦੀ ਆਰਥਿਕ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ, ਨੂੰ ਵੀ ਡੂੰਘੇ ਸੰਕਟ ਵਿੱਚ ਪਾ ਦਿੱਤਾ ਹੈ। ਸੈਲਾਨੀਆਂ 'ਤੇ ਚਲਾਈ ਗਈ ਹਰ ਗੋਲੀ ਨੇ ਕਸ਼ਮੀਰ ਦੀ ਆਰਥਿਕਤਾ ਨੂੰ ਕਈ ਸਾਲ ਪਿੱਛੇ ਧੱਕ ਦਿੱਤਾ ਹੈ। ਕਸ਼ਮੀਰ ਵਿੱਚ ਸੈਲਾਨੀਆਂ ਅਤੇ ਉਥੋਂ ਦੇ ਵਸਨੀਕਾਂ ਦੀ ਸੁਰੱਖਿਆ ਹੁਣ ਸਭ ਤੋਂ ਵੱਡੀ ਚਿੰਤਾ ਹੈ। ਇਸ ਲਈ ਸਰਕਾਰ ਸਾਹਮਣੇ ਦੋਹਰੀ ਚੁਣੌਤੀ ਹੈ: ਸੈਰ-ਸਪਾਟੇ ਰਾਹੀਂ ਖੇਤਰ ਦੇ ਕਮਜ਼ੋਰ ਆਰਥਿਕ ਪੁਨਰ ਸੁਰਜੀਤੀ ਨੂੰ ਬਣਾਈ ਰੱਖਦੇ ਹੋਏ ਸੁਰੱਖਿਆ ਨੂੰ ਯਕੀਨੀ ਬਣਾਉਣਾ। ਇਸ ਦੌਰਾਨ, ਇੱਕ ਅਜਿਹਾ ਲੈਂਡਸਕੇਪ, ਜੋ ਕਦੇ ਸੈਲਾਨੀਆਂ ਦੇ ਹਾਸੇ ਨਾਲ ਗੂੰਜਦਾ ਸੀ, ਹੁਣ ਸਾਇਰਨ, ਚੌਕੀਆਂ ਅਤੇ ਅਨਿਸ਼ਚਿਤਤਾ ਨਾਲ ਭਰਿਆ ਹੋਇਆ ਹੈ। ਕੀ ਕਸ਼ਮੀਰ, ਇਸ ਤਾਜ਼ਾ ਦੁਖਾਂਤ ਤੋਂ ਉਭਰੇਗਾ? ਇਹ ਦੇਖਣਾ ਬਾਕੀ ਹੈ।

### ਪ੍ਰਧਾਨ ਮੰਤਰੀ ਵੱਲੋਂ ਰੱਖਿਆ ਮੰਤਰੀ, ਐਨ.ਐਸ.ਏ., ਸੀ.ਡੀ.ਐਸ. ਤੇ ਹਥਿਆਰਬੰਦ ਸੈਨਾਵਾਂ ਦੇ ਮੁਖੀਆਂ ਨਾਲ ਮੀਟਿੰਗ

# ਅਤਿਵਾਦ ਦੇ ਖ਼ਾਤਮੇ ਲਈ ਮੋਦੀ ਨੇ ਫ਼ੌਜ ਨੂੰ ਦਿੱਤੀ ਖੁੱਲ੍ਹੀ ਛੁੱਟੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਪਹਿਲਗਾਮ ਹਮਲੇ ਦੇ ਪਿਛੋਕੜ ਵਿੱਚ ਭਾਰਤ ਵੱਲੋਂ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਪੁਸ਼ਤਪਨਾਹ ਪਾਕਿਸਤਾਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦੇ ਲਾਏ ਜਾ ਰਹੇ ਕਿਆਸਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀਂ ਕਿਹਾ ਕਿ ਹਥਿਆਰਬੰਦ ਬਲਾਂ ਨੂੰ ਭਾਰਤ ਦੀ ਜਵਾਬੀ ਕਾਰਵਾਈ ਦਾ ਢੰਗ ਤਰੀਕਾ, ਟੀਚਾ ਤੇ ਸਮਾਂ ਨਿਰਧਾਰਤ ਕਰਨ ਦੀ ਪੂਰੀ ਖੁੱਲ੍ਹ ਹੈ।



ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਉੱਚ-ਪੱਧਰੀ ਸੁਰੱਖਿਆ ਮੀਟਿੰਗ ਦੌਰਾਨ ਕਿਹਾ ਕਿ 'ਅਤਿਵਾਦ ਨੂੰ ਕਰਾਰਾ ਝਟਕਾ ਦੇਣਾ ਸਾਡਾ ਕੌਮੀ ਅਹਿਦ ਹੈ।' ਸ੍ਰੀ ਮੋਦੀ ਨੇ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਅਹਿਮ ਮੀਟਿੰਗ ਤੋਂ ਪਹਿਲਾਂ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਪਾਕਿਸਤਾਨ ਵਿਰੁੱਧ ਅਗਲੀ ਕਾਰਵਾਈ ਦਾ ਫੈਸਲਾ ਕਰਨ ਲਈ ਫੌਜੀ ਅਤੇ ਸੁਰੱਖਿਆ ਸਥਾਪਨਾ ਨਾਲ ਜੁੜੇ ਅਧਿਕਾਰੀਆਂ ਨਾਲ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਰੱਖਿਆ ਸਟਾਫ ਦੇ ਮੁਖੀ ਜਨਰਲ ਅਨਿਲ ਚੌਹਾਨ ਸ਼ਾਮਲ ਹੋਏ। ਮੀਟਿੰਗ ਵਿੱਚ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ ਤ੍ਰਿਪਾਠੀ ਅਤੇ ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਵੀ ਸ਼ਿਰਕਤ ਕੀਤੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਸਾਡੇ ਕੋਲ ਬਹੁਤ ਘੱਟ ਸਮਾਂ ਹੈ ਅਤੇ ਬਹੁਤ ਵੱਡੇ ਟੀਚੇ ਹਨ।'

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਸੀ। ਇਹ ਮੀਟਿੰਗ ਚੀਫ਼ ਆਫ਼ ਡਿਫੈਂਸ ਸਟਾਫ ਅਨਿਲ ਚੌਹਾਨ ਵੱਲੋਂ ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਕੁਝ ਫੈਸਲਿਆਂ ਬਾਰੇ ਰੱਖਿਆ ਮੰਤਰੀ ਨੂੰ ਜਾਣਕਾਰੀ ਦੇਣ ਤੋਂ ਇੱਕ ਦਿਨ ਬਾਅਦ ਹੋਈ। ਪਹਿਲਗਾਮ ਦਹਿਸ਼ਤੀ ਹਮਲੇ ਵਿੱਚ 26 ਲੋਕ ਮਾਰੇ ਗਏ ਸਨ।

ਸਰਕਾਰ ਨੇ ਕਿਹਾ ਹੈ ਕਿ ਅੱਤਵਾਦੀ ਹਮਲੇ ਲਈ ਜ਼ਿੰਮੇਵਾਰ ਅੱਤਵਾਦੀਆਂ ਅਤੇ ਇਸ ਦੇ ਪਿੱਛੇ ਸਾਜ਼ਿਸ਼ ਰਚਣ ਵਾਲਿਆਂ ਨੂੰ ਸਖ਼ਤ ਸਜ਼ਾ ਮਿਲੇਗੀ। ਇਸ ਦੇ ਮੱਦੇਨਜ਼ਰ ਇਸ ਮੀਟਿੰਗ ਨੂੰ ਬਹੁਤ ਅਹਿਮ ਸਮਝਿਆ ਜਾ ਰਿਹਾ ਹੈ।

ਸਰਕਾਰ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇੱਕ ਸਰਬ-ਪਾਰਟੀ ਮੀਟਿੰਗ ਬੁਲਾਈ ਸੀ। ਵਿਰੋਧੀ ਪਾਰਟੀਆਂ ਨੇ ਅੱਤਵਾਦੀ ਹਮਲੇ ਦੇ ਦੋਸ਼ੀਆਂ ਵਿਰੁੱਧ ਸਰਕਾਰ ਵੱਲੋਂ ਕੀਤੀ ਗਈ ਕਿਸੇ ਵੀ ਕਾਰਵਾਈ ਲਈ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ ਹੈ।

# ਟਰੰਪ ਵੱਲੋਂ 2 ਕਰੋੜ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਐਲਾਨ

## ਅਮਰੀਕਾ ਨੂੰ 'ਫ਼ਿਰ ਤੋਂ ਮਹਾਨ' ਬਣਾਉਣ ਲਈ ਬੁਨਿਆਦੀ ਤਬਦੀਲੀਆਂ ਦਾ ਵਾਅਦਾ ਕੀਤਾ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੇ 100 ਦਿਨ ਪੂਰੇ ਹੋਣ ਵਾਲੇ ਹਨ। ਇਸ ਮੌਕੇ ਉਨ੍ਹਾਂ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਆਪਣੇ ਕਾਰਜਕਾਲ ਦੀਆਂ ਪ੍ਰਾਪਤੀਆਂ ਅਤੇ ਏਜੰਡੇ ਬਾਰੇ ਗੱਲ ਕੀਤੀ। ਟਰੰਪ ਨੇ ਅਮਰੀਕਾ ਨੂੰ 'ਫ਼ਿਰ ਤੋਂ ਮਹਾਨ' ਬਣਾਉਣ ਲਈ ਬੁਨਿਆਦੀ ਤਬਦੀਲੀਆਂ ਦਾ ਵਾਅਦਾ ਕੀਤਾ। ਇਸ ਵਿੱਚ ਆਰਥਿਕ ਸੁਧਾਰਾਂ, ਊਰਜਾ ਨੀਤੀ ਅਤੇ ਵਿਦੇਸ਼ੀ ਮਾਮਲਿਆਂ ਵਿੱਚ ਅਮਰੀਕਾ ਫ਼ਸਟ ਨੀਤੀ ਨੂੰ ਹੋਰ ਵਿਸਥਾਰ ਵਿੱਚ ਲਾਗੂ ਕਰਨਾ ਸ਼ਾਮਲ ਹੈ। ਟਰੰਪ ਨੇ ਆਪਣੇ ਇੰਟਰਵਿਊ ਵਿੱਚ ਹੇਠ ਲਿਖੇ ਮੁੱਖ ਮੁੱਦਿਆਂ 'ਤੇ ਗੱਲ ਕੀਤੀ।

**ਕਾਰਜਕਾਲ ਦੇ ਪਹਿਲੇ 100 ਦਿਨ:** ਟਰੰਪ ਨੇ ਕਿਹਾ ਕਿ ਇਤਿਹਾਸ ਵਿੱਚ ਸਭ ਤੋਂ ਮਹਾਨ ਰਾਸ਼ਟਰਪਤੀ ਵਜੋਂ ਮੇਰੇ 100 ਦਿਨ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਮਹਾਨ ਦਿਨ ਰਹੇ ਹਨ। ਅਸੀਂ ਕਈ ਕਾਨੂੰਨ ਬਦਲੇ ਹਨ। ਟੈਰਿਫ਼ ਤੋਂ ਨੁਕਸਾਨ ਨੂੰ ਰੋਕਿਆ। ਕਰਮਚਾਰੀਆਂ ਦੀ ਛਾਂਟੀ ਕੀਤੀ। ਟੈਰਿਫ਼ ਲਗਾਏ। ਅੱਗੇ ਦੇ ਏਜੰਡੇ ਲਈ ਦਿਨ-ਰਾਤ ਮਿਹਨਤ ਜਾਰੀ ਹੈ।



**ਬਾਰਡਰ-ਪ੍ਰਵਾਸੀ:** ਇਮੀਗ੍ਰੇਸ਼ਨ ਮੁੱਦੇ ਬਾਰੇ ਗੱਲ ਕਰਦਿਆਂ ਟਰੰਪ ਨੇ ਕਿਹਾ ਕਿ ਸਰਹੱਦ 'ਤੇ ਕੰਧ ਬਣਾਈ ਜਾਵੇਗੀ। ਪਹਿਲੇ ਕਾਰਜਕਾਲ 'ਚ ਸਰਹੱਦ 'ਤੇ ਸੈਂਕੜੇ ਮੀਲ ਦੀਵਾਰ ਬਣਾਈ ਗਈ ਸੀ। ਫ਼ਿਰ ਇਹ ਬੰਦ ਹੋ ਗਿਆ। ਅਸੀਂ ਮੈਕਸੀਕੋ ਸਰਹੱਦ 'ਤੇ ਕੰਧ ਬਣਾਵਾਂਗੇ। ਸਰਹੱਦ ਨੂੰ ਸੁਰੱਖਿਅਤ ਕਰਕੇ ਅਸੀਂ ਨਸ਼ਿਆਂ ਦੇ ਸੰਕਟ ਤੋਂ ਬਾਹਰ ਆਵਾਂਗੇ। ਨਾਲ ਹੀ ਦੇਸ਼ ਤੋਂ 2 ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਾਂਗੇ।

**ਟੈਰਿਫ਼ ਨੀਤੀ 'ਤੇ ਬੋਲੇ ਟਰੰਪ :** ਟੈਰਿਫ਼ ਨੀਤੀ ਬਾਰੇ ਗੱਲ ਕਰਦਿਆਂ ਟਰੰਪ ਨੇ ਕਿਹਾ ਕਿ ਇਸ ਨਾਲ ਅਮਰੀਕੀ ਮੱਧ ਵਰਗ ਨੂੰ ਰਾਹਤ ਮਿਲੇਗੀ। ਟੈਰਿਫ਼ ਨਾਲ ਇੱਕ ਸਾਲ ਵਿੱਚ 170 ਲੱਖ ਕਰੋੜ ਰੁਪਏ ਕਮਾਈ ਹੋਵੇਗੀ। ਭਾਰਤ, ਚੀਨ, ਬ੍ਰਾਜ਼ੀਲ ਵਰਗੇ ਦੇਸ਼ ਸਾਡੇ 'ਤੇ 100-150% ਟੈਰਿਫ਼ ਲਗਾਉਂਦੇ ਹਨ। ਮੈਂ ਵੀ ਉਹੀ ਕਰ ਰਿਹਾ ਹਾਂ। ਹੋਮ ਡਿਪੂ, ਵਾਲਮਾਰਟ, ਟਾਰਗੇਟ ਵਰਗੀਆਂ ਕੰਪਨੀਆਂ ਮੇਰੇ ਨਾਲ ਹਨ।

**ਵਿਦੇਸ਼ ਨੀਤੀ:** ਰਾਸ਼ਟਰਪਤੀ ਟਰੰਪ ਮੁਤਾਬਕ ਅਮਰੀਕਾ ਫ਼ਸਟ ਦਾ ਵਿਸਥਾਰ ਕਰਨਾ ਸਾਡੀ ਵਿਦੇਸ਼ ਨੀਤੀ 'ਸ਼ਾਂਤੀ ਲਈ ਤਾਕਤ' ਦੇ ਸਿਧਾਂਤ 'ਤੇ ਅਧਾਰਿਤ ਹੈ। ਅਮਰੀਕਾ ਫ਼ਸਟ ਨੀਤੀ ਦਾ ਹੋਰ ਵਿਸਤਾਰ ਕੀਤਾ ਜਾਵੇਗਾ। ਅਮਰੀਕਾ ਨੂੰ ਜੰਗ ਤੋਂ ਬਾਹਰ ਰੱਖਿਆ ਜਾਵੇਗਾ। ਨਾਟੋ ਅਤੇ ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ ਦੇ ਯੋਗਦਾਨ ਨੂੰ ਹੋਰ ਘਟਾਇਆ ਜਾਵੇਗਾ।

**ਚੋਣਾਂ ਅਤੇ ਭਵਿੱਖ:** ਟਰੰਪ ਨੇ ਇੰਟਰਵਿਊ ਦੌਰਾਨ ਕਿਹਾ ਕਿ ਲੋਕ ਮੇਰੀਆਂ ਨੀਤੀਆਂ ਤੋਂ ਪ੍ਰਭਾਵਿਤ ਅਤੇ ਖੁਸ਼ ਹਨ। ਤੀਜੀ ਵਾਰ ਚੋਣ ਲੜਨ ਅਤੇ ਰਾਸ਼ਟਰਪਤੀ ਬਣਨ ਦੇ ਸਵਾਲ 'ਤੇ ਡੋਨਾਲਡ ਟਰੰਪ ਨੇ ਕਿਹਾ, ਮੈਂ ਸ਼ਾਨਦਾਰ ਕੰਮ ਕਰ ਰਿਹਾ ਹਾਂ। ਅਮਰੀਕਾ ਦੇ ਲੋਕ ਮੈਨੂੰ ਦੁਬਾਰਾ ਰਾਸ਼ਟਰਪਤੀ ਚੋਣ ਲੜਨ ਦੀ ਮੰਗ ਕਰ ਰਹੇ ਹਨ। ਹਰ ਕੋਈ ਮੈਨੂੰ ਤੀਜੀ ਵਾਰ ਅਮਰੀਕਾ ਦਾ ਰਾਸ਼ਟਰਪਤੀ ਬਣਾਉਣ ਲਈ ਬੇਤਾਬ ਹੈ। ਮੇਰੀਆਂ ਨੀਤੀਆਂ ਜਨਤਾ ਦੀ ਭਲਾਈ ਲਈ ਹਨ। ਪਹਿਲੇ ਤਿੰਨ ਮਹੀਨਿਆਂ ਦੌਰਾਨ ਹੀ ਆਮ ਲੋਕ ਮੇਰੇ ਤੋਂ ਕਾਫ਼ੀ ਪ੍ਰਭਾਵਿਤ ਹੋਏ ਹਨ। ਹੁਣ ਤੱਕ ਕਿਸੇ ਵੀ ਰਾਸ਼ਟਰਪਤੀ ਨੂੰ ਇੰਨਾ ਸਮਰਥਨ ਨਹੀਂ ਮਿਲਿਆ ਜਿੰਨਾ ਮੈਨੂੰ ਮਿਲ ਰਿਹਾ ਹੈ।

**ਰਾਸ਼ਟਰਪਤੀ ਦੀ ਸ਼ਕਤੀ:** ਟਰੰਪ ਮੁਤਾਬਕ ਵਿਸਥਾਰ ਦੇ ਦੋਸ਼ 'ਤੇ ਮੈਂ ਸ਼ਕਤੀਆਂ ਦਾ ਵਿਸਤਾਰ ਨਹੀਂ ਕਰ ਰਿਹਾ, ਪਰ ਉਨ੍ਹਾਂ ਦੀ ਸਹੀ ਵਰਤੋਂ ਕਰ ਰਿਹਾ ਹਾਂ। ਮੈਂ ਚੋਣਾਂ ਵਿੱਚ ਜੋ ਵਾਅਦਾ ਕੀਤਾ ਸੀ, ਉਹ ਪੂਰਾ ਕੀਤਾ। ਕਾਨੂੰਨ ਤਹਿਤ ਦਿੱਤੀਆਂ ਸ਼ਕਤੀਆਂ ਅਨੁਸਾਰ ਸਾਰਾ ਕੰਮ ਕੀਤਾ ਜਾ ਰਿਹਾ ਹੈ। ਕਿਸੇ ਸੰਸਥਾ ਨੂੰ ਕਮਜ਼ੋਰ ਨਹੀਂ ਕਰ ਰਿਹਾ।

**ਆਰਥਿਕਤਾ:** ਟਰੰਪ ਨੇ ਦੱਸਿਆ ਕਿ ਵਧਦੀ ਮਹਿੰਗਾਈ ਅਤੇ ਅਸਥਿਰਤਾ ਕਾਰਨ, ਕਰਿਆਨੇ ਦਾ ਸਮਾਨ ਸਸਤਾ ਹੋ ਗਿਆ ਹੈ, ਊਰਜਾ ਦੀਆਂ ਕੀਮਤਾਂ ਘਟ ਗਈਆਂ ਹਨ। ਸਿਰਫ਼ ਵਿਆਜ ਦਰਾਂ ਸਥਿਰ ਹਨ। ਅਸੀਂ ਜਲਦੀ ਹੀ ਦੁਨੀਆਂ ਦਾ ਸਭ ਤੋਂ ਅਮੀਰ ਦੇਸ਼ ਬਣ ਜਾਵਾਂਗੇ। ਮਹਿੰਗਾਈ ਵਧਣ ਦੇ ਦੋਸ਼ ਗਲਤ ਹਨ। ਮੇਰੀ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦਾ ਫ਼ਾਇਦਾ ਅੱਗੇ ਦੇਖਿਆ ਜਾਵੇਗਾ।

**ਯੂਕ੍ਰੇਨ ਵਾਰ:** ਰੂਸ-ਯੂਕ੍ਰੇਨ ਯੁੱਧ ਨੂੰ 24 ਘੰਟਿਆਂ ਵਿੱਚ ਜੰਗ ਖਤਮ ਕਰਨ ਦੇ ਵਾਅਦੇ 'ਤੇ ਟਰੰਪ ਨੇ ਦੱਸਿਆ ਕਿ ਉਸ ਨੇ ਇਹ ਗੱਲ ਵਧਾ-ਚੜ੍ਹਾ ਕੇ ਕਹੀ। 3 ਸਾਲਾਂ ਤੋਂ ਜੰਗ ਚੱਲ ਰਹੀ ਹੈ।

(**ਬਾਕੀ ਸਫ਼ਾ 30 'ਤੇ**)

# ਅਮਰੀਕਾ 'ਚ ਪ੍ਰਵਾਸੀ ਦੀ ਗ੍ਰਿਫ਼ਤਾਰੀ ਵਿੱਚ ਅੜਿੱਕਾ ਬਣੀ ਜੱਜ ਐਫ਼. ਬੀ. ਆਈ. ਵੱਲੋਂ ਗ੍ਰਿਫ਼ਤਾਰ



ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਟਰੰਪ ਪ੍ਰਸ਼ਾਸਨ ਦੇ ਨਿਆਂ ਪ੍ਰਣਾਲੀ ਨਾਲ ਚਲ ਰਹੇ ਟਕਰਾਅ ਦਰਮਿਆਨ ਧਮਾਕਾਖੇਜ਼ ਵਾਪਰੇ ਘਟਨਾਕ੍ਰਮ ਵਿੱਚ ਐਫ਼. ਬੀ. ਆਈ. ਵੱਲੋਂ ਮਿਲਵੌਕੀ ਕਾਊਂਟੀ ਦੀ ਇੱਕ ਜੱਜ ਨੂੰ ਇੱਕ ਪ੍ਰਵਾਸੀ ਦੀ ਗ੍ਰਿਫ਼ਤਾਰੀ ਵਿੱਚ ਕਥਿਤ ਤੌਰ 'ਤੇ ਅੜਿੱਕਾ ਪਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ। ਇਹ ਜਾਣਕਾਰੀ ਐਫ਼. ਬੀ. ਆਈ. ਦੇ ਡਾਇਰੈਕਟਰ ਕਾਸ਼ ਪਟੇਲ ਵੱਲੋਂ ਸੋਸ਼ਲ ਮੀਡੀਆ ਉੱਪਰ ਪਾਈ ਇੱਕ ਪੋਸਟ ਵਿੱਚ ਦਿੱਤੀ ਗਈ ਹੈ ਹਾਲਾਂ ਕਿ ਬਾਅਦ ਵਿੱਚ ਇਹ ਪੋਸਟ ਹਟਾ ਦਿੱਤੀ ਗਈ ਹੈ। ਇਸ ਪੋਸਟ ਵਿੱਚ ਪਟੇਲ ਨੇ ਕਿਹਾ ਹੈ ਕਿ ਮਿਲਵੌਕੀ, ਵਿਸਕਾਨਸਿਨ ਦੀ ਜੱਜ ਹਨਾਹ ਡੂਗਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਟੇਲ ਅਨੁਸਾਰ ਜੱਜ ਨੇ ਜਾਣ-ਬੁੱਝ ਕੇ ਸੰਘੀ ਏਜੰਟਾਂ ਨੂੰ ਇੱਕ ਗੈਰ ਕਾਨੂੰਨੀ ਵਿਦੇਸ਼ੀ ਬਾਰੇ ਗੁੰਮਰਾਹ ਕੀਤਾ, ਜਿਸ ਵਿਦੇਸ਼ੀ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਸੀ। ਡੂਗਨ ਮਿਲਵੌਕੀ ਫ਼ੈਡਰਲ ਕੋਰਟ ਵਿੱਚ ਪੇਸ਼ ਹੋਈ ਜਿਥੇ ਵਕੀਲਾਂ ਵੱਲੋਂ ਕਿਹਾ ਗਿਆ ਕਿ ਸੁਣਵਾਈ ਤੋਂ ਪਹਿਲਾਂ ਉਹ ਜੱਜ ਨੂੰ ਹਿਰਾਸਤ ਵਿੱਚ ਰੱਖਣ ਦੇ ਹੱਕ ਵਿੱਚ ਨਹੀਂ ਹਨ। ਇਸ ਉਪਰੰਤ ਜੱਜ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਦੀ ਅਗਲੀ ਪੇਸ਼ੀ 15 ਮਈ ਨੂੰ ਹੋਵੇਗੀ।

# ਟਰੰਪ ਪ੍ਰਸ਼ਾਸਨ ਵਿਦਿਆਰਥੀਆਂ ਦਾ ਵੀਜ਼ਾ ਰੱਦ ਕਰਨ ਦੇ ਫ਼ੈਸਲੇ ਤੋਂ ਪਿੱਛੇ ਹਟਿਆ, ਵੀਜ਼ੇ ਹੋਣਗੇ ਬਹਾਲ




ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਟਰੰਪ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦਾ ਵੀਜ਼ਾ ਰੱਦ ਕਰਨ ਦੇ ਫ਼ੈਸਲੇ ਨੂੰ ਵਾਪਿਸ ਲੈ ਲੈਣ ਦੀ ਖ਼ਬਰ ਹੈ। ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਉਨ੍ਹਾਂ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਮੁੜ ਬਹਾਲ ਕਰ ਰਿਹਾ ਹੈ ਜਿਨ੍ਹਾਂ ਦੇ ਵੀਜ਼ੇ ਅਚਾਨਕ ਰੱਦ ਕਰ ਦਿੱਤੇ ਗਏ ਸਨ, ਜਿਸ ਕਾਰਨ ਵਿਦਿਆਰਥੀਆਂ ਲਈ ਬੇਯਕੀਨੀ ਵਾਲੇ ਹਾਲਾਤ ਪੈਦਾ ਹੋ ਗਏ ਸਨ ਤੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦਾ ਡਰ ਵੱਢ ਵੱਢ ਖਾ ਰਿਹਾ ਸੀ। ਮੀਡੀਆ ਰਿਪੋਰਟ ਅਨੁਸਾਰ ਨਿਆਂ ਵਿਭਾਗ ਨੇ ਮਾਸਾਚੂਸੈਟਸ ਵਿੱਚ ਯੂ ਐਸ ਡਿਸਟ੍ਰਿਕਟ ਕੋਰਟ ਵਿੱਚ ਦਾਇਰ ਜਵਾਬ ਵਿੱਚ ਆਪਣੇ ਫ਼ੈਸਲੇ ਬਾਰੇ ਜਾਣਕਾਰੀ ਦਿੱਤੀ ਹੈ। ਫ਼ੈਡਰਲ ਸਟੂਡੈਂਟ ਐਕਸਚੇਂਜ ਐਂਡ ਵਿਜ਼ਟਰ ਇਨਫ਼ਰਮੇਸ਼ਨ ਸਿਸਟਮ (ਸੇਵਿਸ) ਵਿੱਚ ਵੀਜ਼ੇ ਰੱਦ ਕਰ ਦੇਣ ਬਾਰੇ ਸੂਚਨਾ ਮਿਲਣ ਜਾਂ ਈ. ਮੇਲ. ਰਾਹੀਂ ਜਾਣਕਾਰੀ ਮਿਲਣ ਉਪਰੰਤ ਬਹੁਤ ਸਾਰੇ ਮਾਮਲਿਆਂ ਵਿੱਚ ਯੂਨੀਵਰਸਿਟੀਆਂ ਨੇ ਵਿਦਿਆਰਥੀਆਂ ਨੂੰ ਤੁਰੰਤ ਚਲੇ ਜਾਣ ਲਈ ਮਜਬੂਰ ਕਰ ਦਿੱਤਾ ਸੀ। ਇਥੇ ਜ਼ਿਕਰਯੋਗ ਹੈ ਕਿ ਵੱਖ- ਵੱਖ ਅਦਾਲਤਾਂ ਵਿੱਚ ਵਿਦਿਆਰਥੀਆਂ ਵੱਲੋਂ ਵੀਜ਼ਾ ਰੱਦ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ ਤੇ 100 ਤੋਂ ਵਧ ਪਟੀਸ਼ਨਾਂ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ।

# ਐਲੋਨ ਮਸਕ ਦੀ ਪ੍ਰਸਿੱਧੀ 'ਚ ਆਈ ਵੱਡੀ ਗਿਰਾਵਟ



ਵਾਸ਼ਿੰਗਟਨ/ਏ.ਟੀ.ਨਿਊਜ਼ : ਐਲੋਨ ਮਸਕ, ਜੋ ਕਦੇ ਧਰਤੀ ਦੇ ਸਭ ਤੋਂ ਅਮੀਰ ਆਦਮੀ ਅਤੇ ਇੱਕ ਦਿੱਗਜ ਕਾਰੋਬਾਰੀ ਵਜੋਂ ਮਸ਼ਹੂਰ ਸੀ, ਹੁਣ ਅਮਰੀਕਾ ਵਿੱਚ ਆਪਣੀ ਪ੍ਰਸਿੱਧੀ ਵਿੱਚ ਗਿਰਾਵਟ ਦੇਖ ਰਿਹਾ ਹੈ। ਮਸਕ ਨੇ ਇੱਕ ਕਾਰੋਬਾਰੀ ਅਤੇ ਤਕਨੀਕੀ ਦੂਰਦਰਸ਼ੀ ਵਜੋਂ ਆਪਣੀ ਛਵੀ ਬਣਾਉਣ ਲਈ ਸਾਲਾਂ ਤੋਂ ਕੰਮ ਕੀਤਾ ਹੈ ਆਪਣੇ ਆਲੋਚਕਾਂ ਨੂੰ ਚੁਣੌਤੀ ਦਿੰਦੇ ਹੋਏ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ ਹੈ, ਪਰ ਐਸੋਸੀਏਟਿਡ ਪ੍ਰੈਸ-ਐੱਨ.ਓ.ਆਰ.ਸੀ. ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ ਰਿਪੋਰਟ ਦੱਸਦੀ ਹੈ ਕਿ ਅਮਰੀਕਾ ਦੇ ਰਾਜਨੀਤਿਕ ਖੇਤਰ ਵਿੱਚ ਇੱਕ ਸ਼ਕਤੀਸ਼ਾਲੀ ਅਹੁਦਾ ਸੰਭਾਲਣ ਤੋਂ ਬਾਅਦ ਹਾਲ ਹੀ ਦੇ ਮਹੀਨਿਆਂ ਵਿੱਚ ਉਸਦੀ ਪ੍ਰਸਿੱਧੀ ਘਟਦੀ ਜਾ ਰਹੀ ਹੈ।

ਸਰਵੇਖਣ ਅਨੁਸਾਰ, ਸਿਰਫ਼ 33 ਫੀਸਦੀ ਅਮਰੀਕੀ ਬਾਲਗਾਂ ਦੀ ਮਸਕ ਪ੍ਰਤੀ ਸਕਾਰਾਤਮਕ ਰਾਏ ਹੈ। ਮਸਕ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਘੀ ਸਰਕਾਰ ਦੇ ਆਕਾਰ ਨੂੰ ਘਟਾਉਣ ਅਤੇ ਇਸ ਵਿੱਚ ਬੁਨਿਆਦੀ ਬਦਲਾਅ ਕਰਨ ਦਾ ਕੰਮ ਸੌਂਪਿਆ ਹੈ। ਦਸੰਬਰ ਵਿੱਚ ਕੀਤੇ ਗਏ ਇੱਕ ਸਰਵੇਖਣ ਵਿੱਚ ਉਸਦੀ ਪ੍ਰਸਿੱਧੀ 41 ਫੀਸਦੀ ਸੀ। ਸਰਵੇਖਣ ਵਿੱਚ ਪਾਇਆ ਗਿਆ ਕਿ ਲਗਭਗ ਦੋ-ਤਿਹਾਈ ਬਾਲਗ ਮੰਨਦੇ ਹਨ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਮਸਕ ਨੇ ਸੰਘੀ ਸਰਕਾਰ ਉੱਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ ਹੈ। ਹਾਲਾਂਕਿ ਇਹ ਪ੍ਰਭਾਵ ਹੁਣ ਘੱਟਦਾ ਜਾ ਰਿਹਾ ਹੈ। ਇਸ ਅਰਬਪਤੀ ਉੱਦਮੀ ਦੇ ਆਉਣ ਵਾਲੇ ਹਫ਼ਤਿਆਂ ਵਿੱਚ ਆਪਣੇ ਪ੍ਰਸ਼ਾਸਨਿਕ ਫਰਜ਼ ਛੱਡਣ ਦੀ ਉਮੀਦ ਹੈ।

# ਕੈਲੀਫ਼ੋਰਨੀਆ ਦਾ ਜੱਜ ਪਤਨੀ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਕਰਾਰ, ਹਿਰਾਸਤ ਵਿੱਚ ਲਿਆ, ਜੂਨ ਵਿੱਚ ਸੁਣਾਈ ਜਾਵੇਗੀ ਸਜ਼ਾ



ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਦਾਲਤ ਨੇ ਦੱਖਣੀ ਕੈਲੀਫ਼ੋਰਨੀਆ ਦੇ ਇੱਕ ਜੱਜ ਨੂੰ ਪਤਨੀ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਆਰੇਂਜ ਕਾਊਂਟੀ ਸੁਪੀਰੀਅਰ ਕੋਰਟ ਜੱਜ ਜੈਫ਼ਰੀ ਫ਼ਰਗੂਸਨ (74) ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਸਨ। ਅਦਾਲਤੀ ਦਸਤਾਵੇਜ਼ ਅਨੁਸਾਰ ਆਪਣੇ ਅਨਾਹੀਮ ਹਿਲਜ਼ ਸਥਿਤ ਘਰ ਵਿੱਚ ਟੈਲੀਵੀਜ਼ਨ ਵੇਖਦੇ ਸਮੇਂ ਹੋਈ ਬਹਿਸ ਦੌਰਾਨ ਫ਼ਰਗੂਸਨ ਨੇ ਆਪਣੀ ਪਤਨੀ ਸ਼ੈਰਿਅਲ (65) ਨੂੰ ਗੋਲੀ ਮਾਰ ਦਿੱਤੀ ਸੀ। ਇਹ ਘਟਨਾ 2023 ਵਿੱਚ ਵਾਪਰੀ ਸੀ। ਫ਼ਰਗੂਸਨ ਜਿਸ ਨੇ ਸੁਣਵਾਈ ਦੌਰਾਨ ਖੁਦ ਆਪਣੀ ਪੈਰਵਾਈ ਕੀਤੀ, ਨੇ ਮੰਨਿਆ ਕਿ ਉਸ ਨੇ ਆਪਣੀ ਪਤਨੀ ਉੱਪਰ ਗੋਲੀ ਚਲਾਈ ਸੀ, ਪਰੰਤੂ ਉਸ ਨੇ ਕਿਹਾ ਕਿ ਇਹ ਅਚਾਨਕ ਵਾਪਰੀ ਘਟਨਾ ਸੀ। ਸੁਣਵਾਈ ਸ਼ੁਰੂ ਹੋਣ ਤੋਂ ਇੱਕ ਦਿਨ ਬਾਅਦ ਜੱਜਾਂ ਨੇ ਫ਼ਰਗੂਸਨ ਨੂੰ ਹੱਤਿਆ ਲਈ ਦੋਸ਼ੀ ਐਲਾਨਿਆ। ਅਦਾਲਤ ਦੇ ਫ਼ੈਸਲੇ ਉਪਰੰਤ ਪੁਲਿਸ ਨੇ ਫ਼ਰਗੂਸਨ ਨੂੰ ਹਿਰਾਸਤ ਵਿੱਚ ਲੈ ਲਿਆ ਪਰੰਤੂ ਹੱਥ ਕੜੀ ਲਾਉਣ ਤੋਂ ਪਹਿਲਾਂ ਫ਼ਰਗੂਸਨ ਨੂੰ ਅਦਾਲਤ ਵਿੱਚ ਮੌਜੂਦ ਆਪਣੇ ਪੁੱਤਰ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਗਈ। ਸਜ਼ਾ 13 ਜੂਨ ਨੂੰ ਸੁਣਾਈ ਜਾਵੇਗੀ। ਫ਼ੈਸਲੇ ਉਪਰੰਤ ਫ਼ਰਗੂਸਨ ਦੇ ਵਕੀਲ ਕੈਮਰਨ ਟੈਲੀ ਨੇ ਕਿਹਾ ਕਿ ਉਹ ਫ਼ੈਸਲੇ ਵਿਰੁੱਧ ਅਪੀਲ ਕਰਨਗੇ। ਉਨ੍ਹਾਂ ਕਿਹਾ ਕਿ ਮੈ ਜਿਊਰੀ ਦੇ ਫ਼ੈਸਲੇ ਦਾ ਸਵਾਗਤ ਕਰਦਾ ਹਾਂ ਪਰੰਤੂ ਇਸ ਦੇ ਨਾਲ ਹੀ ਅਸੀਂ ਜਾਣਦੇ ਹਾਂ ਕਿ ਜਿਊਰੀ ਹਮੇਸ਼ਾ ਸਹੀ ਨਹੀਂ ਹੁੰਦੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੋਗਮਈ ਮਾਹੌਲ ਦੌਰਾਨ ਸੇਂਟ ਪੀਟਰਜ਼ ਬੇਸਿਲਿਕਾ ’ਚ ਪੋਪ ਫਰਾਂਸਿਸ ਨੂੰ ਅੰਤਿਮ ਵਿਦਾਇਗੀ

ਵੈਟੀਕਨ ਸਿਟੀ/ਏ.ਟੀ.ਨਿਊਜ਼: ਪੋਪ ਫਰਾਂਸਿਸ, ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਦਾ ਅੰਤਿਮ ਸੰਸਕਾਰ ਪਿਛਲੇ ਦਿਨੀਂ ਸੇਂਟ ਪੀਟਰਜ਼ ਸਕੁਏਅਰ ਵਿਖੇ ਸੇਂਟ ਪੀਟਰਜ਼ ਬੇਸਿਲਿਕਾ ਦੀਆਂ ਘੰਟੀਆਂ ਵਜਾਉਣ ਨਾਲ ਸਮਾਪਤ ਹੋ ਗਿਆ। ਘੰਟੀਆਂ ਦੀ ਇਹ ਆਵਾਜ਼ 2 ਘੰਟੇ ਅਤੇ 10 ਮਿੰਟ ਲੰਬੀ ਸਰਵਿਸ ਦੇ ਅੰਤ ਦਾ ਸੰਕੇਤ ਸੀ।



ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਦੇਣ ਲਈ ਰੋਮ ਦੀਆਂ ਸੜਕਾਂ ’ਤੇ ਵੱਡੀ ਭੀੜ ਕਤਾਰ ਵਿੱਚ ਖੜ੍ਹੀ ਸੀ ਕਿਉਂਕਿ ਉਨ੍ਹਾਂ ਦਾ ਤਾਬੂਤ ਲੈ ਕੇ ਜਾਣ ਵਾਲਾ ਚਿੱਟਾ ਪੋਪਮੋਬਾਈਲ ਵੈਟੀਕਨ ਦੇ ਪਾਰ ਮੋਟਰਸਾਈਕਲਾਂ ਨਾਲ ਪੋਪ ਦੇ ਅੰਤਿਮ ਵਿਰਾਮ ਸਥਾਨ ਵੱਲ ਜਾ ਰਿਹਾ ਸੀ, ਜੋ ਉਨ੍ਹਾਂ ਦੀ ਪਸੰਦ ਦੀ ਜਗ੍ਹਾ ਸੀ ਪੋਪ ਫਰਾਂਸਿਸ ਦੇ ਤਾਬੂਤ ਨੂੰ ਟਾਈਬਰ ਦਰਿਆ ਦੇ ਪਾਰ ਰੋਮ ਦੇ ਪੰਜਵੀਂ ਸਦੀ ਦੇ ਚਰਚ, ਬੇਸਿਲਿਕਾ ਡੀ ਸਾਂਤਾ ਮਾਰੀਆ ਮੈਗੀਓਰ ਵਿੱਚ ਲਿਜਾਇਆ ਗਿਆ, ਜਿੱਥੇ ਪੋਪ ਦੀ ਦੇਹ ਦੇ ਆਉਣ ਤੋਂ ਪਹਿਲਾਂ ਘੰਟੀਆਂ ਵਜਾਈਆਂ ਗਈਆਂ। ਸੇਂਟ ਮੈਰੀ ਮੇਜਰ ਦੀ ਬੇਸਿਲਿਕਾ ਇੱਕ ਅਜਿਹੀ ਜਗ੍ਹਾ ਸੀ ਜਿੱਥੇ ਪੋਪ ਆਪਣੇ 12 ਸਾਲਾਂ ਦੇ ਪੋਪ ਕਾਰਜਕਾਲ ਦੌਰਾਨ ਅਕਸਰ ਆਉਂਦੇ-ਜਾਂਦੇ ਸਨ। ਪੋਪ ਫਰਾਂਸਿਸ ਦਾ ਤਾਬੂਤ ਇਟਲੀ ਦੀ ਰਾਜਧਾਨੀ ਦੇ ਇਤਿਹਾਸਕ ਸਥਾਨਾਂ ਵਿੱਚੋਂ ਇੱਕ, ਕੋਲੋਸੀਅਮ ਕੋਲੋਂ ਲੰਘਿਆ।

ਉਪਰੋਂ ਖੁੱਲ੍ਹੇ ਤਾਬੂਤ ਨੂੰ ਪੋਪਮੋਬਾਈਲ ਵਿੱਚ ਲਿਜਾਇਆ ਗਿਆ ਸੀ ਜਿਸਨੂੰ ਪੋਪ ਨੇ 2015 ਦੀ ਫਿਲੀਪੀਨਜ਼ ਦੀ ਆਪਣੀ ਯਾਤਰਾ ਦੌਰਾਨ ਵਰਤਿਆ ਸੀ।

(ਬਾਕੀ ਸਫ਼ਾ 31 ’ਤੇ)

### ਸਿੱਖ ਭਾਈਚਾਰੇ ਦੇ ਨਾਲ ਪੋਪ ਫਰਾਂਸਿਸ ਦੇ ਬੜੇ ਚੰਗੇ ਸਬੰਧ ਸਨ

ਲੱਖਾਂ ਦੀ ਗਿਣਤੀ ਵਿੱਚ ਪੁੱਜੇ ਲੋਕਾਂ ਨੇ ਪੋਪ ਫਰਾਂਸਿਸ ਨੂੰ ਆਖ਼ਰੀ ਅਲਵਿਦਾ ਆਖਿਆ। ਇਸ ਮੌਕੇ ’ਤੇ ਬਹੁਤ ਸਾਰੇ ਭਾਰਤੀ ਤੇ ਸਿੱਖ ਭਾਈਚਾਰੇ ਨਾਲ ਸਬੰਧਤ ਲੋਕ ਵੀ ਮੌਜੂਦ ਸਨ।

ਇਟਲੀ ਦੀ ਸਿੱਖੀ ਸੇਵਾ ਸੁਸਾਇਟੀ ਵੱਲੋਂ ਇੱਕ ਵਫ਼ਦ ਵੀ ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਦੇਣ ਵੈਟੀਕਨ ਪਹੁੰਚਿਆ। ਸਿੱਖੀ ਸੇਵਾ ਸੁਸਾਇਟੀ ਦੇ ਜਗਜੀਤ ਸਿੰਘ ਨੇ ਗੱਲਬਾਤ ਕਰਦਿਆਂ ਦਸਿਆ ਕਿ ਇਟਲੀ ਦੇ ਸਿੱਖ ਭਾਈਚਾਰੇ ਦੇ ਨਾਲ ਪੋਪ ਫਰਾਂਸਿਸ ਦੇ ਬੜੇ ਚੰਗੇ ਸਬੰਧ ਸਨ।

# ਅਤਿਵਾਦ ਦਾ ਮੁਕਾਬਲਾ ਕਰਨਾ ਪੂਰੀ ਦੁਨੀਆਂ ਦੀ ਸਾਂਝੀ ਜ਼ਿੰਮੇਵਾਰੀ: ਚੀਨ

ਪੇਈਚਿੰਗ/ਏ.ਟੀ.ਨਿਊਜ਼: ਚੀਨ ਨੇ ਆਪਣੇ ਮਿੱਤਰ ਮੁਲਕ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਆਪਣਾ ਸਮਰਥਨ ਪ੍ਰਗਟਾਉਂਦਿਆਂ ਪਹਿਲਗਾਮ ਦਹਿਸ਼ਤੀ ਹਮਲੇ ਦੀ ‘ਤੁਰੰਤ ਅਤੇ ਨਿਰਪੱਖ ਜਾਂਚ’ ਦੀ ਮੰਗ ਕੀਤੀ ਹੈ। ਚੀਨ ਦੀ ਸਰਕਾਰੀ ਨਿਊਜ਼ ਏਜੰਸੀ ‘ਸ਼ਿਨਹੂਆ’ ਅਨੁਸਾਰ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਪਿਛਲੇ ਦਿਨੀਂ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨਾਲ ਟੈਲੀਫ਼ੋਨ ’ਤੇ ਗੱਲਬਾਤ ਕੀਤੀ। ਖ਼ਬਰ ਏਜੰਸੀ ਨੇ ਆਪਣੀ ਰਿਪੋਰਟ ’ਚ ਕਿਹਾ ਹੈ ਕਿ ਡਾਰ ਨੇ ਵਾਂਗ (ਜੋ ਚੀਨ ਦੀ ਕਮਿਊਨਿਸਟ ਪਾਰਟੀ (ਸੀਪੀਸੀ) ਦੀ ਕੇਂਦਰੀ ਕਮੇਟੀ ਦੇ ਰਾਜਨੀਤਕ ਬਿਊਰੋ ਦੇ ਮੈਂਬਰ ਵੀ ਹਨ) ਨੂੰ ‘ਕਸ਼ਮੀਰ ਖੇਤਰ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ’ ਪਾਕਿਸਤਾਨ ਅਤੇ ਭਾਰਤ ਵਿਚਕਾਰ ਵਧੇ ਹੋਏ ਤਣਾਅ ਬਾਰੇ ਜਾਣਕਾਰੀ ਦਿੱਤੀ। ਵਾਂਗ ਨੇ ਕਿਹਾ ਕਿ ਚੀਨ ਘਟਨਾਕ੍ਰਮ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਤਿਵਾਦ ਦਾ ਮੁਕਾਬਲਾ ਕਰਨਾ ਪੂਰੀ ਦੁਨੀਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਅਤਿਵਾਦ ਵਿਰੁੱਧ ਪਾਕਿਸਤਾਨ ਦੇ ਯਤਨਾਂ ਪ੍ਰਤੀ ਚੀਨ ਦੇ ਨਿਰੰਤਰ ਸਮਰਥਨ ਦੀ ਪੁਸ਼ਟੀ ਕੀਤੀ। ਰਿਪੋਰਟ ਵਿੱਚ ਵਾਂਗ ਦੇ ਹਵਾਲੇ ਨਾਲ ਕਿਹਾ ਗਿਆ ਹੈ, “ਇੱਕ ਮਜ਼ਬੂਤ ਦੋਸਤ ਅਤੇ ਹਰ ਹਾਲਾਤ ਵਿੱਚ ਰਣਨੀਤਕ ਭਾਈਵਾਲ ਹੋਣ ਦੇ ਨਾਤੇ ਚੀਨ, ਪਾਕਿਸਤਾਨ ਦੇ ਜਾਇਜ਼ ਸੁਰੱਖਿਆ ਫ਼ਿਕਰਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਅਤੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰਾਖੀ ਹਿੱਤ ਉਸ ਦਾ ਸਮਰਥਨ ਕਰਦਾ ਹੈ।”



# ਪਾਕਿਸਤਾਨ ’ਚ ਆ ਸਕਦੀ ਹੈ ਦਵਾਈਆਂ ਦੀ ਘਾਟ

ਇਸਲਾਮਾਬਾਦ/ਏ.ਟੀ.ਨਿਊਜ਼: ਪਹਿਲਗਾਮ ਹਮਲੇ ਤੋਂ ਬਾਅਦ, ਪਾਕਿਸਤਾਨ ਨੇ ਭਾਰਤ ਸਰਕਾਰ ਤੋਂ ਬਦਲਾ ਲੈਣ ਲਈ ਸਾਰੇ ਵਪਾਰ ਬੰਦ ਕਰ ਦਿੱਤੇ ਹਨ। ਹਾਲਾਂਕਿ, ਇਸ ਕਾਰਨ ਪਾਕਿਸਤਾਨ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਸਕਦਾ ਹੈ। ਪਾਕਿਸਤਾਨ ਵਿੱਚ ਦਵਾਈਆਂ ਦੀ ਸਪਲਾਈ ਲਈ ਇੱਕ ਐਮਰਜੈਂਸੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ, ਜੋ ਦਵਾਈਆਂ ਲਈ ਭਾਰਤ ’ਤੇ ਨਿਰਭਰ ਹੈ। ਪਾਕਿਸਤਾਨ ਪਹਿਲਾਂ ਭਾਰਤ ਤੋਂ 30-40 ਪ੍ਰਤੀਸ਼ਤ ਕੱਚਾ ਮਾਲ ਆਯਾਤ ਕਰਦਾ ਸੀ, ਜੋ ਹੁਣ ਬੰਦ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ, ਪਾਕਿਸਤਾਨ ਇੱਕ ਵਿਕਲਪ ਦੀ ਭਾਲ ਕਰ ਰਿਹਾ ਹੈ। ਭਾਰਤ ਨਾਲ ਵਪਾਰ ਬੰਦ ਕਰਨ ਤੋਂ ਬਾਅਦ, ਪਾਕਿਸਤਾਨ ਵਿੱਚ ਦਵਾਈਆਂ ਦੀ ਕਮੀ ਹੋ ਜਾਵੇਗੀ। ਪਾਕਿਸਤਾਨ ਭਾਰਤ ਤੋਂ 30-40 ਪ੍ਰਤੀਸ਼ਤ ਫਾਰਮਾਸਿਊਟੀਕਲ ਕੱਚਾ ਮਾਲ ਆਯਾਤ ਕਰਦਾ ਸੀ।

ਪਹਿਲਗਾਮ ਅੱਤਵਾਦੀ ਹਮਲੇ ’ਤੇ ਭਾਰਤ ਦੀ ਸਖ਼ਤ ਪ੍ਰਤੀਕਿਰਿਆ ਤੋਂ ਬਾਅਦ, ਪਾਕਿਸਤਾਨ ਵੀ ਗੁੱਸੇ ਵਿੱਚ ਆ ਗਿਆ ਅਤੇ ਕਈ ਆਦੇਸ਼ ਜਾਰੀ ਕੀਤੇ। ਭਾਰਤੀ ਏਅਰਲਾਈਨਾਂ ਲਈ ਆਪਣਾ ਹਵਾਈ ਖੇਤਰ ਬੰਦ ਕਰਨ ਤੋਂ ਇਲਾਵਾ, ਪਾਕਿਸਤਾਨ ਨੇ ਭਾਰਤ ਨਾਲ ਹੋ ਰਹੇ ਛੋਟੇ ਵਪਾਰ ਨੂੰ ਵੀ ਰੋਕ ਦਿੱਤਾ। ਹਾਲਾਂਕਿ, ਹੁਣ ਪਾਕਿਸਤਾਨ ਨੂੰ ਇਸ ਫੈਸਲੇ ਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ, ਭਾਰਤ ਨਾਲ ਵਪਾਰ ਨੂੰ ਪੂਰੀ ਤਰ੍ਹਾਂ ਬੰਦ ਕਰਨ ਤੋਂ ਬਾਅਦ, ਪਾਕਿਸਤਾਨ ਦੇ ਫਾਰਮਾਸਿਊਟੀਕਲ ਸੈਕਟਰ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਪਾਕਿਸਤਾਨ ਦੇ ਕਈ ਸਿਹਤ ਅਧਿਕਾਰੀਆਂ ਨੇ ਪਹਿਲਾਂ ਹੀ ਦਵਾਈ ਦੀ ਸਪਲਾਈ ਨੂੰ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

# ਅਫ਼ਗਾਨਿਸਤਾਨ ਤੋਂ ਆਉਂਦੇ ਸੁੱਕੇ ਮੇਵਿਆਂ ’ਤੇ ਪਿਆ ਭਾਰਤ-ਪਾਕਿਸਤਾਨ ਤਣਾਓ ਦਾ ਅਸਰ

ਅੰਮ੍ਰਿਤਸਰ/ਏ.ਟੀ.ਨਿਊਜ਼: ਪਹਿਲਗਾਮ ਘਟਨਾ ਤੋਂ ਬਾਅਦ ਭਾਰਤ ਵੱਲੋਂ ਅਟਾਰੀ ਸਰਹੱਦ ’ਤੇ ਚੈੱਕ ਪੋਸਟ ਨੂੰ ਬੰਦ ਕਰਨ ਦੇ ਐਲਾਨ ਤੋਂ ਬਾਅਦ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਮੇਵੇ ਤੇ ਡਰਾਈ ਫਰੂਟ ’ਤੇ ਵੱਡਾ ਅਸਰ ਦੇਖਣ ਨੂੰ ਮਿਲੇਗਾ। ਜਿਥੇ ਪਾਕਿਸਤਾਨ ਰਸਤਿਓਂ ਭਾਰਤ-ਅਫ਼ਗਾਨਿਸਤਾਨ ਨਾਲ ਹੋਣ ਵਾਲਾ ਵਪਾਰ ਪ੍ਰਭਾਵਤ ਹੋਵੇਗਾ, ਉਸ ਨੂੰ ਸੋਚ ਕੇ ਵਪਾਰੀ ਭਾਈਚਾਰਾ ਵੀ ਦੁਖੀ ਹੈ। ਪਿਛਲੇ ਦਿਨੀਂ ਅਟਾਰੀ ਚੈੱਕ ਪੋਸਟ ਬੰਦ ਦੇ ਐਲਾਨ ਤੋਂ ਬਾਅਦ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸਾਮਾਨ ਦੇ ਰੇਟਾਂ ਵਿੱਚ 10 ਪ੍ਰਤੀਸ਼ਤ ਦਾ ਮਾਰਕਿਟ ਵਿੱਚ ਵਾਧੇ ਨਾਲ ਫ਼ਰਕ ਵੀ ਦੇਖਣ ਨੂੰ ਮਿਲ ਗਿਆ।



ਦੱਸਣਯੋਗ ਹੈ ਕਿ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧ ਗਿਆ, ਜਿਸ ਦਾ ਵਪਾਰ ’ਤੇ ਅਸਰ ਪਿਆ। ਜਿੱਥੇ 2017-18 ਅਤੇ 2018-19 ਵਿੱਚ ਲਗਭਗ 4000 ਕਰੋੜ ਰੁਪਏ ਦਾ ਵਪਾਰ ਹੋਇਆ ਸੀ, 2019-20 ਵਿੱਚ ਇਹ ਘੱਟ ਕੇ 2772 ਕਰੋੜ ਰੁਪਏ ਰਹਿ ਗਿਆ। 2020-21 ਵਿੱਚ ਇਹ ਘੱਟ ਕੇ 2639 ਕਰੋੜ ਰੁਪਏ ਰਹਿ ਗਿਆ। ਅਟਾਰੀ ਸਰਹੱਦ ਦੇਸ਼ ਦੀ ਪਹਿਲੀ ਜ਼ਮੀਨੀ ਬੰਦਰਗਾਹ ਹੈ ਜੋ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨਾਲ ਵਪਾਰ ਲਈ ਅਨੁਕੂਲ ਰਸਤਾ ਹੈ।

ਇਸ ਰਸਤੇ ਰਾਹੀਂ ਭਾਰਤ ਤੋਂ ਸਬਜ਼ੀਆਂ, ਮਿਰਚਾਂ, ਟਮਾਟਰ, ਪਲਾਸਟਿਕ ਦਾ ਧਾਗਾ ਆਯਾਤ ਕੀਤਾ ਜਾਂਦਾ ਸੀ ਜਦਕਿ ਸੁੱਕੇ ਮੇਵੇ, ਡਰਾਈ ਫਰੂਟ, ਜਿਪਸਮ, ਕੱਚ, ਸੇਂਧਾ ਨਮਕ, ਜੜ੍ਹੀਆਂ ਬੂਟੀਆਂ ਅਤੇ ਸਮਿੰਟ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤੋਂ ਭਾਰਤ ਭੇਜਿਆ ਜਾਂਦਾ ਸੀ। ਸਰਹੱਦ ਬੰਦ ਹੋਣ ਕਾਰਨ ਅਟਾਰੀ-ਵਾਹਗਾ ਰੂਟ ਰਾਹੀਂ ਅਫ਼ਗਾਨਿਸਤਾਨ ਤੋਂ ਭਾਰਤ ਨੂੰ ਨਿਰਯਾਤ ਵੀ ਸੰਭਵ ਨਹੀਂ ਹੋਵੇਗਾ।

1953 ਤੋਂ ਅਫਗਾਨਿਸਤਾਨ ਤੋਂ ਡਰਾਈ ਫਰੂਟ ਦਾ ਵਪਾਰ ਕਰਨ ਵਾਲੀ ਫਰਮ ਮੋਹਰ ਸਿੰਘ ਸਵਰਨ ਸਿੰਘ ਦੇ ਮਾਲਕ ਮਨਮੋਹਨ ਸਿੰਘ ਨੇ ਕਿਹਾ ਕਿ ਅਟਾਰੀ ਚੈੱਕ ਪੋਸਟ ਬੰਦ ਹੋਣ ਤੋਂ ਬਾਅਦ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਰਾਹੀਂ ਆਉਂਦਾ ਡਰਾਈ ਫਰੂਟ ਦਾ ਕਾਰੋਬਾਰ ਪ੍ਰਭਾਵਤ ਹੋਵੇਗਾ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਤੋਂ 4-5 ਦਿਨ ਵਿੱਚ ਡਰਾਈ ਫਰੂਟ ਭਾਰਤ ਪਹੁੰਚ ਜਾਂਦਾ ਸੀ।

ਜੇਕਰ ਅਟਾਰੀ ਚੈੱਕ ਪੋਸਟ ਬੰਦ ਹੋਈ ਤਾਂ ਇਹ ਸਮਾਨ ਦੁਬਈ-ਮੁੰਬਈ ਦਾ ਸਫਰ ਤਹਿ ਕਰੇਗਾ, ਜਿਸ ਨੂੰ 40-45 ਦਿਨ ਦਾ ਸਮਾਂ ਲੱਗੇਗਾ ਜਿਸ ਦਾ ਅਸਰ ਕਿਰਾਏ ਭਾੜੇ ਦੇ ਨਾਲ-ਨਾਲ ਮਾਲ ਦੇ ਸਵਾਦ ’ਤੇ ਵੀ ਪੈ ਸਕਦਾ ਹੈ। ਡਰਾਈ ਫਰੂਟ ਮਰਚੈਂਟ ਐਸੋਸੀਏਸ਼ਨ ਦੇ ਪ੍ਰਧਾਨ ਅਨਿਲ ਮਹਿਰਾ ਨੇ ਕਿਹਾ ਕਿ ਕਾਰੋਬਾਰ ਪ੍ਰਭਾਵਤ ਹੋਵੇਗਾ ਪਰ ਪਾਕਿਸਤਾਨ ਵਲੋਂ ਕੀਤਾ ਗਿਆ ਕਾਇਰਤਾਪੂਰਨ ਕੰਮ ਬਰਦਾਸ਼ਤਯੋਗ ਨਹੀਂ ਹੈ।

# ਵਿਆਹੇ ਹੋਣ ਨਾਲ ਵਧਦੈ ‘ਡਿਮੇਂਸ਼ੀਆ’ ਦਾ ਖ਼ਤਰਾ

## ਡਿਮੇਂਸ਼ੀਆ ਨਾਲ ਯਾਦਦਾਸ਼ਤ, ਸੋਚਣ ਦੀ ਸਮਰੱਥਾ, ਫ਼ੈਸਲਾ ਲੈਣ ਦੀ ਸਮਰੱਥਾ ਜਾਂ ਵਿਵਹਾਰ ਪ੍ਰਭਾਵਿਤ ਹੁੰਦਾ

ਲੰਡਨ/ਏ.ਟੀ.ਨਿਊਜ਼: ਕੀ ਤੁਸੀਂ ਇਸ ਗੱਲ ’ਤੇ ਵਿਸ਼ਵਾਸ ਕਰੋਗੇ ਕਿ ਕੁਆਰੇ ਰਹਿਣ ਜਾਂ ਵਿਆਹ ਖ਼ਤਮ ਕਰਨ ਨਾਲ ਡਿਮੇਂਸ਼ੀਆ ਹੋਣ ਦਾ ਖ਼ਤਰਾ ਘੱਟ ਸਕਦਾ ਹੈ? ਫਲੋਰੀਡਾ ਸਟੇਟ ਯੂਨੀਵਰਸਿਟੀ ਦੇ ਖੋਜੀਆਂ ਦੁਆਰਾ ਕੀਤੇ ਗਏ ਇੱਕ ਨਵੇਂ ਅਧਿਐਨ ਵਿੱਚ ਇਹ ਹੈਰਾਨੀਜਨਕ ਤੱਥ ਸਾਹਮਣੇ ਆਇਆ ਹੈ ਕਿ ਅਣਵਿਆਹੇ ਲੋਕਾਂ ਵਿੱਚ ਡਿਮੇਂਸ਼ੀਆ ਤੋਂ ਪੀੜਤ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਅਧਿਐਨ ਦੇ ਆਧਾਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਵਿਆਹੇ ਹੋਣ ਨਾਲ ਡਿਮੇਂਸ਼ੀਆ ਦਾ ਖ਼ਤਰਾ ਵੱਧ ਜਾਂਦਾ ਹੈ। ਅਮਰੀਕਾ ਵਿੱਚ 2019 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ‘ਅਣਵਿਆਹੇ ਲੋਕਾਂ ਵਿੱਚ ਖੋਜ ਦੀ ਮਿਆਦ ਦੌਰਾਨ ਵਿਆਹੇ ਹੋਏ ਲੋਕਾਂ ਦੇ ਮੁਕਾਬਲੇ ਡਿਮੇਂਸ਼ੀਆ ਹੋਣ ਦੀ ਸੰਭਾਵਨਾ ਕਾਫ਼ੀ ਜ਼ਿਆਦਾ ਸੀ।’



**ਚਾਰ ਸਮੂਹਾਂ ’ਤੇ ਕੀਤਾ ਗਿਆ ਅਧਿਐਨ**

ਦਰਅਸਲ ਵਿਆਹੇ ਲੋਕਾਂ ਨੂੰ ਆਮ ਤੌਰ ’ਤੇ ਬਿਹਤਰ ਸਿਹਤ ਵਾਲਾ ਮੰਨਿਆ ਜਾਂਦਾ ਹੈ। ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਦਿਲ ਦੀ ਬਿਮਾਰੀ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਹੁੰਦਾ ਹੈ ਅਤੇ ਉਹ ਲੰਬੇ ਸਮੇਂ ਤੱਕ ਜੀਉਂਦੇ ਹਨ। ਤਾਂ ਫਿਰ ਨਵਾਂ ਅਧਿਐਨ ਇਸ ਹੈਰਾਨੀਜਨਕ ਸਿੱਟੇ ’ਤੇ ਕਿਉਂ ਪਹੁੰਚਿਆ? ਆਓ ਇਸ ’ਤੇ ਇੱਕ ਡੂੰਘੀ ਵਿਚਾਰ ਕਰੀਏ। ਖੋਜੀਆਂ ਨੇ 24,000 ਤੋਂ ਵੱਧ ਅਮਰੀਕੀਆਂ ਦਾ ਵਿਸ਼ਲੇਸ਼ਣ ਕੀਤਾ ਜਿਨ੍ਹਾਂ ਨੂੰ ਅਧਿਐਨ ਦੀ ਸ਼ੁਰੂਆਤ ਵਿੱਚ ਡਿਮੇਂਸ਼ੀਆ ਨਹੀਂ ਸੀ। ਭਾਗੀਦਾਰਾਂ ਦੀ ਸਿਹਤ ਦੀ 18 ਸਾਲਾਂ ਤੱਕ ਨਿਗਰਾਨੀ ਕੀਤੀ ਗਈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਟੀਮ ਨੇ ਚਾਰ ਸਮੂਹਾਂ - ਵਿਆਹੇ, ਤਲਾਕਸ਼ੁਦਾ, ਵਿਧਵਾ ਅਤੇ ਕੁਆਰੇ - ਵਿੱਚ ਡਿਮੇਂਸ਼ੀਆ ਦੀਆਂ ਦਰਾਂ ਦੀ ਤੁਲਨਾ ਕੀਤੀ। ਪਹਿਲੀ ਨਜ਼ਰ ’ਤੇ ਇਹ ਜਾਪਦਾ ਸੀ ਕਿ ਤਿੰਨ ਹੋਰ ਸਮੂਹਾਂ ਵਿੱਚ ਵਿਆਹੇ ਸਮੂਹ ਦੇ ਮੁਕਾਬਲੇ ਡਿਮੇਂਸ਼ੀਆ ਦਾ ਖ਼ਤਰਾ ਘੱਟ ਸੀ। ਪਰ ਨਤੀਜਿਆਂ ਨੂੰ ਪ੍ਰਭਾਵਤ ਕਰਨ ਵਾਲੇ ਸਿਗਰਟਨੋਸ਼ੀ ਅਤੇ ਡਿਪਰੈਸ਼ਨ ਵਰਗੇ ਹੋਰ ਕਾਰਕਾਂ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ ਸਿਰਫ ਤਲਾਕਸ਼ੁਦਾ ਅਤੇ ਅਣਵਿਆਹੇ ਲੋਕਾਂ ਵਿੱਚ ਹੀ ਡਿਮੇਂਸ਼ੀਆ ਦਾ ਖ਼ਤਰਾ ਘੱਟ ਸੀ। ਡਿਮੇਂਸ਼ੀਆ ਦੀ ਕਿਸਮ ਦੇ ਆਧਾਰ ’ਤੇ ਵੀ ਅੰਤਰ ਦੇਖੇ ਗਏ।

**ਅਲਜ਼ਾਈਮਰ ਰੋਗ ਡਿਮੇਂਸ਼ੀਆ ਦਾ ਸਭ ਤੋਂ ਆਮ ਰੂਪ**

ਉਦਾਹਰਣ ਵਜੋਂ ਸਿੰਗਲ ਰਹਿਣ ਨੂੰ ਅਲਜ਼ਾਈਮਰ ਰੋਗ ਦੇ ਘੱਟ ਜੋਖਮ ਨਾਲ ਜੋੜਿਆ ਗਿਆ ਪਾਇਆ ਗਿਆ। ਅਲਜ਼ਾਈਮਰ ਰੋਗ ਡਿਮੇਂਸ਼ੀਆ ਦਾ ਸਭ ਤੋਂ ਆਮ ਰੂਪ ਹੈ। ਖੋਜੀਆਂ ਨੇ ਇਹ ਵੀ ਪਾਇਆ ਕਿ ਜਿਨ੍ਹਾਂ ਲੋਕਾਂ ਦਾ ਤਲਾਕ ਹੋਇਆ ਸੀ ਜਾਂ ਜਿਨ੍ਹਾਂ ਦਾ ਵਿਆਹ ਕਦੇ ਨਹੀਂ ਹੋਇਆ ਸੀ, ਉਨ੍ਹਾਂ ਵਿੱਚ ਬਿਮਾਰੀ ਦੇ ਹਲਕੇ ਲੱਛਣਾਂ ਤੋਂ ਡਿਮੇਂਸ਼ੀਆ ਤੱਕ ਵਧਣ ਦੀ ਸੰਭਾਵਨਾ ਘੱਟ ਸੀ ਅਤੇ ਜਿਨ੍ਹਾਂ ਦੇ ਜੀਵਨ ਸਾਥੀ ਦੀ ਅਧਿਐਨ ਦੌਰਾਨ ਮੌਤ ਹੋ ਗਈ ਸੀ, ਉਨ੍ਹਾਂ ਵਿੱਚ ਡਿਮੇਂਸ਼ੀਆ ਦਾ ਖ਼ਤਰਾ ਘੱਟ ਸੀ।

(ਬਾਕੀ ਸਫ਼ਾ 31 ’ਤੇ)



Matrimonial



Punjabi Sikh parents are seeking a suitable match for their 30-year-old son, who is a US citizen and 5'-5" tall. He is a university graduate with a Master of Science degree from Boston University and is currently employed as a scientist in a reputed company. We are looking for a professionally qualified girl from the USA or Canada. Please send your recent pictures and bio data to: b_kaur13@yahoo.com



## 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'

# ਪੰਜਾਬ ਦੀ ਵੰਡ ਕਾਰਨ ਆਰਥਿਕਤਾ ਤੇ ਸਾਂਝੀ ਰਹਿਤਲ ਨੂੰ ਵੱਜੀ ਭਾਰੀ ਸੱਟ

## ਹਰੀ ਤੇ ਚਿੱਟੀ ਕ੍ਰਾਂਤੀ ਕਾਰਨ ਹਰ ਪਾਸੇ ਅਨਾਜ ਅਤੇ ਦੁੱਧ ਦੀਆਂ ਲੱਗ ਗਈਆਂ ਸਨ ਲਹਿਰਾਂ ਬਹਿਰਾਂ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਇਹ ਮਾਣ ਹੈ ਕਿ ਭਾਰਤ ਦੀ ਤਰੱਕੀ ਅਤੇ ਅੰਨ ਭੰਡਾਰ ਵਿੱਚ ਇਸ ਨੇ ਵੱਡਾ ਯੋਗਦਾਨ ਪਾਇਆ ਹੈ। ਹਰੀ ਅਤੇ ਚਿੱਟੀ ਕ੍ਰਾਂਤੀ ਵੇਲੇ ਪੰਜਾਬ ਵਿੱਚ ਹਰ ਪਾਸੇ ਅਨਾਜ ਅਤੇ ਦੁੱਧ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਪਰਵਾਸ ਕਰਕੇ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਹਨ, ਜੋ ਕਿ ਆਪਣੇ ਸਿਰੜ, ਇਮਾਨਦਾਰੀ ਅਤੇ ਸਖ਼ਤ ਮਿਹਨਤ ਨਾਲ ਉਹਨਾਂ ਮੁਲਕਾਂ ਦੇ ਵਿਕਾਸ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਅਸਲ ਵਿੱਚ ਪੰਜਾਬੀਆਂ ਨੂੰ ਗੁੜ੍ਹਤੀ ਹੀ ਸਖ਼ਤ ਮਿਹਨਤ ਕਰਨ ਦੀ ਮਿਲੀ ਹੋਈ ਹੈ ਤੇ ਆਪਣੀ ਸਖ਼ਤ ਮਿਹਨਤ ਕਾਰਨ ਹੀ ਅੱਜ ਪੰਜਾਬ ਵੱਖ- ਵੱਖ ਖੇਤਰਾਂ ਵਿੱਚ ਬੁਲੰਦੀਆਂ ਨੂੰ ਛੂ ਰਿਹਾ ਹੈ।

ਕਈ ਵਾਰ ਹੋਈ ਪੰਜਾਬ ਦੀ ਵੰਡ : ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਵਿੱਚ ਪੰਜਾਬ ਦੀਆਂ ਹੱਦਾਂ ਤੇ ਸਰਹੱਦਾਂ ਦੂਰ ਦੂਰ ਤਕ ਫ਼ੈਲੀਆਂ ਹੋਈਆ ਸਨ ਅਤੇ ਕਾਬਲ- ਕੰਧਾਰ ਵੀ ਪੰਜਾਬ ਦਾ ਹਿੱਸਾ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਵਿਸ਼ਾਲ ਸਾਮਰਾਜ ਦਾ ਸੂਰਜ ਅਸਤ ਹੋ ਗਿਆ। ਉਸ ਤੋਂ ਬਾਅਦ 1947 ਦੀ ਭਾਰਤ - ਪਾਕਿਸਤਾਨ ਵੰਡ ਦੌਰਾਨ ਪੰਜਾਬ ਵੀ ਵੰਡਿਆ ਗਿਆ। ਇਸ ਵੰਡ ਨਾਲ ਪਾਕਿਸਤਾਨ ਕੋਲ 62 ਫ਼ੀਸਦੀ ਪੰਜਾਬ ਚਲਾ ਗਿਆ। ਸਾਨੂੰ ਮਿਲਿਆ 38 ਫ਼ੀਸਦੀ ਪੰਜਾਬ। ਵੰਡ ਨੇ ਪੰਜਾਬ ਦੀ ਆਬਾਦੀ ਅਤੇ ਜ਼ਮੀਨੀ ਵੰਡ ਦਾ ਲੱਕ ਤੋੜ ਦਿੱਤਾ। ਇਸ ਨਾਲ ਸਾਡੀ ਆਰਥਿਕਤਾ ਤੇ ਸਾਂਝੀ ਰਹਿਤਲ ਨੂੰ ਭਾਰੀ ਸੱਟ ਵੱਜੀ। 1966 ਵਿੱਚ ਪੰਜਾਬ ਨੂੰ ਹੋਰ ਛੋਟਾ ਕਰ ਦਿੱਤਾ ਗਿਆ। ਪੰਜਾਬ ਵਿੱਚੋਂ ਹਰਿਆਣੇ ਨੂੰ 12 ਫ਼ੀਸਦੀ ਅਤੇ ਹਿਮਾਚਲ ਨੂੰ ਤਕਰੀਬਨ 8 ਫ਼ੀਸਦੀ ਇਲਾਕਾ ਮਿਲ



ਗਿਆ। ਹੁਣ ਸਾਡਾ 18 ਫ਼ੀਸਦੀ ਦਾ ਪੰਜਾਬ ਹੈ। ਪੰਜਾਬ ਦੀ ਇਸ ਤਰੀਕੇ ਨਾਲ ਹੋਈ ਕੱਟ-ਵੱਢ ਨੇ ਅਖੀਰ ਆਪਣਾ ਰੰਗ ਤਾਂ ਦਿਖਾਉਣਾ ਹੀ ਸੀ।

1966 ਵਿੱਚ ਪੰਜਾਬ ਦੀ ਵੰਡ ਕਾਰਨ ਪੰਜਾਬ ਦਾ ਪਹਾੜੀ ਇਲਾਕਾ ਹਿਮਾਚਲ ਨੂੰ ਚਲਿਆ ਗਿਆ, ਉਥੇ ਸਿਆਸੀ, ਵਪਾਰਕ ਅਤੇ ਹੋਰ ਰੂਪਾਂ ਵਿੱਚ ਰਾਜਧਾਨੀ ਦਿੱਲੀ ਨਾਲ ਜੁੜਨ ਵਾਲਾ ਪੰਜਾਬ ਦਿੱਲੀ ਤੋਂ ਬਹੁਤ ਦੂਰ ਹੋ ਗਿਆ, ਜਿਸ ਕਾਰਨ ਪੰਜਾਬ ਦੀ ਸਨਅਤ, ਕਾਰੋਬਾਰ ਅਤੇ ਵਪਾਰਕ ਘਰਾਣੇ ਪੰਜਾਬ ਤੋਂ ਹਿਜਰਤ ਕਰ ਗਏ। ਇਸ ਸਮੇਂ ਦੌਰਾਨ ਹਰਿਆਣਾ ਦੇਸ਼ ਦੀ ਰਾਜਧਾਨੀ ਦਿੱਲੀ ਦੇ ਨਾਲ ਲੱਗਦਾ ਹੋਣ ਕਰਕੇ ਅਨੇਕਾਂ ਬਰਕਤਾਂ ਨੂੰ ਖੱਟ ਗਿਆ। ਜਿਸ ਕਰਕੇ ਪੰਜਾਬ ਲਈ ਹਰਿਆਣਾ ਦੇ ਰੂਪ ਵਿੱਚ ਵੱਡਾ ਸ਼ਰੀਕ ਪੈਦਾ ਹੋ ਗਿਆ। ਇਸ ਸਮੇਂ ਪੰਜਾਬ ਸਿਰਫ਼ ਖੇਤੀ ਪ੍ਰਧਾਨ ਸੂਬਾ ਹੈ, ਪਰ ਖੇਤੀਬਾੜੀ ਦੇ ਖੇਤਰ ਵਿੱਚ ਹਰੀ ਕ੍ਰਾਂਤੀ ਲਿਆਉਣ ਦੇ ਬਾਵਜੂਦ ਪੰਜਾਬ ਕੋਈ ਵੱਡੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ।

### ਖੇਤੀ ਆਧਾਰਿਤ ਸਨਅਤਾਂ ਲਗਾਉਣ ਦੀ ਲੋੜ

ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਪਰ ਪੰਜਾਬ ਵਿੱਚ ਖੇਤੀਬਾੜੀ ਨਾਲ ਸਬੰਧਿਤ ਸਨਅਤਾਂ ਅਤੇ ਉਦਯੋਗ ਲਗਾਉਣ ਵਿੱਚ ਪੰਜਾਬ ਦੀਆਂ ਵੱਖ- ਵੱਖ ਸਮੇਂ ਰਾਜ ਕਰਦੀਆਂ ਰਹੀਆਂ ਸਰਕਾਰਾਂ ਅਸਫ਼ਲ ਰਹੀਆਂ, ਜਿਸ ਕਾਰਨ ਪੰਜਾਬ ਦੀ



ਖੇਤੀਬਾੜੀ ਘਾਟੇ ਦਾ ਕੰਮ ਬਣਦੀ ਗਈ। ਇਸ ਤੋਂ ਇਲਾਵਾ ਵਧੇਰੇ ਉਤਪਾਦਨ ਦੇ ਲਾਲਚ ਵਿੱਚ ਪੰਜਾਬੀ ਕਿਸਾਨਾਂ ਵੱਲੋਂ ਕੀੜੇਮਾਰ ਦਵਾਈਆਂ ਅਤੇ ਰਸਾਇਣਿਕ ਖਾਦਾਂ ਦੀ ਕੀਤੀ ਜਾ ਰਹੀ ਵਧੇਰੇ ਵਰਤੋਂ ਕਾਰਨ ਪੰਜਾਬ ਦਾ ਪੌਣ ਪਾਣੀ ਪ੍ਰਦੂਸ਼ਿਤ ਹੋ ਗਿਆ, ਜਿਸ ਦਾ ਸ਼ਿਕਾਰ ਪੰਜਾਬੀ ਖੁਦ ਹੋ ਰਹੇ ਹਨ। ਇਸ ਤੋਂ ਇਲਾਵਾ ਪੰਜਾਬੀ ਨੌਜਵਾਨਾਂ ਵਿੱਚ ਜਲਦੀ ਅਮੀਰ ਹੋਣ ਦੇ ਵਕਤੀ ਦਿਖਾਵੇ ਅਤੇ ਹੀਰੋਇਜ਼ਮ



ਨੇ ਕਈ ਬੁਰਾਈਆਂ ਨੂੰ ਜਨਮ ਦਿੱਤਾ ਹੈ। ਬਾਜ਼ਾਰਾਂ ਵਿੱਚ ਫ਼ੈਲ ਰਹੇ ਸ਼ੌਪਿੰਗ ਮਾਲ ਅਤੇ ਕਾਰਪੋਰੇਟ ਸੈਕਟਰ ਦਾ ਆਪਣਾ ਲਭਾਉਣਾ ਪੱਖ ਹੈ। ਇਸ ਕਰਕੇ ਚਾਰ-ਚੁਫ਼ੇਰੇ ਚਕਾਚੌਂਧ ਦੀ ਭਾਜੜ ਮੱਚੀ ਨਜ਼ਰ ਆਉਂਦੀ ਹੈ। ਅਸਲ ਵਿੱਚ ਲੋੜ ਤਾਂ ਇਸ ਗਲ ਦੀ ਹੈ ਕਿ ਪੰਜਾਬ 'ਚ ਖੇਤੀਬਾੜੀ ਨਾਲ ਸਬੰਧਿਤ ਸਨਅਤਾਂ ਅਤੇ ਉਦਯੋਗ ਲਗਾਏ ਜਾਣ, ਜਿਨ੍ਹਾਂ ਵਿੱਚ ਪੰਜਾਬੀਆਂ ਨੂੰ ਪਹਿਲ ਦੇ ਆਧਾਰ 'ਤੇ ਰੁਜ਼ਗਾਰ ਦਿੱਤਾ ਜਾਵੇ। ਪੰਜਾਬ ਵਿੱਚ ਜੇ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਤੋਂ ਅਨੇਕਾਂ ਤਰਾਂ ਦਾ ਸਮਾਨ ਬਣਾਉਣ ਦੀਆਂ ਸਨਅਤਾਂ ਲੱਗ ਜਾਣ ਤਾਂ ਖੇਤਾਂ ਵਿੱਚ ਨਾੜ ਅਤੇ ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਆਪਣੇ ਆਪ ਹੱਲ ਹੋ ਜਾਵੇਗੀ।

### ਪਰਵਾਸ ਕਿਸੇ ਮਸਲੇ ਦਾ ਹੱਲ ਨਹੀਂ

ਸੱਤਰ ਸਾਲ ਪਹਿਲਾਂ ਜਿਨ੍ਹਾਂ ਵਿਦੇਸ਼ੀ ਹਾਕਮਾਂ ਨੂੰ ਇੱਥੋਂ ਕੱਢਣ ਲਈ ਪੰਜਾਬੀਆਂ ਨੇ ਅਨੇਕਾਂ ਕੁਰਬਾਨੀਆਂ ਦਿੱਤੀਆਂ ਸਨ, ਪਰ ਅੱਜ ਦੀ ਅਸਲੀਅਤ ਇਹ ਹੈ ਕਿ ਪੰਜਾਬੀ ਉਨ੍ਹਾਂ ਹਾਕਮਾਂ ਦੇ ਮੁਲਕਾਂ ਵਿੱਚ ਪਨਾਹਗੀਰ ਹੋ ਜਾਣ ਲਈ ਤਰਲੋਮੱਛੀ ਹੋ ਰਹੇ ਹਨ। ਪੰਜਾਬੀ ਹੁਣ ਪਹਿਲਾਂ ਆਪਣੇ ਬੱਚਿਆਂ ਨੂੰ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਭੇਜਦੇ ਹਨ, ਫ਼ਿਰ ਉਹਨਾਂ ਦੇ ਪਿੱਛੇ ਪਿੱਛੇ ਖੁਦ ਵੀ ਵਿਦੇਸ਼ ਉਡਾਰੀ ਮਾਰ ਰਹੇ ਹਨ। ਪੰਜਾਬ ਵਿੱਚ ਹੁਣ ਐਨ.ਆਰ.ਆਈ. ਪੰਜਾਬੀਆਂ ਨੇ ਪੈਸਾ ਅਤੇ ਉਦਯੋਗ ਲਗਾਉਣ ਤੋਂ ਮੂੰਹ ਮੋੜ ਲਿਆ ਹੈ। ਹਰ ਸਾਲ ਪੰਜਾਬੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦਾ ਕਰੋੜਾਂ ਰੁਪਇਆ ਵੀ ਵਿਦੇਸ਼ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਵਿੱਤੀ ਸੰਕਟ ਵਿੱਚ ਘਿਰਦਾ ਜਾ ਰਿਹਾ ਹੈ।

ਪੰਜਾਬੀਆਂ ਨੂੰ ਜਦੋਂ ਇਹਨਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਸੁੱਝਦਾ, ਤਾਂ ਉਹ ਪੰਜਾਬ ਨੂੰ ਅਲਵਿਦਾ ਕਹਿ ਕੇ ਦਿੱਲੀ ਦੇ ਹਵਾਈ ਅੱਡੇ ਤੋਂ ਅਧਮੀਟੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਸੰਜੋ ਕੇ ਵਿਦੇਸ਼ਾਂ ਨੂੰ ਜਾਣ ਲਈ ਜਹਾਜ਼ ਚੜ ਰਹੇ ਹਨ। ਜਿਸ ਕਰਕੇ ਪੰਜਾਬ ਹੁਣ ਖਾਲੀ ਹੁੰਦਾ ਜਾ ਰਿਹਾ ਹੈ ਅਤੇ ਪੰਜਾਬ ਵਿੱਚ ਪੰਜਾਬੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ, ਜਦੋਂ ਕਿ ਦੂਜੇ ਰਾਜਾਂ ਤੋਂ ਪੰਜਾਬ ਵਿੱਚ ਆ ਕੇ ਰਹਿਣ ਵਾਲਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਪੰਜਾਬ ਦੇ ਹਰ ਪਿੰਡ/ਸ਼ਹਿਰ/ਕਸਬੇ ਵਿੱਚ ਅੱਧੇ ਤੋਂ ਜਿਆਦਾ ਘਰ ਅਜਿਹੇ ਹਨ, ਜਿਨ੍ਹਾਂ ਦੇ ਦਰਾਂ ਨੂੰ ਤਾਲਾ ਲੱਗਿਆ ਹੁੰਦਾ ਹੈ ਅਤੇ ਉਹਨਾਂ ਘਰਾਂ ਦੇ ਵਸਨੀਕ ਵਿਦੇਸ਼ ਉਡਾਰੀ ਮਾਰ ਗਏ ਹਨ। ਪਿੱਛੇ ਸੁੰਨੇ ਪਏ ਘਰ ਭੂਤ ਬੰਗਲੇ ਬਣਦੇ ਜਾ ਰਹੇ ਹਨ, ਜਿਨ੍ਹਾਂ ਉਪਰ ਕਦੇ ਵੀ ਕੋਈ ਵੀ ਕਬਜ਼ਾ ਕਰਨ ਦਾ ਯਤਨ ਕਰ ਰਿਹਾ ਹੈ। ਵਿਦੇਸ਼ ਜਾਣ ਦੀ ਚਕਾਚੌਂਧ ਵਿੱਚ ਪੰਜਾਬੀ ਆਪਣੀਆਂ ਜ਼ਮੀਨਾਂ ਸਸਤੇ ਭਾਅ ਵੇਚ ਕੇ ਵਿਦੇਸ਼ ਪੱਕੇ ਤੌਰ 'ਤੇ ਜਾ ਰਹੇ ਹਨ। ਪੰਜਾਬ ਨਾਲ ਉਹਨਾਂ ਦਾ ਮੋਹ ਭੰਗ ਹੁੰਦਾ ਦਿਖਾਈ ਦੇ ਰਿਹਾ ਹੈ। ਪੰਜਾਬੀਆਂ ਲਈ ਪਰਵਾਸ ਕਰਕੇ ਵਿਦੇਸ਼ ਜਾਣਾ ਗਲਤ ਨਹੀਂ ਹੈ, ਪਰ ਪੰਜਾਬੀਆਂ ਨੂੰ ਇਹ ਗਲ ਸਮਝ ਜਾਣੀ ਚਾਹੀਦੀ ਹੈ ਕਿ ਪਰਵਾਸ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ।

### ਪੰਜਾਬ ਦੇ ਵਿਕਾਸ 'ਚ ਯੋਗਦਾਨ ਪਾਉਣ ਐਨ.ਆਰ.ਆਈ.ਪੰਜਾਬੀ

ਪਰਵਾਸੀ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਪੰਜਾਬ ਨਾਲ ਜੋੜ ਕੇ ਰੱਖਣੀਆਂ ਚਾਹੀਦੀਆਂ ਹਨ। ਪੰਜਾਬੀ ਦੁਨੀਆਂ ਦੇ ਕਿਸੇ ਵੀ ਮੁਲਕ 'ਚ ਚਲੇ ਜਾਣ ਪਰ ਉਹਨਾਂ ਦੇ 'ਪੇਕੇ' ਪੰਜਾਬ 'ਚ ਹੀ ਹੁੰਦੇ ਹਨ। ਇਸ ਲਈ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਲਈ ਅਤੇ ਪੰਜਾਬ ਤੇ ਪੰਜਾਬੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹਲ ਲਈ ਉਪਰਾਲੇ ਕਰਨੇ ਚਾਹੀਦੇ ਹਨ। ਐਨ.ਆਰ. ਆਈ. ਪੰਜਾਬੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਕੇ ਪੰਜਾਬ 'ਚ ਸਨਅਤਾਂ ਅਤੇ ਹੋਰ ਕੰਮ ਧੰਦੇ ਆਰੰਭ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬੀਆਂ ਨੂੰ ਰੁਜ਼ਗਾਰ ਮਿਲੇ ਅਤੇ ਪੰਜਾਬ ਦਾ ਸਰਬਪੱਖੀ ਵਿਕਾਸ ਹੋਵੇ। ਐਨ. ਆਰ . ਆਈ. ਪੰਜਾਬੀਆਂ ਨੂੰ ਆਪਣੇ ਜੱਦੀ ਪਿੰਡਾਂ ਦੇ ਵਿਕਾਸ 'ਚ ਜਰੂਰ ਯੋਗਦਾਨ ਪਾਉਣਾ ਚਾਹੀਦਾ ਹੈ।

### ਅਨੇਕਾਂ ਸਮੱਸਿਆਵਾਂ 'ਚ ਘਿਰਿਆ ਪੰਜਾਬ

ਪੰਜਾਬ ਵਿੱਚ ਇਸ ਸਮੇਂ ਨਸ਼ਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਖੇਤੀਬਾੜੀ ਲਈ ਉਪਜਾਊ ਜ਼ਮੀਨਾਂ ਦੀ ਘਾਟ, ਪਿੰਡਾਂ ਦਾ ਹੋ ਰਿਹਾ ਸ਼ਹਿਰੀਕਰਨ, ਅਮਨ ਕਾਨੂੰਨ ਦੀ ਡਾਵਾਂਡੋਲ ਹੋ ਰਹੀ ਸਥਿਤੀ, ਹਰ ਦਿਨ ਹੋ ਰਹੀਆਂ ਲੁੱਟਾਂ-ਖੋਹਾਂ, ਖੂਨ ਪੀਣੀਆਂ ਸੜਕਾਂ, ਹਰ ਪਾਸੇ ਬਣਿਆ ਆਪੋ-ਧਾਪੀ ਦਾ ਮਾਹੌਲ, ਗੈਂਗਸਟਰਵਾਦ, ਹਰ ਤਰ੍ਹਾਂ ਦਾ ਪ੍ਰਦੂਸ਼ਣ, ਪੀਣ ਵਾਲੇ ਪਾਣੀ ਦੀ ਘਾਟ, (ਬਾਕੀ ਸਫ਼ਾ 30 'ਤੇ)







# ਚਿੱਠੀਸਿੰਘਪੁਰਾ ’ਚ 35 ਸਿੱਖਾਂ ਦੇ ਕਤਲੇਆਮ ਦਾ ਮਾਮਲਾ: 25 ਸਾਲਾਂ ਬਾਅਦ ਵੀ ਸਿੱਖਾਂ ਨੂੰ ਨਹੀਂ ਮਿਲਿਆ ਇਨਸਾਫ਼

ਕਿਵੇਂ ਭੁੱਲਿਆ ਜਾ ਸਕਦੈ 20, ਮਾਰਚ ਸੰਨ 2000, ਹੋਲੀ ਦਾ ਉਹ ਦਿਨ, ਜਦੋਂ ਚਿੱਠੀਸਿੰਘਪੁਰਾ ਵਿੱਚ 35 ਬੇਦੋਸ਼ੇ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ ਸੀ। ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫ਼ੇਰੀ ਦੌਰਾਨ ਵਾਪਰੇ ਇਸ ਖ਼ੂਨੀਕਾਂਡ ਨੇ ਹਰ ਵੇਖਣ ਸੁਣਨ ਵਾਲੇ ਦੇ ਦਿਲਾਂ ਨੂੰ ਝੰਜੋੜ ਦਿੱਤਾ ਸੀ, ਏਥੋਂ ਤੱਕ ਕਿ ਖੁਦ ਬਿਲ ਕਲਿੰਟਨ ਨੂੰ ਵੀ ਮਜ਼ਬੂਰ ਹੋ ਕੇ ਇਸ ਕਤਲੇਆਮ ਬਾਰੇ ਲਿਖਣਾ ਪੈ ਗਿਆ ਸੀ। ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਮੈਡਲੀਨ ਅਲਬ੍ਰਾਈਟ ਦੀ ਇੱਕ ਕਿਤਾਬ ‘ਦਿ ਮਾਈਟੀ ਐਂਡ ਦ ਅਲਮਾਈਟੀ ’ ਦੇ ਮੁੱਖ ਬੰਦ ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨੇ ਚਿੱਠੀਸਿੰਘਪੁਰਾ ਹਮਲੇ ’ਤੇ ਗਹਿਰੀ ਚਿੰਤਾ ਪ੍ਰਗਟਾਈ ਸੀ। ਉਨ੍ਹਾਂ ਕਿਹਾ ਸੀ ਕਿ ਜੇ ਮੈਂ ਉਹ ਦੌਰਾ ਨਾ ਕੀਤਾ ਹੁੰਦਾ, ਤਾਂ ਸੰਭਵ ਹੈ ਕਿ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਉਹ ਸਿੱਖ ਅੱਜ ਜਿਉਂਦੇ ਹੁੰਦੇ।

ਉਨ੍ਹਾਂ ਦੀ ਇਹ ਟਿੱਪਣੀ ਇਹ ਸੰਕੇਤ ਦਿੰਦੀ ਹੈ ਕਿ ਇਹ ਕਤਲੇਆਮ ਉਨ੍ਹਾਂ ਦੀ ਯਾਤਰਾ ਨੂੰ ਪ੍ਰਭਾਵਿਤ ਕਰਨ ਲਈ ਹੀ ਕੀਤਾ ਗਿਆ ਸੀ। ਭਾਰਤ ਸਰਕਾਰ ਇਸ ਪਿੱਛੇ ਪਾਕਿਸਤਾਨੀ ਦਹਿਸਤਗਰਦਾਂ ਦਾ ਹੱਥ ਹੋਣ ਦੀ ਗੱਲ ਕਰਦੀ ਹੈ ਅਤੇ ਜਿਹਾਦੀ ਭਾਰਤੀ ਖ਼ੁਫ਼ੀਆ ਏਜੰਸੀਆਂ ਉੱਪਰ ਇਲਜ਼ਾਮ ਲਗਾਉਂਦੇ ਹਨ। ਭਾਰਤੀ ਫ਼ੌਜ ਨੇ ਦੋਸ਼ੀਆਂ ਨੂੰ ਪਕੜਨ ਦਾ ਦਾਅਵਾ ਕਰਕੇ ਪਥਰੀਬਲ ਵਿੱਚ ਮੁਕਾਬਲੇ ਵਿੱਚ ਮਾਰ ਮੁਕਾਇਆ ਸੀ ਤੇ ਦੱਸਿਆ ਜੋ ਬਾਅਦ ਵਿੱਚ ਇੱਕ ਮੁਕੱਦਮੇ ਦੇ ਫ਼ੈਸਲੇ ਅਨੁਸਾਰ ਝੂਠਾ ਦਾਅਵਾ ਸਾਬਤ ਹੋਇਆ ਕਿਉਂਕਿ ਮਾਰੇ ਗਏ ਨੌਜਵਾਨ ਆਮ ਕਸ਼ਮੀਰੀ ਨਾਗਰਿਕ ਸਿੱਧ ਹੋਏ। ਚਿੱਠੀਸਿੰਘਪੁਰਾ ’ਤੇ ਹਾਈਕੋਰਟ ਦੇ ਆਦੇਸ਼ ਦੇ ਬਾਵਜੂਦ ਕੋਈ ਸਰਕਾਰੀ ਏਜੰਸੀ ਦੁਆਰਾ ਇਸ ਕਤਲੇਆਮ ਦੀ ਗੁੱਥੀ ਸੁਲਝਾਈ ਨਹੀਂ ਜਾ ਸਕੀ।

### ਚਿੱਠੀਸਿੰਘਪੁਰਾ ਨਾਲ ਇਤਿਹਾਸਕ ਰਿਸ਼ਤਾ

ਚਿੱਠੀਸਿੰਘਪੁਰਾ, ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦਾ ਵੱਡੀ ਸਿੱਖ ਵਸੋਂ ਵਾਲਾ ਪਿੰਡ ਹੈ ਜਿੱਥੇ ਸਿੱਖ, ਹਿੰਦੂ, ਮੁਸਲਮਾਨ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਬੜੇ ਪ੍ਰੇਮ ਅਤੇ ਭਰਾਤਰੀ ਭਾਵ ਨਾਲ ਰਹਿੰਦੇ ਹਨ। ਦੱਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕੇ ਵਿੱਚ ਸਿੱਖਾਂ ਨੂੰ ਵਸਾਇਆ ਸੀ ਅਤੇ ਉਨ੍ਹਾਂ ਨੂੰ ਜ਼ਮੀਨਾਂ ਅਤੇ ਬਾਗ਼ ਦਿੱਤੇ ਸਨ। ਅਜਿਹੇ ਖ਼ੁਸ਼ਗਵਾਰ ਮਹੌਲ ਵਿੱਚ ਇੱਕ ਦਿਨ ਏਨਾ ਭਿਆਨਕ ਕਤਲੇਆਮ ਵਾਪਰਨ ਦੀ ਕਿਸੇ ਨੇ ਉਮੀਦ ਵੀ ਨਹੀਂ ਸੀ ਕੀਤੀ। ਕੁਝ ਪਲਾਂ ’ਚ ਹੀ ਹੱਸਦੇ-ਵੱਸਦੇ 17 ਸਿੱਖਾਂ ਦੇ ਪਰਿਵਾਰ ਉੱਜੜ ਗਏ।

### ਕਿਵੇਂ ਵਾਪਰਿਆ ਕਾਂਡ ?

ਭਾਵੇਂ ਚਿੱਠੀਸਿੰਘਪੁਰਾ ਕਤਲੇਆਮ ਨੂੰ 25 ਸਾਲ ਬੀਤ ਚੁੱਕੇ ਹਨ ਪਰ ਪੀੜਤਾਂ ਦੇ ਜ਼ਖਮ ਅੱਜ ਵੀ ਅਲੇ ਹਨ। ਇਸ ਕਤਲੇਆਮ ਵਿਚੋਂ ਜ਼ਿੰਦਾ ਬਚੇ ਸ. ਨਾਨਕ ਸਿੰਘ ਬੇਦੀ ਨੂੰ ਇਹ ਸਾਰੀ ਘਟਨਾ ਅੱਜ ਵੀ ਇੰਨ-ਬਿੰਨ ਯਾਦ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ। ਉਹ ਦੱਸਦੇ ਹਨ ਕਿ 20 ਮਾਰਚ, 2000 ਦੀ ਰਾਤ ਨੂੰ ਕਰੀਬ ਪੌਣੇ ਅੱਠ ਵੱਜੇ ਸਨ, ਕੁਝ ਲੋਕ ਗੁਰਦੁਆਰਾ ਸਾਹਿਬ ਤੋਂ ਵਾਪਿਸ ਆ ਰਹੇ ਸਨ, ਔਰਤਾਂ ਘਰਾਂ ਵਿੱਚ ਪ੍ਰਸ਼ਾਦਾ ਤਿਆਰ ਕਰ ਰਹੀਆਂ ਸਨ, ਕਿਸੇ ਘਰ ਵਿੱਚ ਟੀ.ਵੀ.-ਰੇਡੀਓ ’ਤੇ ਖ਼ਬਰਾਂ ਚੱਲ ਰਹੀਆਂ ਸਨ। ਉਸ ਸਮੇਂ ਭਾਰਤੀ ਫ਼ੌਜ ਦੀ ਵਰਦੀ ਵਿੱਚ 10-



12 ਨਕਾਬਪੋਸ਼, ਹਥਿਆਰਬੰਦ ਵਿਅਕਤੀਆਂ ਨੇ ਸ਼ਨਾਖ਼ਤ ਕਰਨ ਦੇ ਬਹਾਨੇ ਪਿੰਡ ਦੇ ਸਿੱਖ ਪਰਿਵਾਰਾਂ ਦੇ ਮਰਦਾਂ ਨੂੰ ਘਰੋਂ ਬਾਹਰ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਕਰ ਲਿਆ। ਉਨ੍ਹਾਂ ਨੇ ਦੱਸਿਆ ਕਿ ਇਹ ਕਤਲੇਆਮ ਪਿੰਡ ਵਿੱਚ ਦੋ ਵੱਖ-ਵੱਖ ਥਾਵਾਂ ’ਤੇ ਇੱਕੋ ਸਮੇਂ ਵਾਪਰਿਆ। ਗੁਰਦੁਆਰਾ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ 19, ਜਦਕਿ ਗੁਰਦੁਆਰਾ ਸਾਹਿਬ ਸ਼ੌਕੀਨ ਮੁਹੱਲਾ ਦੇ ਬਾਹਰ 17 ਮਰਦਾਂ ਨੂੰ ਇੱਕ ਕੰਧ ਦੇ ਸਾਹਮਣੇ ਖੜ੍ਹਾ ਕਰ ਲਿਆ ਗਿਆ। ਇਨ੍ਹਾਂ ਵਿੱਚ 16-17 ਸਾਲਾਂ ਦੇ ਨੌਜਵਾਨਾਂ ਤੋਂ ਲੈ ਕੇ 60-70 ਸਾਲ ਦੇ ਬਜ਼ੁਰਗ ਵੀ ਸ਼ਾਮਿਲ ਸਨ।

ਹਥਿਆਰਬੰਦ ਵਿਅਕਤੀਆਂ ਵਿਚੋਂ ਇੱਕ ਨੇ ਹਵਾ ’ਚ ਫ਼ਾਇਰ ਕੀਤਾ, ਜਿਸ ਤੋਂ ਬਾਅਦ ਕਤਾਰਾਂ ਵਿੱਚ ਖੜ੍ਹੇ ਸਿੱਖਾਂ ਉੱਪਰ ਅੰਨ੍ਹੇਵਾਹ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਸ. ਨਾਨਕ ਸਿੰਘ ਦੇ ਦੱਸਣ ਮੁਤਾਬਕ ਜਦੋਂ ਗੋਲੀ ਚਲੀ ਤਾਂ ਮੈ ਵੀ ਬਾਕੀਆਂ ਨਾਲ ਹੇਠਾਂ ਹੇਠਾਂ ਡਿੱਗ ਪਿਆ ਪਰ ਮੈਨੂੰ ਕੋਈ ਗੋਲੀ ਨਹੀਂ ਲੱਗੀ। ਮੈਂ ਹੇਠਾਂ ਪਿਆ, ਮਰੇ ਹੋਣ ਦਾ ਨਾਟਕ ਕਰ ਰਿਹਾ ਸੀ ਅਤੇ ਚਿੱਤ ਵਿੱਚ ਵਾਹਿਗੁਰੂ-ਵਾਹਿਗੁਰੂ ਕਰ ਰਿਹਾ ਸੀ। ਹਮਲਾਵਰਾਂ ਨੇ ਹੇਠਾਂ ਡਿੱਗੇ ਵਿਅਕਤੀਆਂ ਦੀ ਮੌਤ ਸੁਨਿਸ਼ਚਿਤ ਕਰਨ ਲਈ ਸਾਰਿਆਂ ਉੱਪਰ ਟੋਰਚ ਮਾਰ ਕੇ ਵੇਖਿਆ ਅਤੇ ਦੁਬਾਰਾ ਫ਼ਿਰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਹੁਣ ਮੈਨੂੰ ਲੱਗਿਆ ਸੀ ਕਿ ਮੇਰੀ ਮੌਤ ਵੀ ਤੈਅ ਹੈ। ਜਦੋਂ ਦੁਬਾਰਾ ਗੋਲੀਆਂ ਚੱਲੀਆਂ ਤਾਂ ਮੇਰੀ ਲੱਤ ਵਿੱਚ ਗੋਲੀ ਲੱਗੀ ਜੋ ਕਿ, ਚੂਲੇ ਵਿੱਚ ਜਾ ਕੇ ਫ਼ਸ ਗਈ। ਪਰ ਮੈਂ ਜ਼ਰਾ ਜਿੰਨੀ ਵੀ ਅਵਾਜ਼ ਨਹੀਂ ਕੱਢੀ। ਮੈਨੂੰ ਵੀ ਉਨ੍ਹਾਂ ਨੇ ਮਰਿਆ ਹੋਇਆ ਸਮਝ ਲਿਆ। ਸਾਰਿਆਂ ਨੂੰ ਮਾਰਨ ਤੋਂ ਬਾਅਦ ਹਮਲਾਵਰਾਂ ਨੇ ਜੈ ਹਿੰਦ, ‘ਜੈ ਮਾਤਾ ਦੀ’ ਅਤੇ ‘ਭਾਰਤ ਮਾਤਾ ਕੀ ਜੈ’ ਦੇ ਨਾਅਰੇ ਲਗਾਏ ਅਤੇ ਚਲੇ ਗਏ। ਮੈਂ ਉੱਠ ਕੇ ਵੇਖਿਆ, ਤਾਂ ਕਿਸੇ ਨੇ ਮੈਨੂੰ ਆਪਣੀ ਬਾਂਹ ਨਾਲ ਫ਼ੜਿਆ ਹੋਇਆ ਸੀ, ਜਦੋਂ ਮੈਂ ਬਾਂਹ ਚੁੱਕ ਕੇ ਧਿਆਨ ਨਾਲ ਵੇਖਿਆ ਤਾਂ ਇਹ ਮੇਰਾ ਪੁੱਤਰ ਗੁਰਮੀਤ ਸਿੰਘ ਸੀ। ਮੈਂ ਉਸਦੇ ਸਰੀਰ ਨੂੰ ਹਲੂਣ ਕੇ ਜਗਾਉਣ ਦੀ ਕੋਸਿਸ਼ ਕੀਤੀ, ਉਸਦੇ ਸਿਰ ਤੇ ਹੱਥ ਰੱਖਿਆ ਜੋ ਕਿ ਖ਼ੂਨ ਨਾਲ ਲੱਥਪਥ ਸੀ। ਮੇਰੇ ਚਿਹਰੇ ‘ਤੇ ਹੰਝੂ ਵਹਿ ਤੁਰੇ। ਮੈਂ ਖੜ੍ਹਾ ਨਹੀਂ ਹੋ ਸਕਿਆ। ਮੈਨੂੰ ਪਾਣੀ ਦਾ ਇੱਕ ਘੁੱਟ ਚਾਹੀਦਾ ਸੀ। ਮੇਰੇ ਸਾਹਮਣੇ ਖ਼ੂਨ ਨਾਲ ਲੱਥਪੱਥ ਲਾਸ਼ਾਂ ਦਾ ਢੇਰ ਪਿਆ ਸੀ, ਕੁਝ ਅਜੇ ਵੀ ਸਹਿਕ ਰਹੇ ਸਨ। ਹਰ ਕਿਸੇ ਨੂੰ 10 ਤੋਂ 12 ਗੋਲੀਆਂ ਲੱਗੀਆਂ ਸਨ। ਉਹ ਭਿਆਨਕ ਦ੍ਰਿਸ਼ ਮੇਰੇ ਦਿਮਾਗ ’ਤੇ ਅੱਜ ਵੀ ਛਪਿਆ ਹੋਇਆ ਹੈ ।

ਇਨ੍ਹਾਂ 35 ਸ਼ਹੀਦਾਂ ਵਿੱਚ ਸ. ਨਾਨਕ ਸਿੰਘ ਦੇ ਛੋਟੇ ਪੁੱਤਰ ਸਮੇਤ ਪਰਿਵਾਰ ਦੇ ਕੁੱਲ੍ਹ 7 ਜੀਅ ਸਨ। ਸ. ਨਾਨਕ ਸਿੰਘ ਅਨੁਸਾਰ ਹਮਲਾਵਰ ਇੱਕ ਦੂਸਰੇ ਨੂੰ ਪਵਨ, ਬੰਸੀ ਅਤੇ ਬਹਾਦਰ ਕਹਿ ਕੇ ਬੁਲਾ ਰਹੇ ਸਨ।

ਨਰਿੰਦਰ ਕੌਰ, ਜਿਨ੍ਹਾਂ ਨੇ ਆਪਣੇ ਪਤੀ ਸਮੇਤ ਪਰਿਵਾਰ ਦੇ ਸਾਰੇ ਤਿੰਨ ਪੁਰਸ਼ ਮੈਂਬਰ ਗਵਾਏ ਸਨ, ਨੇ ਕਿਹਾ ਸੀ, *ਮੈਂ ਇਸ ਵਿਨਾਸ਼ਕਾਰੀ ਸ਼ਾਮ ਨੂੰ ਨਹੀਂ ਭੁਲਾ ਸਕਦੀ। ਫ਼ੌਜ ਦੇ ਕਪੜਿਆਂ ਵਿਚਲੇ ਮਰਦਾਂ ਨੇ ਸਾਡੇ ਪਰਿਵਾਰ ਦੇ ਮਰਦਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਨਿਕਲਣ ਅਤੇ ਬਾਹਰ ਇਕੱਠੇ ਹੋਣ ਲਈ ਕਿਹਾ ਕਿਉਂਕਿ ਉਨ੍ਹਾਂ ਨੇ ਘਰਾਂ ਦੀ ਤਲਾਸ਼ੀ ਲੈਣੀਂ ਹੈ।

ਉਸਨੇ ਕਿਹਾ ਕਿ ਉਸ ਦਾ ਪਤੀ, ਅਤੇ ਉਨ੍ਹਾਂ ਦੇ ਦੋ ਪੁੱਤਰ ਵੀ ਉਨ੍ਹਾਂ ਦੇ ਭਰੋਸੇ ਤੋਂ ਬਾਅਦ ਬਾਹਰ ਨਿਕਲੇ ਸਨ, ਕਿ ਸਿਰਫ਼ ਉਨ੍ਹਾਂ ਦੇ ਪਛਾਣ ਪੱਤਰਾਂ ਦੀ ਜਾਂਚ ਕੀਤੀ ਜਾਵੇਗੀ। ਕੁਝ ਦੇਰ ਬਾਅਦ ਅਸੀਂ ਗੋਲੀਆਂ ਦੀ ਆਵਾਜ਼ ਸੁਣੀਂ ਅਤੇ ਚੀਕਾਂ ਮਾਰੀਆਂ, ਮੈਂ ਹੋਰਨਾਂ ਗੁਆਂਢੀਆਂ ਦੇ ਨਾਲ ਇਹ ਵੇਖਣ ਲਈ ਬਾਹਰ ਗਈ ਕਿ ਕੀ ਹੋ ਰਿਹਾ ਹੈ ? ਚਾਰ ਮਿੰਟ ਪਹਿਲਾਂ ਜਿਉਂਦੇ ਬੰਦੇ ਲਾਸ਼ਾਂ ਬਣ ਚੁੱਕੇ ਸਨ ਅਤੇ ਚਾਰੇ ਪਾਸੇ ਖ਼ੂਨ ਹੀ ਖ਼ੂਨ ਸੀ।ਨਰਿੰਦਰ ਕੌਰ ਦੇ ਪ੍ਰੀਵਾਰ ਵਿੱਚ ਦੋ ਲੜਕੀਆਂ ਅਤੇ ਬਜ਼ੁਰਗ ਸਹੁਰਾ ਰਹਿ ਗਏ। ਮੇਰੇ ਪਤੀ ਦਾ ਭਰਾ ਉੱਤਮ ਸਿੰਘ ਅਤੇ ਉਸ ਦੇ ਦੋ ਪੁੱਤਰਾਂ ਅਜੀਤ ਪਾਲ ਸਿੰਘ ਅਤੇ ਗੁਰਦੀਪ ਸਿੰਘ ਵੀ ਮਾਰੇ ਗਏ ਸਨ। ਮੈਂ ਪਿਛਲੇ ਕਈ ਸਾਲਾਂ ਤੋਂ ਆਪਣੇ ਤਿੰਨ ਮੈਂਬਰਾਂ ਨੂੰ ਗੁਆਉਣ ਦੇ ਸਦਮੇ ਵਿੱਚ ਜੀ ਰਹੀ ਹਾਂ।

76 ਸਾਲਾ ਜੀਤ ਕੌਰ ਨੇ ਵੀ ਆਪਣੇ ਪਰਿਵਾਰ ਦੇ ਪੰਜ ਪੁਰਸ਼ ਮੈਂਬਰ ਗਵਾਏ। ਉਸ ਦਾ ਪਤੀ- ਫ਼ਕੀਰ ਸਿੰਘ ਅਤੇ ਦੋ ਬੇਟੇ ਕਰਨੈਲ ਸਿੰਘ ਅਤੇ ਸੀਤਲ ਸਿੰਘ ,ਉਸ ਦੇ ਦਾਦਾ ਜੀਤੇਂਦਰ ਸਿੰਘ ਅਤੇ ਸੋਨੀ ਸਿੰਘ ਵੀ ਗੋਲੀਆਂ ਨਾਲ ਭੁੰਨ ਸੁਟੇ।

ਜੀਤ ਦੇ ਵੱਡੇ ਪੁੱਤਰ ਕਰਨੈਲ ਸਿੰਘ ਦੀ ਪਤਨੀ ਵਿਧਵਾ ਪ੍ਰਕਾਸ਼ ਕੌਰ, (51) ਦੀਆਂ ਦੋ ਲੜਕੀਆਂ ਅਤੇ ਛੋਟੇ ਪੁੱਤਰ ਦੀ ਵਿਧਵਾ ਸ਼ੇਸ਼ਾਂਤ ਕੌਰ, 50 ਦੇ ਦੋ ਬੇਟੇ ਅਤੇ ਇਕ ਬੇਟੀ ਹੈ। ਜੀਤ ਕੌਰ ਦਾ ਕਹਿਣਾ ਹੈ, ਮੇਰੀ ਹਰ ਚੀਜ ਗੁਆਚ ਗਈਂ, ਮੈਂ ਪੋਤਰੇ ਤੇ ਪੋਤਰੀਆ ਦਾ ਮੂੰਹ ਦੇਖ ਕੇ ਜਿਉਂਦੀ ਹਾਂ। ਪ੍ਰਕਾਸ਼ ਕੌਰ -56 ਆਪਣੇ ਪਤੀ ਰਘੂਨਾਥ ਸਿੰਘ ਅਤੇ ਜਵਾਈ ਨੂੰ ਕਤਲੇਆਮ ਵਿੱਚ ਗੁਆ ਬੈਠੀ ਹੈ, ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਜੱਗ ਜਾਹਰ ਕੀਤਾ ਜਾਵੇ।

ਇਸ ਕਤਲੇਆਮ ਵਿੱਚ ਪੀੜਤ ਪਰਿਵਾਰਾਂ ਦੀ ਮੰਗ ਹੈ ਕਿ ਭਾਵੇਂ ਕਿ ਪਥਰੀਬਲ ਪੀੜਤਾਂ ਅਤੇ ਬਰਕਪੁਰਾ ਵਿੱਚ ਮਾਰੇ ਗਏ ਲੋਕਾਂ ਨੂੰ ਇਨਸਾਫ਼ ਦਿਵਾਉਣਾ ਜਾਰੀ ਹੈ ਪਰ ਘੱਟੋ ਘੱਟ ਸੱਚਾਈ ਸਾਹਮਣੇ ਆ ਗਈ ਹੈ ਕਿ ਫ਼ੌਜ ਅਤੇ ਪੁਲਿਸ ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਸਾਡੇ ਕੇਸ ਵਿੱਚ, ਅਣਜਾਣੇ ਕਾਰਨਾਂ ਕਰਕੇ ਸੱਚਾਈ ਨੂੰ ਲੁਕਾਇਆ ਗਿਆ ਹੈ ਅਤੇ ਸੂਬਾ ਜਾਂ ਕੇਂਦਰ ਸਰਕਾਰ ਦੁਆਰਾ ਇਸ ਘਟਨਾ ਵਿੱਚ ਕੋਈ ਜਾਂਚ ਨਹੀਂ ਕੀਤੀ ਗਈ, ਜਿਸ ਕਰਕੇ ਪੀੜ੍ਹਤ ਸਿੱਖ ਪਰਿਵਾਰ ਉਦਾਸ ਹਨ।

(ਬਾਕੀ ਸਫ਼ਾ 31 ’ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com










# ਕੀ ਸੰਤ ਢੱਡਰੀਆਂ ਵਾਲੇ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਨਰਮ ਰੁਖ਼ ਅਪਣਾਏਗਾ ?

## ਵਿਦੇਸ਼ ਫ਼ੇਰੀ ਬਾਅਦ ਢੱਡਰੀਆਂ ਵਾਲੇ ਅਕਾਲ ਤਖ਼ਤ ਸਾਹਿਬ ਨਾਲ ਸੰਪਰਕ ਕਰਨਗੇ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਉੱਤੇ ਆਪਣੀ ਸਫ਼ਾਈ ਦੇਣ ਲਈ ਉੱਘੇ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਦਿੱਤੇ ਗਏ ਸੰਦੇਸ਼ ਨੂੰ ਉਨ੍ਹਾਂ ਨੂੰ ਪੰਜਾਬ ਵਿੱਚ ਧਰਮ-ਤਿਆਗ ਦੇ ਰੁਝਾਨ ਦਾ ਟਾਕਰਾ ਕਰਨ ਵਾਲੀਆਂ ਤਾਕਤਾਂ ਵਿੱਚ ਸ਼ਾਮਲ ਹੋਣ ਲਈ ਇੱਕ ਸੁਲ੍ਹਾ-ਸਫ਼ਾਈ ਵਾਲੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦੇ ਜਵਾਬ ਵਿੱਚ, ਸੰਤ ਢੱਡਰੀਆਂ ਵਾਲੇ ਨੇ ਗਿਆਨੀ ਗੜਗੱਜ ਵੱਲੋਂ ਸ਼ੁਰੂ ਕੀਤੀ ਗਈ ਸਿੱਖ ਧਰਮ ਪ੍ਰਚਾਰ ਮੁਹਿੰਮ ਵਿੱਚ ਸ਼ਾਮਲ ਹੋਣ ਦੀ ਆਪਣੀ ਇੱਛਾ ਪ੍ਰਗਟ ਕੀਤੀ ਹੈ।

ਰਣਜੀਤ ਸਿੰਘ ਢੱਡਰੀਆਂ ਵਾਲੇ, ਜੋ ਸਿੱਖ ਧਰਮ ਪ੍ਰਤੀ ਆਪਣੇ 'ਆਧੁਨਿਕ ਅਤੇ ਤਰਕਸ਼ੀਲ' ਨਜ਼ਰੀਏ ਲਈ ਜਾਣੇ ਜਾਂਦੇ ਹਨ, ਪਟਿਆਲਾ-ਸੰਗਰੂਰ ਹਾਈਵੇਅ 'ਤੇ ਸਥਿਤ ਗੁਰਦੁਆਰਾ ਪਰਮੇਸ਼ਰ ਦੁਆਰ ਦੀ ਅਗਵਾਈ ਕਰਦੇ ਹਨ, ਜੋ ਕਿ 33 ਏਕੜ ਵਿੱਚ ਫ਼ੈਲਿਆ ਹੋਇਆ ਹੈ। ਵਿਵਾਦਾਂ ਵਿੱਚ ਹੋਣ ਦੇ ਬਾਵਜੂਦ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਦੇ ਪੈਰੋਕਾਰਾਂ ਦੀ ਵੱਡੀ ਗਿਣਤੀ ਹੈ।

**ਰਣਨੀਤੀ ਵਿੱਚ ਤਬਦੀਲੀ**

ਅਕਾਲ ਤਖ਼ਤ ਸਾਹਿਬ ਵੱਲੋਂ ਸੰਤ ਢੱਡਰੀਆਂ ਵਾਲੇ ਵਿਰੁੱਧ ਸਟੈਂਡ ਵਿੱਚ ਨਰਮੀ ਨੂੰ ਕੁਝ ਹਿੱਸਿਆਂ ਵਿੱਚ ਦਮਦਮੀ ਟਕਸਾਲ, ਜੋ ਹਰਨਾਮ ਸਿੰਘ ਖਾਲਸਾ 'ਧੁੰਮਾਂ' ਦੀ ਅਗਵਾਈ ਵਾਲੀ ਦਮਦਮੀ ਟਕਸਾਲ ਦੇ ਵਿਰੋਧ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਦੋਵਾਂ ਦੇ ਹੀ ਸਮਰਥਕਾਂ ਤੇ ਪੈਰੋਕਾਰਾਂ ਦੀ ਭਰਵੀਂ ਗਿਣਤੀ ਹੈ। ਇਹ ਕਦਮ ਸੰਭਾਵੀ ਤੌਰ 'ਤੇ ਧਾਰਮਿਕ-ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਸ਼੍ਰੋਮਣੀ ਕਮੇਟੀ ਦੀ ਸਥਿਤੀ ਨੂੰ ਮਜ਼ਬੂਤ ਕਰ ਸਕਦਾ ਹੈ।

**ਕਿੱਥੋਂ ਸ਼ੁਰੂ ਹੋਇਆ ਦਮਦਮੀ ਟਕਸਾਲ ਨਾਲ ਵਿਵਾਦ ?**

ਸੰਤ ਢੱਡਰੀਆਂ ਵਾਲੇ ਅਤੇ ਦਮਦਮੀ ਟਕਸਾਲ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਿਹਾ ਟਕਰਾਅ ਮੁੱਖ ਤੌਰ 'ਤੇ ਸਿੱਖ ਪਰੰਪਰਾਵਾਂ ਅਤੇ ਅਭਿਆਸਾਂ 'ਤੇ ਵੱਖੋ-ਵੱਖਰੇ ਵਿਚਾਰਾਂ ਦੇ ਦੁਆਲੇ ਘੁੰਮਦਾ ਹੈ। ਧੁੰਮਾ, ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਦਸਮ ਗ੍ਰੰਥ ਦੇ ਪਾਠ ਦਾ ਸਮਰਥਨ ਕਰਦੇ ਹਨ ਅਤੇ ਨਾਲ ਹੀ ਸੱਤ 'ਬਾਣੀਆਂ' ਦੇ ਪਾਠ ਵਰਗੇ ਰਸਮੀ ਅਭਿਆਸਾਂ 'ਤੇ ਜ਼ੋਰ ਦਿੰਦੇ ਹਨ। ਦੂਜੇ ਪਾਸੇ ਢੱਡਰੀਆਂ ਵਾਲੇ ਸਿੱਖ ਪਰੰਪਰਾਵਾਂ (ਮਰਿਆਦਾ) ਦੀ ਆਪਣੀ ਵਿਆਖਿਆ ਅਨੁਸਾਰ ਪੰਜ 'ਬਾਣੀਆਂ' ਦੇ ਪਾਠ ਉੱਤੇ ਹੀ ਜ਼ੋਰ ਦਿੰਦੇ ਹਨ। ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਕਦੇ ਸੰਪਰਦਾਈ, ਕਦੇ ਟਕਸਾਲੀ, ਕਦੇ ਅਖੰਡ ਕੀਰਤਨੀ ਅਤੇ ਕਦੇ ਨਿਹੰਗ ਸਿੰਘ ਰਵਾਇਤੀ ਬਾਣੇ ਬਦਲਣ ਕਾਰਨ ਵੀ ਚਰਚਾ ਦਾ ਕੇਂਦਰ ਬਣੇ ਰਹੇ ਹਨ।



ਸਾਲ 2016 ਵਿੱਚ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਵਿਚਾਲੇ ਟਕਰਾਅ ਦੀ ਸ਼ੁਰੂਆਤ ਹੋਈ। ਉਦੋਂ ਜਦੋਂ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਆਪਣਾ ਨਾਂ ਬਦਲ ਕੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਰੱਖ ਲਿਆ। ਉਨ੍ਹਾਂ ਨੇ ਰਵਾਇਤੀ ਸੰਪਰਦਾਈ ਧਰਮ ਪ੍ਰਚਾਰ ਦੀ ਬਜਾਇ 'ਤਰਕ' ਨੂੰ ਕੇਂਦਰ ਵਿੱਚ ਰੱਖ ਕੇ ਸਿੱਖੀ ਪ੍ਰਚਾਰ ਕਰਨ ਵਾਲੀ ਮਿਸ਼ਨਰੀ ਵਿਚਾਰਧਾਰਾ ਅਨੁਸਾਰ ਧਰਮ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਕੁਝ ਰਵਾਇਤੀ ਪਰੰਪਰਾਵਾਂ ਅਤੇ ਇਤਿਹਾਸਕ ਤੱਥਾਂ 'ਤੇ ਸਵਾਲ ਖੜ੍ਹੇ ਕੀਤੇ ਤਾਂ ਬਾਬਾ ਹਰਨਾਮ ਸਿੰਘ ਧੁੰਮਾ ਖੁੱਲ੍ਹ ਕੇ ਉਨ੍ਹਾਂ ਦੇ ਵਿਰੁੱਧ ਨਿੱਤਰ ਆਏ।

ਦਰਅਸਲ ਇਹ ਮਸਲਾ ਦੋ ਧਾਰਮਿਕ ਆਗੂਆਂ ਦੀ ਹਰਮਨ ਪਿਆਰਤਾ ਦਾ ਸੀ, ਜਿਸ ਨੂੰ ਰੰਗਤ ਵਿਚਾਰਧਾਰਕ ਵਿਰੋਧ ਦੀ ਦੇ ਦਿੱਤੀ ਗਈ। ਅਸਲ ਵਿੱਚ ਦਮਦਮੀ ਟਕਸਾਲ ਪਿਛਲੇ ਲੰਬੇ ਸਮੇਂ ਤੋਂ ਸਿੱਖ ਧਰਮ ਪ੍ਰਚਾਰ ਦੀ ਇੱਕ ਕੇਂਦਰੀ ਸੰਸਥਾ ਵਜੋਂ ਸਥਾਪਿਤ ਰਹੀ ਹੈ ਪਰ ਜਦੋਂ ਸੰਤ ਢੱਡਰੀਆਂ ਵਾਲੇ ਪ੍ਰਚਾਰਕ ਵਜੋਂ ਸਾਹਮਣੇ ਆਏ ਤਾਂ ਉਹ ਛੇਤੀ ਸਟਾਰ ਪ੍ਰਚਾਰਕ ਬਣ ਗਏ। ਜਦੋਂ ਰਣਜੀਤ ਸਿੰਘ ਢੱਡਰੀਆਂ ਵਾਲੇ ਦੀ ਹਰਮਨ ਪਿਆਰਤਾ ਅਤੇ ਧਰਮ ਪ੍ਰਚਾਰ ਦੇ ਮਾਮਲੇ 'ਚ ਗਤੀਵਿਧੀਆਂ ਨੇ ਜ਼ੋਰ ਫ਼ੜਿਆ ਤਾਂ ਉਨ੍ਹਾਂ ਨੇ ਇੱਕ ਸੰਪਰਦਾ ਵਾਂਗ ਪੰਜਾਬ 'ਚ ਆਪਣੇ ਜਨ-ਆਧਾਰ ਦਾ ਵਿਸ਼ਾਲ ਘੇਰਾ ਬਣਾ ਲਿਆ।

ਦੂਜੇ ਪਾਸੇ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੀ ਕਾਰਗੁਜ਼ਾਰੀ 'ਤੇ ਧਰਮ ਦੀ ਥਾਂ ਰਾਜਨੀਤੀ ਵਿੱਚ ਜ਼ਿਆਦਾ ਰੁਚੀ ਰੱਖਣ ਦੇ ਦੋਸ਼ ਲੱਗ ਰਹੇ ਹਨ।

ਮਈ 2016 'ਚ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਬਾਬਾ ਹਰਨਾਮ ਸਿੰਘ ਧੁੰਮਾ ਵਿਚਾਲੇ ਟਕਰਾਅ ਹਿੰਸਕ ਰੂਪ ਧਾਰਨ ਕਰ ਗਿਆ। ਇਸ ਦਾ ਆਧਾਰ ਇੱਕ ਦੂਜੇ ਦੀ ਵਿਚਾਰਧਾਰਕ ਖ਼ਿਲਾਫ਼ਤ ਬਣਾਇਆ ਗਿਆ। ਰਣਜੀਤ ਸਿੰਘ ਢੱਡਰੀਆਂ ਵਾਲੇ ਵੱਲੋਂ ਕੁਝ ਅਜਿਹੀਆਂ ਪਰੰਪਰਾਵਾਂ ਅਤੇ ਰਵਾਇਤਾਂ 'ਤੇ ਸਵਾਲ ਚੁੱਕੇ ਗਏ, ਜਿਨ੍ਹਾਂ ਦੀ ਦਮਦਮੀ ਟਕਸਾਲ ਕੱਟੜ ਸਮਰਥਕ ਸੀ।

ਦੋਵਾਂ ਧਿਰਾਂ ਦਰਮਿਆਨ ਤਣਾਅ ਇਨ੍ਹਾਂ ਦੋਸ਼ਾਂ ਕਾਰਨ ਵਧਿਆ ਕਿ ਸੰਤ ਢੱਡਰੀਆਂ ਵਾਲੇ ਪ੍ਰਸਿੱਧ ਫ਼ਿਲਮੀ ਧੁਨਾਂ ਦੀ ਤਰਜ਼ 'ਤੇ ਆਧਾਰਿਤ 'ਕੱਚੀ ਬਾਣੀ' (ਗੈਰ-ਗੁਰੂ-ਲਿਖਤਾਂ) ਦਾ ਪਾਠ ਕਰਦੇ ਹਨ, ਗੁਰਬਾਣੀ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ ਅਤੇ ਅੰਮ੍ਰਿਤ ਵੇਲਾ (ਸਵੇਰ ਦੀ ਅਰਦਾਸ) ਅਤੇ ਨਾਮ ਸਿਮਰਨ ਵਰਗੀਆਂ ਰਵਾਇਤੀ ਪ੍ਰਥਾਵਾਂ ਨੂੰ ਰੱਦ ਕਰਨ ਉੱਤੇ ਜ਼ੋਰ ਦਿੰਦੇ ਹਨ। ਦੋਵੇਂ ਧੜਿਆਂ 'ਚ ਅਕਸਰ ਟਕਰਾਅ ਬਣਿਆ ਰਹਿੰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਸਾਲ 2019 ਅਤੇ 2020 ਦੌਰਾਨ ਸੰਤ ਢੱਡਰੀਆਂ ਵਾਲੇ 'ਤੇ ਸਿੱਖ ਇਤਿਹਾਸ ਅਤੇ ਸਿਧਾਂਤਾਂ ਸਬੰਧੀ ਤੋੜ-ਮਰੋੜ ਕੇ ਉਪਦੇਸ਼ ਦੇਣ ਦੇ ਦੋਸ਼ ਲਾਉਂਦੀਆਂ ਸ਼ਿਕਾਇਤਾਂ ਆਈਆਂ ਸਨ। ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਇੱਕ ਸਬ-ਕਮੇਟੀ ਨੇ ਢੱਡਰੀਆਂ ਵਾਲੇ ਨੂੰ ਆਪਣੇ ਬਿਆਨਾਂ ਉੱਤੇ ਸਫ਼ਾਈ ਦੇਣ ਲਈ ਵਾਰ-ਵਾਰ ਤਲਬ ਕੀਤਾ ਪਰ ਉਨ੍ਹਾਂ ਤਿੰਨ ਵਾਰ ਤੈਅ ਮੀਟਿੰਗਾਂ ਵਿੱਚ ਸ਼ਾਮਲ ਹੋਣ ਤੋਂ ਲਾਂਭੇ ਰਹਿਣਾ ਬਿਹਤਰ ਸਮਝਿਆ।

ਸਬ-ਕਮੇਟੀ ਵੱਲੋਂ ਢੱਡਰੀਆਂ ਵਾਲਾ ਖ਼ਿਲਾਫ਼ ਦਿੱਤੀ ਰਿਪੋਰਟ ਦੇ ਆਧਾਰ 'ਤੇ ਅਕਾਲ ਤਖ਼ਤ ਸਾਹਿਬ ਨੇ 24 ਅਗਸਤ, 2020 ਨੂੰ ਇੱਕ ਹੁਕਮਨਾਮਾ ਜਾਰੀ ਕੀਤਾ ਜਿਸ ਵਿੱਚ ਸਿੱਖ ਭਾਈਚਾਰੇ ਨੂੰ ਮੁਆਫ਼ੀ ਮੰਗੇ ਜਾਣ ਤੱਕ ਢੱਡਰੀਆਂ ਵਾਲੇ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ। ਪਰ ਉਹ ਅਜੇ ਤੱਕ ਸਪੱਸ਼ਟੀਕਰਨ ਦੇਣ ਲਈ ਪੇਸ਼ ਨਹੀਂ ਹੋਏ ਹਨ।

ਹਾਲ ਹੀ ਵਿੱਚ, ਸੰਤ ਢੱਡਰੀਆਂ ਵਾਲੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਸੀ ਅਤੇ ਰਾਜਨੀਤਿਕ ਤੌਰ 'ਤੇ ਪ੍ਰਭਾਵਿਤ ਕੀਤਾ ਗਿਆ ਸੀ। ਇਸ ਤਰ੍ਹਾਂ ਉਨ੍ਹਾਂ ਅਮਰੀਕਾ ਤੋਂ ਵਤਨ ਪਰਤਣ ਉੱਤੇ ਮਾਮਲਿਆਂ ਨੂੰ ਸਪੱਸ਼ਟ ਕਰਨ ਦੀ ਆਪਣੀ ਇੱਛਾ ਦਾ ਸੰਕੇਤ ਦਿੱਤਾ ਹੈ।

ਸਿਆਸੀ ਪ੍ਰਭਾਵ

ਢੱਡਰੀਆਂ ਵਾਲੇ ਦੇ ਪੈਰੋਕਾਰਾਂ ਦੇ ਵਿਆਪਕ ਆਧਾਰ ਨੇ ਵੀ ਰਾਜਨੀਤਿਕ ਹਸਤੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਬਾਗ਼ੀ ਅਕਾਲੀ ਆਗੂ ਬੀਬੀ ਜਗੀਰ ਕੌਰ ਨੇ ਹਾਲ ਹੀ ਵਿੱਚ ਕਪੂਰਥਲਾ ਵਿੱਚ ਇੱਕ ਸਮਾਗਮ ਵਿੱਚ ਉਨ੍ਹਾਂ ਨਾਲ ਸਟੇਜ ਸਾਂਝੀ ਕੀਤੀ ਸੀ, ਹਾਲਾਂ ਕਿ ਪਹਿਲਾਂ ਉਹ ਢੱਡਰੀਆਂ ਵਾਲੇ ਦੀ ਨਿੰਦਾ ਕਰਦੇ ਰਹੇ ਹਨ। ਰਿਪੋਰਟਾਂ ਦੱਸਦੀਆਂ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਗੁਰਪ੍ਰੀਤ ਕੌਰ, ਵਿਸਾਖੀ ਦੇ ਜਸ਼ਨ ਵਿੱਚ ਉਨ੍ਹਾਂ ਦੇ ਨਾਲ ਦਿਖਾਈ ਦਿੱਤੀ ਸੀ। ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਵੀ ਅਕਸਰ ਉਨ੍ਹਾਂ ਦੇ ਡੇਰੇ ਵਿੱਚ ਜਾਂਦੇ ਹਨ।

ਸੰਤ ਢੱਡਰੀਆਂ ਵਾਲੇ ਉੱਤੇ 17 ਮਈ 2016 ਵਿੱਚ ਇੱਕ ਜਾਨਲੇਵਾ ਹਮਲਾ ਹੋਇਆ ਸੀ, ਜਿਸ ਵਿੱਚ ਉਨ੍ਹਾਂ ਦੇ ਸਾਥੀ ਭੁਪਿੰਦਰ ਸਿੰਘ ਦੀ ਮੌਤ ਹੋ ਗਈ ਸੀ ਤੇ ਢੱਡਰੀਆਂ ਵਾਲੇ ਵਾਲ-ਵਾਲ ਬਚ ਗਏ।

ਇਸ ਹਮਲੇ ਤੋਂ ਬਾਅਦ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਹਰਨਾਮ ਸਿੰਘ ਧੁੰਮਾ 'ਤੇ ਇਹ ਹਮਲਾ ਕਰਵਾਉਣ ਦਾ ਦੋਸ਼ ਲਗਾਤਾਰ ਜਨਤਕ ਤੌਰ ਉੱਤੇ ਲਗਾਉਂਦੇ ਰਹੇ ਹਨ। ਇਸ ਤੋਂ ਬਾਅਦ ਸੰਤ ਢੱਡਰੀਆਂ ਵਾਲੇ ਅਤੇ ਉਨ੍ਹਾਂ ਦੇ ਗੁਰਦੁਆਰਾ ਪਰਮੇਸ਼ਰ ਦੁਆਰ ਦੀ ਸੁਰੱਖਿਆ ਵਿੱਚ ਭਾਰੀ ਇਜ਼ਾਫ਼ਾ ਕੀਤਾ ਗਿਆ ਹੈ। ਸਮਝਿਆ ਜਾਂਦਾ ਹੈ ਕਿ ਉਹ ਵਿਦੇਸ਼ ਫ਼ੇਰੀ ਬਾਅਦ ਉਹ ਅਕਾਲ ਤਖ਼ਤ ਸਾਹਿਬ ਨਾਲ ਸੰਪਰਕ ਕਰਨਗੇ। ਪਤਾ ਲਗਾ ਹੈ ਕਿ ਪਰਮਜੀਤ ਸਿੰਘ ਸਰਨਾ ਤੇ ਸੁਖਬੀਰ ਸਿੰਘ ਬਾਦਲ ਢੱਡਰੀਆਂ ਵਾਲਿਆਂ ਨਾਲ ਗਿਲੇ ਸ਼ਿਕਵੇ ਮਿਟਾਕੇ ਅਕਾਲੀ ਦਲ ਮਜ਼ਬੂਤ ਕਰਨਾ ਚਾਹੁੰਦੇ ਹਨ।

# ਕੀ ਸਿੱਖ ਗੁਰਦੁਆਰਾ ਨਿਆਂਇਕ ਕਮਿਸ਼ਨ ਅਕਾਲ ਤਖ਼ਤ ਸਾਹਿਬ ਦੇ ਨਿਯਮ 'ਚ ਦਖ਼ਲਅੰਦਾਜ਼ੀ ਕਰ ਸਕਦੈ ?

## ਕਮਿਸ਼ਨ ਨੇ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਲਈ ਮੰਗੇ ਸੁਝਾਅ

ਚੰਡੀਗੜ੍ਹ/ਏ.ਟੀ.ਨਿਊਜ਼ : ਸਿੱਖ ਗੁਰਦੁਆਰਾ ਨਿਆਂਇਕ ਕਮਿਸ਼ਨ ਜਲਦੀ ਹੀ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਆਦਿ ਨੂੰ ਲੈ ਕੇ ਇੱਕ ਰਿਪੋਰਟ ਤਿਆਰ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਸਕਦਾ ਹੈ ਤਾਂ ਜੋ ਇਸ ਨੂੰ ਲਾਗੂ ਕੀਤਾ ਜਾ ਸਕੇ।

ਦੱਸ ਦੇਈਏ ਕਿ ਤਿੰਨ ਸਾਲ ਪਹਿਲਾਂ ਅੰਮ੍ਰਿਤਸਰ ਦੇ ਪਿੰਡ ਖਾਪੜ ਖੇੜੀ ਦੇ ਦੀਦਾਰ ਸਿੰਘ ਨੇ ਕਮਿਸ਼ਨ ਦਾ ਦਰਵਾਜ਼ਾ ਉਸ ਸਮੇਂ ਖੜਕਾਇਆ, ਜਦੋਂ ਉਨ੍ਹਾਂ ਨੇ ਐੱਸ.ਜੀ.ਪੀ.ਸੀ. ਤੋਂ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਨੂੰ ਲੈ ਕੇ ਨਿਯਮਾਂ ਆਦਿ ਦੀ ਜਾਣਕਾਰੀ ਮੰਗੀ ਪਰ ਜਦੋਂ ਕਮੇਟੀ ਨੇ ਅਜਿਹਾ ਨਹੀਂ ਕੀਤਾ ਤਾਂ ਦੀਦਾਰ ਸਿੰਘ ਆਪਣੇ ਵਕੀਲ ਐੱਮ.ਐੱਸ. ਰੰਧਾਵਾ ਰਾਹੀਂ ਸਿੱਖ ਗੁਰਦੁਆਰਾ ਨਿਆਂਇਕ ਕਮਿਸ਼ਨ ਕੋਲ ਪਹੁੰਚੇ। ਕਮਿਸ਼ਨ ਨੇ ਪੰਜ ਸਿੱਖ ਵਿਦਵਾਨਾਂ ਦੇ ਅਧੀਨ ਇੱਕ ਕਮੇਟੀ ਦਾ ਗਠਨ ਕੀਤਾ, ਜਿਨ੍ਹਾਂ ਨੇ ਆਪਣੇ-ਆਪਣੇ ਸੁਝਾਅ ਕਮਿਸ਼ਨ ਨੂੰ ਸੌਂਪ ਦਿੱਤੇ ਹਨ। ਇਨ੍ਹਾਂ ਸੁਝਾਵਾਂ ਦੇ ਆਧਾਰ 'ਤੇ ਕਮਿਸ਼ਨ ਇੱਕ ਰਿਪੋਰਟ ਤਿਆਰ ਕਰੇਗਾ ਅਤੇ ਐੱਸ.ਜੀ.ਪੀ.ਸੀ. ਨੂੰ ਇਸ 'ਤੇ ਅਮਲ ਕਰਨ ਲਈ ਕਹੇਗਾ।

ਸਿੱਖ ਗੁਰਦੁਆਰਾ ਨਿਆਂਇਕ ਕਮਿਸ਼ਨ ਦੇ ਮੈਂਬਰ ਦਲਬੀਰ ਸਿੰਘ ਮਾਹਲ ਨੇ ਕਿਹਾ ਹੈ ਕਿ ਰਿਪੋਰਟ ਤਿਆਰ ਕਰਨ ਲਈ ਸਾਰੇ ਸਿੱਖ ਵਿਦਵਾਨਾਂ ਦੀ ਇੱਕ ਮੀਟਿੰਗ ਜਲਦੀ ਹੀ ਕਰਵਾਈ ਜਾ ਰਹੀ ਹੈ। ਇਸ ਕਮੇਟੀ ਵਿੱਚ ਪ੍ਰਸਿੱਧ ਸਿੱਖ ਵਿਦਵਾਨ ਜੀ.ਐੱਸ. ਲਾਂਬਾ, ਡਾ. ਅਵਤਾਰ ਸਿੰਘ ਫਗਵਾੜਾ, ਡਾ. ਸਰਬਜਿੰਦਰ ਸਿੰਘ, ਡਾ. ਗੁਰਮੇਲ ਸਿੰਘ ਅਤੇ ਡਾ. ਹਰਪਾਲ



ਸਿੰਘ ਪੰਨੂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੇ ਆਪਣੇ-ਆਪਣੇ ਸੁਝਾਅ ਦੇ ਦਿੱਤੇ ਹਨ।

ਪਟੀਸ਼ਨਰ ਦੀਦਾਰ ਸਿੰਘ ਦੇ ਵਕੀਲ ਐੱਮ.ਐੱਸ. ਰੰਧਾਵਾ ਨੇ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਨੂੰ ਜਿਸ ਤਰ੍ਹਾਂ ਨਾਲ ਅਪਮਾਨਿਤ ਕਰਕੇ ਹਟਾਇਆ ਜਾ ਰਿਹਾ ਹੈ, ਉਹ ਕਿਸੇ ਵੀ ਕੌਮ ਲਈ ਬਹੁਤ ਚਿੰਤਾਜਨਕ ਹੈ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਐੱਸ.ਜੀ.ਪੀ.ਸੀ. ਇਸ 'ਤੇ ਇਹ ਦੱਸਣ ਲਈ ਵੀ ਤਿਆਰ ਨਹੀਂ ਹੈ ਕਿ ਆਖ਼ਿਰ ਕਿਹੜੇ ਨਿਯਮਾਂ ਦੇ ਤਹਿਤ ਉਨ੍ਹਾਂ ਨੂੰ ਹਟਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੋ ਵੀ ਜਥੇਦਾਰ ਬਣਦਾ ਹੈ ਉਸ ਦੀ ਇੱਛਾ ਹੁੰਦੀ ਹੈ ਕਿ ਪੰਥ ਵਿੱਚ ਸਰਬਸੰਮਤੀ ਨਾਲ ਜਥੇਦਾਰਾਂ ਦੀ ਨਿਯੁਕਤੀ ਅਤੇ ਉਨ੍ਹਾਂ ਨੂੰ ਹਟਾਉਣ ਦੀ ਵਿਵਸਥਾ ਹੋਵੇ। 2015 ਵਿੱਚ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਅਜਿਹਾ ਕੀਤਾ ਸੀ। ਉਨ੍ਹਾਂ ਨੇ ਐੱਸ.ਜੀ.ਪੀ.ਸੀ. ਨੂੰ ਵਿਦਵਾਨਾਂ ਦੀ ਕਮੇਟੀ ਬਣਾਕੇ ਜਥੇਦਾਰਾਂ ਦੀ ਨਿਯੁਕਤੀ ਆਦਿ ਲਈ ਨਿਯਮ ਬਣਾਉਣ ਲਈ ਕਿਹਾ ਪਰ ਅੱਜ ਤੱਕ ਇਸ 'ਤੇ ਕੋਈ ਰਿਪੋਰਟ ਨਹੀਂ ਦਿੱਤੀ ਗਈ।

ਇਹ ਵੀ ਦੱਸਣਯੋਗ ਹੈ ਕਿ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾਮੁਕਤੀ ਨੂੰ ਲੈ ਕੇ ਪਿਛਲੇ ਸਮੇਂ ਤੋਂ ਕਾਫੀ ਮੰਗ ਉਠ ਰਹੀ ਹੈ। ਇੱਥੋਂ ਤੱਕ ਕਿ ਦਮਦਮੀ ਟਕਸਾਲ, ਸੰਤ ਸਮਾਜ ਅਤੇ ਨਾਮਧਾਰੀ ਸਮਾਜ ਨੇ ਵੀ ਇਸ ਦੀ ਮੰਗ ਕੀਤੀ ਹੈ। ਇਹੀ ਨਹੀਂ, ਚੰਡੀਗੜ੍ਹ ਦੀ ਇੱਕ ਅਦਾਲਤ ਵਿੱਚ ਇਸ ਸੰਬੰਧੀ ਕੁਝ ਦਿਨ ਪਹਿਲਾਂ ਇੱਕ ਪਟੀਸ਼ਨ ਵੀ ਦਾਖਲ ਕੀਤੀ ਗਈ ਹੈ, ਜਿਸ ਵਿੱਚ ਐੱਸ.ਜੀ.ਪੀ.ਸੀ. ਦੇ ਸਕੱਤਰ ਅਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਉੱਧਰ, ਚੰਡੀਗੜ੍ਹ ਵਿੱਚ ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਆਗੂ ਰਾਜਿੰਦਰ ਸਿੰਘ ਨੇ ਵੀ ਇਸ ਸਬੰਧੀ ਅੱਠ ਸੁਝਾਅ ਦਿੱਤੇ ਹਨ, ਜਿਸ ਵਿੱਚ ਪੰਥਕ ਬੋਰਡ ਬਣਾਉਣ ਦੀ ਗੱਲ ਕੀਤੀ ਗਈ ਹੈ ਜਿਸ ਵਿੱਚ ਪੂਰੇ ਦੇਸ਼-ਵਿਦੇਸ਼ ਤੋਂ ਪ੍ਰਤਿਨਿਧੀਆਂ ਨੂੰ ਸ਼ਾਮਲ ਕਰਨ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਨੇ ਜਥੇਦਾਰ ਦੀ ਬਜਾਏ ਅਹੁਦੇ ਦਾ ਨਾਮ ਮੁੱਖ ਸੇਵਾਦਾਰ ਕਰਨ ਦਾ ਸੁਝਾਅ ਦਿੱਤਾ ਅਤੇ ਇਸ ਦੀ ਇੱਕ ਚੋਣ ਪ੍ਰਕਿਰਿਆ ਦਾ ਸੁਝਾਅ ਦਿੱਤਾ। ਉਨ੍ਹਾਂ ਨੇ ਇਨ੍ਹਾਂ ਦਾ ਕਾਰਜਕਾਲ ਪੰਜ ਸਾਲ ਕਰਨ ਅਤੇ ਅਧਿਕਾਰ ਖੇਤਰ ਦਾ ਵੀ ਵਰਣਨ ਕੀਤਾ ਹੈ।

ਵਿਧੀ ਵਿਧਾਨ ਘੜਨ ਦਾ ਅਧਿਕਾਰ ਕਿਸ ਕੋਲ ਹੋਣਾ ਚਾਹੀਦਾ ?

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਰਵਉੱਚ ਧਾਰਮਿਕ ਸੰਸਥਾ ਹੈ ਅਤੇ ਇਸ ਦੇ ਵਿਧੀ-ਵਿਧਾਨ ਨੂੰ ਨਿਰਧਾਰਤ ਕਰਨ ਦਾ ਅਧਿਕਾਰ ਗੁਰੂ-ਪੰਥ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਰਬੱਤ ਖ਼ਾਲਸਾ ਜਾਂ ਪੰਥਕ ਸਹਿਮਤੀ ਨਾਲ ਸੰਬੰਧਿਤ ਹੈ। ਜੁਡੀਸ਼ੀਅਲ ਕਮਿਸ਼ਨ, ਭਾਵੇਂ ਇਹ ਸਰਕਾਰੀ ਹੋਵੇ ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੁਆਰਾ ਬਣਾਇਆ ਗਿਆ ਹੋਵੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਧੀ-ਵਿਧਾਨ ਨੂੰ ਨਿਰਧਾਰਤ ਕਰਨ ਦਾ ਅਧਿਕਾਰ ਨਹੀਂ ਰੱਖਦਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਆਜ਼ਾਦੀ ਗੁਰਮਤਿ ਸਿਧਾਂਤਾਂ ਅਤੇ ਪੰਥਕ ਮਰਯਾਦਾ ਅਨੁਸਾਰ ਸੁਰੱਖਿਅਤ ਹੈ। ਵਿਧੀ-ਵਿਧਾਨ ਬਣਾਉਣ ਦੀ ਜ਼ਿੰਮੇਵਾਰੀ ਸਿਰਫ਼ ਗੁਰੂ-ਪੰਥ ਅਤੇ ਸਰਬੱਤ ਖ਼ਾਲਸਾ ਦੀ ਸਹਿਮਤੀ ਨਾਲ ਹੀ ਨਿਭਾਈ ਜਾ ਸਕਦੀ ਹੈ।

ਡਾ. ਪਰਮਜੀਤ ਸਿੰਘ ਮਾਨਸਾ ਦਾ ਮੰਨਣਾ ਹੈ ਕਿ ਜੁਡੀਸ਼ੀਅਲ ਕਮਿਸ਼ਨ ਦੇ ਹੁਕਮ ਉੱਪਰ ਜੋ ਬੁੱਧੀਜੀਵੀ ਪੰਥਕ ਮਰਯਾਦਾ ਦੇ ਵਿਰੁੱਧ ਜਾ ਰਹੇ ਹਨ, ਤਾਂ ਉਨ੍ਹਾਂ ਦੀਆਂ ਕਾਰਵਾਈਆਂ ਸਿੱਖ ਕੌਮ ਦੇ ਵਿਰੋਧੀ ਮੰਨੀਆਂ ਜਾ ਸਕਦੀਆਂ ਹਨ। ਸਿੱਖ ਪੰਥ ਨੂੰ ਅਜਿਹੀਆਂ ਸਾਜਿਸ਼ਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਆਜ਼ਾਦ ਅਤੇ ਸਰਵਉੱਚ ਸੰਸਥਾ ਹੈ, ਜੋ ਗੁਰਮਤਿ ਅਤੇ ਪੰਥਕ ਸਿਧਾਂਤਾਂ ਅਨੁਸਾਰ ਕੰਮ ਕਰਦੀ ਹੈ। ਸਰਕਾਰੀ ਦਖਲਅੰਦਾਜ਼ੀ ਨੂੰ ਸਿੱਖ ਪੰਥ ਨੇ ਹਮੇਸ਼ਾ ਨਕਾਰਿਆ ਹੈ, ਕਿਉਂਕਿ ਇਹ ਪੰਥ ਦੀ ਆਜ਼ਾਦੀ ਅਤੇ ਸੁਤੰਤਰਤਾ ਨੂੰ ਚੁਣੌਤੀ ਦਿੰਦੀ ਹੈ। ਅਕਾਲ ਤਖ਼ਤ ਸਾਹਿਬ ਦੇ ਵਿਧੀ-ਵਿਧਾਨ ਨੂੰ ਨਿਰਧਾਰਤ ਕਰਨ ਦਾ ਪੂਰਨ ਅਧਿਕਾਰ ਖ਼ਾਲਸਾ ਪੰਥ ਅਤੇ ਗੁਰੂ-ਪੰਥ ਦੇ ਪ੍ਰਤੀਨਿਧਾਂ, ਜਿਵੇਂ ਕਿ ਪੰਜ ਪਿਆਰਿਆਂ ਅਤੇ ਸਰਬੱਤ ਖ਼ਾਲਸਾ, ਕੋਲ ਹੈ। ਇਹ ਅਧਿਕਾਰ ਕਿਸੇ ਸਰਕਾਰੀ ਜਾਂ ਬਾਹਰੀ ਸੰਸਥਾ ਨੂੰ ਨਹੀਂ ਸੌਂਪਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਜ਼ਿੰਮੇਵਾਰੀਆਂ ਅਤੇ ਸੇਵਾ-ਮੁਕਤੀ ਸਬੰਧੀ ਨਿਯਮ ਗੁਰੂ-ਪੰਥ ਦੀ ਸਹਿਮਤੀ ਨਾਲ, ਸਿੱਖ ਪੰਥ ਦੀਆਂ ਜਥੇਬੰਦੀਆਂ, ਵਿਦਵਾਨਾਂ, ਨਿਹੰਗ ਸਿੰਘ ਦਲਾਂ, ਦਮਦਮੀ ਟਕਸਾਲ, ਸਿੰਘ ਸਭਾਵਾਂ ਅਤੇ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਦੇ ਸੁਝਾਵਾਂ ਨੂੰ ਸ਼ਾਮਲ ਕਰਕੇ ਤਿਆਰ ਕੀਤੇ ਜਾਣੇ ਚਾਹੀਦੇ ਹਨ।

(ਬਾਕੀ ਸਫ਼ਾ 30 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ’ਚ ਕਸ਼ਮੀਰੀ ਵਿਦਿਆਰਥੀਆਂ ਦੇ ਹਮਲੇ ਮਗਰੋਂ ਸਿੱਖ ਹੱਕ ਵਿੱਚ ਨਿੱਤਰੇ

## ਅਣਸੁਖਾਵੀਆਂ ਘਟਨਾਵਾਂ ਕਾਰਨ ਕਾਲਜਾਂ ਵਿੱਚ ਪੁਲਿਸ ਦੀ ਚੌਕਸੀ ਵਧੀ

ਪਹਿਲਗਾਮ ਵਿੱਚ ਹੋਏ ਜਿਹਾਦੀ ਹਮਲੇ ਹਮਲੇ ਮਗਰੋਂ ਜਿਥੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੀ ਸਥਿਤੀ ਪੈਦਾ ਹੋ ਗਈ ਹੈ, ਉਥੇ ਹੀ ਪੰਜਾਬ ਦੇ ਵਿਦਿਅਕ ਅਦਾਰਿਆਂ ਨੇ ਕਸ਼ਮੀਰੀ ਵਿਦਿਆਰਥੀਆਂ ਵਿਰੁੱਧ ਕਥਿਤ ਤੌਰ ’ਤੇ ਅਣਸੁਖਾਵੀਆਂ ਘਟਨਾਵਾਂ ਕਾਰਨ ਚੌਕਸੀ ਵਧਾ ਦਿੱਤੀ ਹੈ। ਪਹਿਲਗਾਮ ਹਮਲੇ ਮਗਰੋਂ ਇੱਕ-ਦੋ ਮਾਮਲੇ ਹੀ ਅਜਿਹੇ ਸਾਹਮਣੇ ਆਏ ਸਨ, ਜਿੱਥੇ ਕੁਝ ਸਥਾਨਕ ਭਗਵੇਂ ਵਿਦਿਆਰਥੀਆਂ ਵੱਲੋਂ ਕਸ਼ਮੀਰੀ ਵਿਦਿਆਰਥੀਆਂ ਉੱਪਰ ਹਮਲੇ ਦੀਆਂ ਖਬਰਾਂ ਮਿਲੀਆਂ ਸਨ। ਖਰੜ ਵਿੱਚ ਪਹਿਲਗਾਮ ਘਟਨਾ ਤੋਂ ਬਾਅਦ ਕੁਝ ਭਗਵੇਂਵਾਦੀ ਗੁੰਡਿਆਂ ਵੱਲੋਂ ਦੋ ਵਿਦਿਆਰਥਣਾਂ ਨੂੰ ਪਰੇਸ਼ਾਨ ਕੀਤਾ ਗਿਆ ਸੀ। ਇਸ ਦੌਰਾਨ ਵਿਦਿਆਰਥਣ ਨੇ ਹੱਡਬੀਤੀ ਦੱਸਦਿਆਂ ਕਿਹਾ ਕਿ ਜਿਸ ਯੂਨੀਵਰਸਿਟੀ ਵਿੱਚ ਉਹ ਪੜ੍ਹਦੀ ਹੈ, ਉੱਥੇ ਵੀ ਸਥਾਨਕ ਭਗਵੇਂਵਾਦੀਆਂ ਨਾਲ ਜੁੜੇ ਲੋਕ ਉਸ ਨੂੰ ਧਮਕਾ ਰਹੇ ਸਨ। ਜਿਵੇਂ ਹੀ ਉਹ ਆਪਣੇ ਕਮਰੇ ਵਿੱਚ ਪਹੁੰਚੀ, ਕੁਝ ਲੋਕਾਂ ਨੇ ਉਸ ਦਾ ਦਰਵਾਜ਼ਾ ਖੜ੍ਹਕਾਉਣਾ ਸ਼ੁਰੂ ਕਰ ਦਿੱਤਾ। ਵਿਦਿਆਰਥਣ ਨੇ ਜਦੋਂ ਉਸ ਨੇ ਦਰਵਾਜ਼ਾ ਖੋਲ੍ਹਿਆ, ਤਾਂ ਉਹਨਾਂ ਵੱਲੋਂ ਉਸ ਨੂੰ ਅੱਤਵਾਦੀ ਤੱਕ ਕਹਿਣਾ ਸ਼ੁਰੂ ਕਰ ਦਿੱਤਾ ਗਿਆ। ਉਹ ਬਹੁਤ ਬੇਚੈਨ ਮਹਿਸੂਸ ਕਰਨ ਲੱਗੀ।



ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਹਰਕਤ ਵਿੱਚ ਆ ਗਈ ਹੈ। ਸੀਨੀਅਰ ਪੁਲਸ ਅਧਿਕਾਰੀਆਂ ਨੇ ਕਸ਼ਮੀਰੀ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।

ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ (ਐਨ.ਐਸ.ਯੂ.ਆਈ.) ਦੇ ਪ੍ਰਧਾਨ ਅਨੁਸਾਰ, ਪੰਜਾਬ ਵਿੱਚ ਅਜਿਹੇ ਦੋ ਕਥਿਤ ਮਾਮਲੇ ਸਾਹਮਣੇ ਆਏ ਹਨ— ਇੱਕ ਖਰੜ ਵਿੱਚ ਅਤੇ ਦੂਜਾ ਡੇਰਾ ਬੱਸੀ ਵਿੱਚ। ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ, ਜਿੱਥੇ ਲਗਭਗ 2,800 ਵਿਦਿਆਰਥੀ ਹਨ, ਜਿਨ੍ਹਾਂ ਵਿੱਚੋਂ 85 ਕਸ਼ਮੀਰ ਤੋਂ ਹਨ, ਨੇ ਕੋਈ ਅਣਸੁਖਾਵੀਂ ਘਟਨਾ ਨਾ ਹੋਣ ਦੇ ਬਾਵਜੂਦ ਸੁਰੱਖਿਆ ਵਧਾ ਦਿੱਤੀ ਹੈ। ਯੂਨੀਵਰਸਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲਾਲੜੂ ਦੇ ਵਿਦਿਆਰਥੀਆਂ ਨੇ ਦੱਸਿਆ ਕਿ ਹੋਰ ਰਾਜਾਂ ਦੇ ਵਿਦਿਆਰਥੀਆਂ ਦੇ ਇੱਕ ਫ਼ਿਰਕੂ ਸਮੂਹ ਨੇ ਪਿਛਲੇ ਦਿਨੀਂ ਇੱਕ ਦਰਜਨ ਤੋਂ ਵੱਧ ਕਸ਼ਮੀਰੀ ਵਿਦਿਆਰਥੀਆਂ ’ਤੇ ਹਮਲਾ ਕੀਤਾ ਸੀ। ਇਸ ਮਗਰੋਂ ਨਾ ਸਿਰਫ਼ ਪੁਲਿਸ ਅਤੇ ਪ੍ਰਸ਼ਾਸਨ ਮਾਹੌਲ ਸ਼ਾਂਤ ਰੱਖਣ ਲਈ ਸਰਗਰਮ ਹੋ ਗਿਆ, ਸਗੋਂ ਸਿੱਖ ਜਥੇਬੰਦੀਆਂ ਵੀ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਡਟ ਗਈਆਂ ਹਨ। ਕੁਝ ਸਥਾਨਕ ਵਿਦਿਆਰਥੀਆਂ ਅਤੇ ਕਸ਼ਮੀਰੀ ਵਿਦਿਆਰਥੀਆਂ ਵਿਚਕਾਰ ਝੜਪਾਂ ਦੀਆਂ ਰਿਪੋਰਟਾਂ ਆਈਆਂ ਸਨ। ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ (ਐੱਨ. ਐੱਸ. ਯੂ. ਆਈ) ਅਤੇ ਸਿੱਖ ਜਥੇਬੰਦੀਆਂ ਨੇ ਇਨ੍ਹਾਂ ਕਾਰਵਾਈਆਂ ਦੀ ਨਿੰਦਾ ਕੀਤੀ ਹੈ ਅਤੇ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਲਈ ਕਿਹਾ। ਯੂਨਾਈਟਿਡ ਸਿੱਖ ਸਟੂਡੈਂਟਸ ਫ਼ੈਡਰੇਸ਼ਨ , ਜਿਸ ਦੀ ਅਗਵਾਈ ਇਸ ਦੇ ਰਾਸ਼ਟਰੀ ਪ੍ਰਧਾਨ ਜੁਗਰਾਜ ਸਿੰਘ ਮਝੈਲ ਕਰ ਰਹੇ ਹਨ, ਨੇ ਇਸ ਤਰਾਸਦੀ ਦੇ ਬਾਅਦ ਕਸ਼ਮੀਰੀ ਵਿਦਿਆਰਥੀਆਂ ਨੂੰ ਪਰੇਸ਼ਾਨੀ ਅਤੇ ਧਮਕੀਆਂ ਦਾ ਸਾਹਮਣਾ ਕਰਨ ਵਾਲਿਆਂ ਦੀ ਸਹਾਇਤਾ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਲਈ ਹੈ। ਸਿੱਖ ਸੰਸਥਾਵਾਂ, ਖਾਸਕਰ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਸਮਾਜ ਸੇਵੀਆਂ ਨੇ ਕਸ਼ਮੀਰੀ ਵਿਦਿਆਰਥੀਆਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ।

# ਭਾਰਤੀ ਜੇਲ੍ਹਾਂ ’ਚ ਸਮੱਰਥਾ ਨਾਲੋਂ 31 ਫ਼ੀਸਦੀ ਵੱਧ ਕੈਦੀ ਰੱਖੇ, ਡਾਕਟਰੀ ਸਹੂਲਤਾਂ ਦੀ ਘਾਟ

## ਪੰਜਾਬ ਦੀਆਂ ਜੇਲ੍ਹਾਂ ਵਿੱਚ 300 ਤੋਂ ਵੱਧ ਖ਼ਤਰਨਾਕ ਅਪਰਾਧੀ ਤੇ 45 ਹਜ਼ਾਰ ਕੈਦੀ ਨਜ਼ਰਬੰਦ

ਭਾਰਤ ਦੀਆਂ ਜੇਲ੍ਹਾਂ ਸੰਕਟ ਵਿੱਚ ਹਨ। ਉਹ ਭੁੱਲੇ ਵਿੱਸਰੇ ਲੋਕਾਂ ਲਈ ਖਚਾਖਚ ਭਰੇ ਵੇਅਰਹਾਊਸਾਂ ਦਾ ਭੁਲੇਖਾ ਪਾਉਂਦੀਆਂ ਹਨ। ਸਾਲ 2022 ਵਿੱਚ ਭਾਰਤ ਦੀਆਂ ਜੇਲ੍ਹਾਂ ਵਿੱਚ 5.73 ਕੈਦੀ ਤੁੰਨੇ ਹੋਏ ਸਨ ਜਦੋਂਕਿ ਇਨ੍ਹਾਂ ਜੇਲ੍ਹਾਂ ਵਿੱਚ 4.36 ਲੱਖ ਕੈਦੀ ਰੱਖਣ ਦੀ ਜਗ੍ਹਾ ਜਾਂ ਸਮੱਰਥਾ ਹੈ। ਇਸ ਲਿਹਾਜ਼ ਨਾਲ ਜੇਲ੍ਹਾਂ ਵਿੱਚ ਸਮੱਰਥਾ ਨਾਲੋਂ 31 ਫ਼ੀਸਦੀ ਜ਼ਿਆਦਾ ਕੈਦੀ ਰੱਖੇ ਗਏ ਹਨ। 2030 ਤੱਕ ਜੇਲ੍ਹਾਂ ਵਿੱਚ ਕੈਦੀਆਂ ਦੀ ਗਿਣਤੀ ਵਧ ਕੇ 6 ਲੱਖ 80 ਹਜ਼ਾਰ ਹੋ ਜਾਣ ਦਾ ਅਨੁਮਾਨ ਹੈ ਜਦੋਂਕਿ ਜੇਲ੍ਹਾਂ ਦੀ ਸਮੱਰਥਾ 5.15 ਲੱਖ ਕੈਦੀਆਂ ਨੂੰ ਹੀ ਰੱਖਣ ਜੋਗੀ ਹੋ ਸਕੇਗੀ। ਜੇਲ੍ਹਾਂ ਦਾ ਸੰਕਟ ਜਗ੍ਹਾ ਤੱਕ ਹੀ ਮਹਿਦੂਦ ਨਹੀਂ ਹੈ ਸਗੋਂ ਇਸ ਤੋਂ ਕਿਤੇ ਵੱਧ ਗਹਿਰਾ ਹੈ। ਅਸਲ ਵਿੱਚ ਇਹ ਮਨੁੱਖੀ ਅਧਿਕਾਰਾਂ ਦੀ ਐਮਰਜੈਂਸੀ ਦੀ ਸਥਿਤੀ ਹੈ। ਸਮੁੱਚੇ ਕੈਦੀਆਂ ਲਈ ਸਿਰਫ਼ 25 ਮਨੋਚਕਿਤਸਕ ਹਨ। ਕੈਦੀਆਂ ਅੰਦਰ ਮਾਨਸਿਕ ਬਿਮਾਰੀਆਂ ਦਾ ਰੁਝਾਨ 2012 ਤੋਂ ਬਾਅਦ ਹੁਣ ਤੱਕ ਦੁੱਗਣਾ ਹੋ ਚੁੱਕਿਆ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਪੀੜਤ ਵਿਚਾਰ ਅਧੀਨ ਕੈਦੀ ਹਨ ਜਿਨ੍ਹਾਂ ਦੇ ਕੇਸਾਂ ਦਾ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਕੀਤਾ ਗਿਆ ਹੁੰਦਾ। ਕਾਨੂੰਨੀ ਕਾਰਵਾਈ ਵਿੱਚ ਦੇਰੀ ਕਰ ਕੇ ਉਨ੍ਹਾਂ ਨੂੰ ਕਈ ਕਈ ਸਾਲ ਇਹ ਸੰਤਾਪ ਭੁਗਤਣਾ ਪੈਂਦਾ ਹੈ। ਇਸ ਤੋਂ ਇਲਾਵਾ ਮੈਡੀਕਲ ਸੁਵਿਧਾਵਾਂ ਦਾ ਸੰਕਟ ਵੀ ਇੰਨਾ ਹੀ ਗੰਭੀਰ ਹੈ। ਜੇਲ੍ਹਾਂ ਵਿੱਚ ਮੈਡੀਕਲ ਅਫ਼ਸਰ ਦੀਆਂ 43 ਫ਼ੀਸਦੀ ਅਸਾਮੀਆਂ ਖਾਲੀ ਪਈਆਂ ਹਨ। ਦਿੱਲੀ ਵਿੱਚ 206 ਕੈਦੀਆਂ ਪਿੱਛੇ ਮਹਿਜ਼ ਇੱਕ ਡਾਕਟਰ ਹੈ। ਇਸ ਤਰ੍ਹਾਂ ਕੈਦੀਆਂ ਨੂੰ ਮੈਡੀਕਲ ਸੁਵਿਧਾਵਾਂ ਦੀ ਅਣਹੋਂਦ ਵਿੱਚ ਚੁੱਪ-ਚਾਪ ਮਾਨਸਿਕ ਤੇ ਜਿਸਮਾਨੀ ਸੰਤਾਪ ਝੱਲਣਾ ਪੈਂਦਾ ਹੈ।



ਇਸੇ ਤਰ੍ਹਾਂ ਪੰਜਾਬ ਦੀਆਂ ਜੇਲ੍ਹਾਂ ਵਿਚ 300 ਤੋਂ ਵੱਧ ਖ਼ਤਰਨਾਕ ਅਪਰਾਧੀ ਤੇ 45 ਹਜ਼ਾਰ ਕੈਦੀ ਨਜ਼ਰਬੰਦ ਕੀਤੇ ਹੋਣ ਦੇ ਬਾਵਜੂਦ ਸੁਰੱਖਿਆ ਅਮਲੇ ਦੀ ਵੱਡੀ ਘਾਟ ਪਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ । ਜੇਲ੍ਹ ਵਿਭਾਗ ਦੇ ਸੂਤਰਾਂ ਅਨੁਸਾਰ ਜੇਲ੍ਹ ਵਿਭਾਗ ’ਚ 1826 ਅਧਿਕਾਰੀਆਂ/ਮੁਲਾਜ਼ਮਾਂ ਦੀ ਘਾਟ ਪਾਈ ਜਾ ਰਹੀ ਹੈ, ਜਿਸ ਕਾਰਨ ਜੇਲ੍ਹਾਂ ਦੀ ਸੁਰੱਖਿਆ ਦੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੰਜਾਬ ਦੇ ਜੇਲ੍ਹ ਵਿਭਾਗ ਦੇ ਉਚ ਅਧਿਕਾਰੀ ਵਲੋਂ ਉਚ ਅਦਾਲਤ ਵਿਚ ਦੱਸਣਾ ਪਿਆ ਹੈ ਕਿ ਵਿਭਾਗ ਅੰਦਰ ਜਲਦ ਹੀ ਸਥਾਈ ਭਰਤੀ ਤੇ ਹੋਰ ਵਿਭਾਗਾਂ ਤੋਂ ਅਧਿਕਾਰੀਆਂ ਨੂੰ ਥੋੜੇ ਸਮੇਂ ਲਈ ਤੈਨਾਤ ਕੀਤਾ ਜਾ ਰਿਹਾ ਹੈ । ਇਹ ਵੀ ਕਿ ਬਠਿੰਡਾ, ਕਪੂਰਥਲਾ, ਲੁਧਿਆਣਾ ਤੇ ਅੰਮ੍ਰਿਤਸਰ ਜੇਲ੍ਹਾਂ ਦੀ ਸੁਰੱਖਿਆ ਦੀ ਨਿਗਰਾਨੀ ਪਹਿਲਾਂ ਹੀ ਕੇਂਦਰੀ ਰਿਜ਼ਰਵ ਬਲ ਦੇ ਜਵਾਨਾਂ ਵਲੋਂ ਕੀਤੀ ਜਾ ਰਹੀ ਹੈ । ਦਰਜਨ ਤੋਂ ਵੱਧ ਜੇਲ੍ਹਾਂ ਵਿੱਚ ਸੀ.ਸੀ.ਟੀ.ਵੀ. ਤੇ ਵੀ-ਕਵਚ ਜੈਮਰ ਲੱਗੇ ਹੋਣ ਦੇ ਬਾਵਜੂਦ ਕੈਦੀਆਂ ਕੋਲੋਂ ਮੋਬਾਈਲਾਂ ਦਾ ਮਿਲਣਾ ਜਿੱਥੇ ਹੈਰਾਨਕੁੰਨ ਹੈ ਉੱਥੇ ਇਹ ਸੁਰੱਖਿਆ ਅਮਲੇ ਦੀ ਕਾਰਜਗੁਜਾਰੀ ’ਤੇ ਵੀ ਕਈ ਸਵਾਲ ਖੜ੍ਹੇ ਕਰਦਾ ਹੈ। ਹਜ਼ਾਰਾਂ ਕੈਦੀਆਂ ਦੀ ਮਨੋਵਿਗਿਆਨਿਕ ਸਹਾਇਤਾ ਲਈ ਜੇਲ੍ਹ ਵਿਭਾਗ ਕੋਲ ਸਿਰਫ਼ 3 ਕੌਂਸਲਰ ਹਨ ਤੇ ਅਜਿਹੀਆਂ ਹਾਲਤਾਂ ਵਿਚ ਨਸ਼ੇੜੀਆਂ ਤੇ ਅਪਰਾਧੀ ਕਿਸਮ ਦੇ ਲੋਕਾਂ ਦਾ ਸੁਧਾਰ ਅਸੰਭਵ ਦਿਖਾਈ ਦਿੰਦਾ ਹੈ । ਭਾਵੇਂ ਕਿ ਜੇਲ੍ਹ ਵਿਭਾਗ ਜੇਲ੍ਹ ਅੰਦਰ ਕੈਦੀਆਂ ਨੂੰ ਸਿੱਖਿਆ ਦੇਣ ਦੇ ਨਾਲ ਨਾਲ ਕਿੱਤਾਮੁੱਖੀ ਟਰੇਨਿੰਗ ਦੇਣ ਦੇ ਦਾਅਵੇ ਜਤਾ ਰਿਹਾ ਹੈ ।ਜਾਣਕਾਰੀ ਅਨੁਸਾਰ ਸੂਬੇ ਅੰਦਰ ਬਠਿੰਡਾ, ਅੰਮ੍ਰਿਤਸਰ, ਲੁਧਿਆਣਾ, ਗੁਰਦਾਸਪੁਰ, ਕਪੂਰਥਲਾ, ਹੁਸ਼ਿਆਰਪੁਰ, ਪਟਿਆਲਾ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਗੋਇੰਦਵਾਲ ਸਾਹਿਬ ਵਿਖੇ ਕੇਂਦਰੀ ਜੇਲ੍ਹਾਂ ਬਣੀਆਂ ਹੋਈਆਂ ਹਨ ।ਇਸੇ ਤਰ੍ਹਾਂ ਰੋਪੜ, ਸੰਗਰੂਰ, ਮੁਕਤਸਰ ਸਾਹਿਬ, ਨਵੀ ਜੇਲ੍ਹ ਨਾਭਾ, ਮਾਨਸਾ, ਬਰਨਾਲਾ, ਵੂਮੈਨ ਜੇਲ੍ਹ ਤੇ ਬੋਰਸਟਲ ਜੇਲ੍ਹ ਲੁਧਿਆਣਾ ਜ਼ਿਲ੍ਹਾ ਜੇਲ੍ਹਾਂ ਹਨ ਜਦ ਕਿ ਇਸ ਤੋਂ ਇਲਾਵਾ ਪਠਾਨਕੋਟ, ਮਲੇਰਕੋਟਲਾ, ਫ਼ਾਜ਼ਿਲਕਾ, ਮੋਗਾ, ਪੱਟੀ ਅਤੇ ਨਾਭਾ ਵਿਖੇ ਸਬ-ਜੇਲ੍ਹਾਂ ਬਣੀਆਂ ਹੋਈਆਂ ਹਨ । ਇਨ੍ਹਾਂ ਜੇਲ੍ਹਾਂ ਦੀ ਕੈਦੀ ਰੱਖਣ ਦੀ ਸਮਰੱਥਾ 26566 ਦੱਸੀ ਗਈ ਹੈ, ਜਦ ਕਿ ਅਸਲ ਵਿਚ ਜੇਲ੍ਹਾਂ ਨੱਕੋਂ ਨੱਕ ਭਰੀਆਂ ਹੋਈਆਂ ਹਨ ਅਤੇ ਕੈਦੀਆਂ, ਬੰਦੀਆਂ ਦੀ ਗਿਣਤੀ ਲਗਭਗ 45 ਹਜਾਰ ਦੱਸੀ ਜਾ ਰਹੀ ਹੈ ।

# ਤਾਮਿਲਨਾਡੂ ਸਰਕਾਰ ਨਾਲ ਮੁੜ ਟਕਰਾਅ ਵਿੱਚ ਆਏ ਰਾਜਪਾਲ

## ਸੁਪਰੀਮ ਕੋਰਟ ਤਾਮਿਲਨਾਡੂ ਦੇ ਪੱਖ ਵਿੱਚ, ਤਾਮਿਲਨਾਡੂ ਕੋਲ ਕੀ ਹੈ ਜਮਹੂਰੀ ਰਾਹ ?

ਸੁਪਰੀਮ ਕੋਰਟ ਵਿੱਚ ਹਾਰ ਦਾ ਸਾਹਮਣਾ ਕਰਨ ਦੇ ਬਾਵਜੂਦ ਤਾਮਿਲਨਾਡੂ ਦੇ ਰਾਜਪਾਲ ਆਰ.ਐਨ. ਰਵੀ ਪਿੱਛੇ ਹਟਣ ਲਈ ਤਿਆਰ ਨਹੀਂ ਹਨ। ਸੁਪਰੀਮ ਕੋਰਟ ਵੱਲੋਂ ਸਖ਼ਤ ਫ਼ਟਕਾਰ ਤੇ 10 ਬਿੱਲ ਉਸ ਦੇ ਦਸਤਖ਼ਤ ਤੋਂ ਬਿਨਾਂ ਕਾਨੂੰਨ ਬਣਨ ਦੇ ਫ਼ੈਸਲੇ ਤੋਂ ਬਾਅਦ ਉਹ ਅਜੇ ਵੀ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਤਾ ਨਹੀਂ ਉਹ ਕਿਸ ਦੇ ਉਕਸਾਉਣ ’ਤੇ ਅਜਿਹਾ ਕਰ ਰਹੇ ਹਨ, ਪਰ ਕਿਹਾ ਜਾ ਰਿਹਾ ਹੈ ਕਿ ਸੂਬੇ ਦੇ ਭਾਜਪਾ ਆਗੂਆਂ ਦੇ ਨਾਲ-ਨਾਲ ਸਹਿਯੋਗੀ ਪਾਰਟੀਆਂ ਦੇ ਆਗੂ ਵੀ ਉਸ ਤੋਂ ਨਾਰਾਜ਼ ਹਨ। ਸੂਬਾਈ ਭਾਜਪਾ ਆਗੂਆਂ ਨੇ ਉਨ੍ਹਾਂ ਨੂੰ ਚੁੱਪ ਰਹਿਣ ਦੀ ਸਲਾਹ ਦਿੱਤੀ ਹੈ ਤੇ ਕਿਹਾ ਜਾ ਰਿਹਾ ਹੈ ਕਿ ਅੰਨਾ ਡੀ.ਐਮ.ਕੇ. ਅਤੇ ਪੀ.ਐਮ.ਕੇ. ਨੇ ਵੀ ਰਾਜਪਾਲ ਦੇ ਕੰਮਕਾਜ ’ਤੇ ਨਾਰਾਜ਼ਗੀ ਪ੍ਰਗਟਾਈ ਹੈ। ਉਨ੍ਹਾਂ ਨੇ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਮੀਟਿੰਗ ਬੁਲਾ ਕੇ ਇਕ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਹਾਲ ਹੀ ਵਿੱਚ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਵਾਈਸ ਚਾਂਸਲਰਾਂ ਤੇ ਰਜਿਸਟਰਾਰਾਂ ਨਾਲ ਮੀਟਿੰਗ ਕੀਤੀ ਸੀ। ਇਸ ਤੋਂ ਬਾਅਦ ਰਾਜਪਾਲ ਰਵੀ ਨੇ 25 ਤੋਂ 27 ਅਪ੍ਰੈਲ ਤੱਕ ਊਟੀ ਵਿੱਚ ਦੋ ਦਿਨਾ ਮੀਟਿੰਗ ਬੁਲਾਈ। ਹਾਲ ਹੀ ਵਿੱਚ ਉਹ ਜਦੋਂ ਦਿੱਲੀ ਆਏ ਸਨ ਤਾਂ ਉਨ੍ਹਾਂ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੂੰ ਉਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਇਸ ਤੋਂ ਸੂਬੇ ਦੇ ਸਾਰੇ




ਐਨ.ਡੀ.ਏ. ਆਗੂ ਨਾਰਾਜ਼ ਹਨ ਤਾਂ ਆਰ.ਐਸ.ਐਸ. ਦੇ ਅਧਿਕਾਰੀ ਤੇ ਵਰਕਰ ਵੀ ਨਾਰਾਜ਼ ਦੱਸੇ ਜਾਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਰਾਜਪਾਲ ਦੀਆਂ ਗਤੀਵਿਧੀਆਂ ਕਾਰਨ ਸੂਬਾ ਸਰਕਾਰ ਦੇ ਕੰਮਕਾਜ ’ਤੇ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ, ਜਦਕਿ ਚੋਣ ਸਾਲ ਵਿੱਚ ਰਾਜ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਜ਼ਿਆਦਾ ਜ਼ਰੂਰੀ ਹੈ।

ਰਾਜਪਾਲ ਨੇ ਰਾਜ ਸਭਾ ਵੱਲੋਂ ਪਾਸ ਕੀਤੀਆਂ 10 ਬਿੱਲਾਂ ’ਤੇ ਮਨਜ਼ੂਰੀ ਦੇਣ ਵਿੱਚ ਦੇਰੀ ਕਰਕੇ ਅਤੇ ਦਰਾਵੜੀ ਵਿਚਾਰਧਾਰਾ ਦੀ ਆਲੋਚਨਾ ਕਰਕੇ ਤਾਮਿਲਨਾਡੂ ਸਰਕਾਰ ਨਾਲ ਟਕਰਾਅ ਕੀਤਾ। ਇਹ ਸਟੇਟ ਦੇ ਅਧਿਕਾਰਾਂ ਵਿੱਚ ਦਖਲਅੰਦਾਜ਼ੀ ਜਾਪਦੀ ਹੈ, ਜਿਵੇਂ ਸੁਪਰੀਮ ਕੋਰਟ ਨੇ ਰਾਜਪਾਲ ਦੀਆਂ ਕਾਰਵਾਈਆਂ ਨੂੰ ਗੈਰ-ਕਾਨੂੰਨੀ ਅਤੇ ਅਸੰਵਿਧਾਨਕ ਕਿਹਾ ਹੈ। ਤਾਮਿਲਨਾਡੂ ਹੁਣ ਉਨ੍ਹਾਂ ਬਿੱਲਾਂ ਨੂੰ ਲਾਗੂ ਕਰ ਸਕਦਾ ਹੈ ਜਿਨ੍ਹਾਂ ’ਤੇ ਮਨਜ਼ੂਰੀ ਦਿੱਤੀ ਗਈ ਹੈ, ਅਤੇ ਸੁਪਰੀਮ ਕੋਰਟ ਨੇ ਭਵਿੱਖ ਵਿੱਚ ਰਾਜਪਾਲਾਂ ਲਈ ਸਮਾਂ ਸੀਮਾ ਨਿਰਧਾਰਤ ਕੀਤੀ ਹੈ। ਕੇਂਦਰੀ ਅਤੇ ਰਾਜ ਸਰਕਾਰਾਂ ਵਿਚਲੀਆਂ ਰਾਜਨੀਤਕ ਅੰਤਰਾਂ ਅਤੇ ਵਿਚਾਰਧਾਰਕ ਮਤਭੇਦਾਂ ਕਾਰਨ ਹੋ ਰਿਹਾ।

# ਪੀੜ੍ਹਤ ਸੈਲਾਨੀਆਂ ਲਈ ਕਸ਼ਮੀਰੀ ਸਿੱਖ ਰੱਬ ਦੇ ਦੂਤ ਬਣੇ

## ਗੁਰਦੁਆਰਿਆਂ ਵਿੱਚ ਸੈਲਾਨੀਆਂ ਨੂੰ ਪਨਾਹ ਦਿੱਤੀ

## ਗੁਰਦੁਆਰਾ ਕਮੇਟੀ ਨੇ ਮੁਫ਼ਤ ਵਿੱਚ ਉਪਲਬਧ ਕਰਵਾਈਆਂ ਗੱਡੀਆਂ

## ਸੇਵਾ ਕਰਨ ਵਾਲੀਆਂ ਸਿੱਖ ਜਥੇਬੰਦੀਆਂ ਦਾ ਸਨਮਾਨ ਭਾਰਤ ਸਰਕਾਰ ਕਿਉਂ ਨਹੀਂ ਕਰਦੀ ?

ਬਲਵਿੰਦਰ ਪਾਲ ਸਿੰਘ
ਪ੍ਰੋਫੈਸਰ
9815700916

ਸਿੱਖ ਪੰਥ ਦੀ ਮਾਨਵਤਾ ਅਤੇ ਸਾਂਝੀਵਾਲਤਾ ਦੀ ਭਾਵਨਾ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਵਿੱਚ ਜੜ੍ਹੀ ਹੋਈ ਹੈ, ਜਿਨ੍ਹਾਂ ਵਿੱਚ ਸਰਬੱਤ ਦਾ ਭਲਾ, ਸੇਵਾ, ਅਤੇ ਨਿਆਂ ਦੀ ਰਾਖੀ ਪ੍ਰਮੁੱਖ ਹਨ। ਬੀਤੇ ਦਿਨੀਂ ਪਹਿਲਗਾਮ ਜਿਹਾਦੀ ਹਮਲੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇੱਕ ਪਾਸੇ ਇਸ ਘਟਨਾ ਤੋਂ ਬਾਅਦ ਜਿੱਥੇ ਏਅਰਲਾਈਨ ਕੰਪਨੀਆਂ ਨੇ ਸ੍ਰੀਨਗਰ ਤੋਂ ਦਿੱਲੀ, ਚੰਡੀਗੜ੍ਹ ਆਦਿ ਲਈ ਕਿਰਾਏ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ, ਉੱਤੇ ਟੈਕਸੀ ਚਾਲਕਾਂ ਨੇ ਵੀ ਭਾਅ ਦੁੱਗਣੇ ਕਰ ਦਿੱਤੇ ਹਨ। ਅਜਿਹੇ ਵਿੱਚ ਕਸ਼ਮੀਰੀ ਸਿੱਖ ਸੈਲਾਨੀਆਂ ਦੀ ਮਦਦ ਲਈ ਅੱਗੇ ਆਏ ਹਨ ਅਤੇ ਗੁਰਦੁਆਰਿਆਂ ਵਿੱਚ ਪਨਾਹ ਲਈ ਦੁਆਰ ਖੋਲ੍ਹ ਦਿੱਤੇ ਹਨ। ਗੁਰਦੁਆਰਿਆਂ ਵਿੱਚ ਪੀੜ੍ਹਤਾਂ ਅਤੇ ਸੈਲਾਨੀਆਂ ਲਈ ਪਨਾਹ, ਖਾਣ-ਪੀਣ ਅਤੇ ਆਵਾਜਾਈ (ਟੈਕਸੀਆਂ) ਦਾ ਪ੍ਰਬੰਧ ਕੀਤਾ ਹੈ। ਸਿੱਖਾਂ ਨੇ ਸੁਰੱਖਿਆ ਅਤੇ ਸਹਾਇਤਾ ਦਾ ਵਚਨ ਵੀ ਦਿੱਤਾ। ਇਹ ਕੰਮ ਸਿੱਖ ਧਰਮ ਦੀ ਸੇਵਾ ਦੀ ਭਾਵਨਾ ਅਤੇ 'ਵੰਡ ਛਕਣਾ' ਦੇ ਸਿਧਾਂਤ ਨੂੰ ਦਰਸਾਉਂਦਾ ਹੈ।

ਸ੍ਰੀਨਗਰ ਜ਼ਿਲ੍ਹੇ ਦੇ ਸਾਰੇ ਛੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੇ ਸੈਲਾਨੀਆਂ ਨੂੰ ਇਨ੍ਹਾਂ ਗੁਰਦੁਆਰਿਆਂ ਵਿੱਚ ਪਨਾਹ ਦਿੱਤੀ ਹੈ।

ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀਨਗਰ ਦੇ ਪ੍ਰਧਾਨ ਜਸਪਾਲ ਸਿੰਘ ਨੇ ਕਿਹਾ ਕਿ ਇਸ ਜਿਹਾਦੀ ਘਟਨਾ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਸਪਾਲ ਸਿੰਘ ਨੇ ਕਿਹਾ ਕਿ ਧਰਮ ਦੇ ਆਧਾਰ 'ਤੇ ਕਿਸੇ ਨਾਲ ਭੇਦਭਾਵ ਨਹੀਂ ਕੀਤਾ ਜਾਣਾ ਚਾਹੀਦਾ। ਕਿਸੇ ਵੀ ਸੂਬੇ ਨੂੰ ਮੁਸਲਿਮ ਭਾਈਚਾਰੇ ਦੇ ਪ੍ਰਤੀ ਮਾੜੀ ਭਾਵਨਾ ਨਾਲ ਪੇਸ਼ ਨਹੀਂ ਆਉਣਾ ਚਾਹੀਦਾ। ਇੱਥੇ (ਜੰਮੂ-ਕਸ਼ਮੀਰ) ਮੁਸਲਿਮ ਭਾਈਚਾਰਾ ਵੀ ਅੱਤਵਾਦ ਤੋਂ ਪੀੜ੍ਹਤ ਹੈ। ਅਜਿਹੀਆਂ ਘਟਨਾਵਾਂ ਨਾਲ ਵਪਾਰ ਕਾਫ਼ੀ ਪ੍ਰਭਾਵਿਤ ਹੁੰਦਾ ਹੈ ਅਤੇ ਫ਼ਿਰਕੂ ਤਣਾਅ ਵੀ ਵਧਦਾ ਹੈ। ਇਸ ਲਈ ਹਰ ਕੋਈ ਕਸ਼ਮੀਰ ਘਾਟੀ ਵਿੱਚ ਸ਼ਾਂਤੀ ਚਾਹੁੰਦਾ ਹੈ।

### 150 ਤੋਂ ਵੱਧ ਸੈਲਾਨੀ ਵੱਖ-ਵੱਖ ਗੁਰਦੁਆਰਿਆਂ ਵਿੱਚ ਰੁਕੇ

ਜਸਪਾਲ ਸਿੰਘ ਨੇ ਦੱਸਿਆ ਕਿ 150 ਤੋਂ ਵੱਧ ਸੈਲਾਨੀ ਸ੍ਰੀਨਗਰ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਠਹਿਰੇ ਹੋਏ ਹਨ। ਉਹ ਸੈਲਾਨੀਆਂ ਤੋਂ ਕਮਰਿਆਂ ਦਾ ਕਿਰਾਇਆ ਨਹੀਂ ਲੈਣਗੇ, ਉਨ੍ਹਾਂ ਨੂੰ ਇੱਧਰ-ਉੱਧਰ ਜਾਣ ਲਈ ਗੱਡੀਆਂ ਵੀ ਉਪਲਬਧ ਕਰਵਾ ਦਿੱਤੀਆਂ ਗਈਆਂ ਹਨ ਅਤੇ ਤਿੰਨੋਂ ਸਮੇਂ ਲੰਗਰ ਦਾ ਪ੍ਰਬੰਧ ਵੀ ਕਰ ਦਿੱਤਾ ਗਿਆ ਹੈ। ਜੇਕਰ ਕਿਸੇ ਦੇ ਕੋਲ ਨਕਦੀ ਨਹੀਂ ਹੈ ਤਾਂ ਉਸਨੂੰ ਵਿੱਤੀ ਸਹਾਇਤਾ ਵੀ ਦੇਣਗੇ। ਗੁਰੂਘਰ ਵਿੱਚ ਪਨਾਹ ਲੈ ਕੇ ਸੈਲਾਨੀ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜਸਪਾਲ ਸਿੰਘ ਦਾ ਕਹਿਣਾ ਹੈ ਕਿ ਪਹਿਲਗਾਮ ਦੀ ਘਟਨਾ ਨੇ ਕੁਝ ਸਾਲ ਪਹਿਲਾਂ ਹੋਈ ਚਿੱਠੀਸਿੰਘਪੁਰਾ ਘਟਨਾ ਦੀਆਂ ਕੌੜੀਆਂ ਯਾਦਾਂ ਤਾਜ਼ੀਆਂ ਕਰ ਦਿੱਤੀਆਂ ਹਨ। ਉਸ ਘਟਨਾ ਬਾਰੇ ਵੀ ਅੱਜ ਤੱਕ ਕੁਝ ਪਤਾ ਨਹੀਂ ਲੱਗ ਸਕਿਆ।

ਐਕਸ 'ਤੇ ਪੋਸਟਾਂ ਅਨੁਸਾਰ, ਸਿੱਖ ਭਾਈਚਾਰੇ ਨੇ ਕਸ਼ਮੀਰ ਵਿੱਚ ਫ਼ਸੇ ਲੋਕਾਂ ਨੂੰ ਹਰ ਤਰ੍ਹਾਂ ਦੀ ਮਦਦ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਦੀ ਮਾਨਵਤਾਵਾਦੀ ਪਹੁੰਚ ਨੂੰ ਦਰਸਾਉਂਦਾ ਹੈ।

### ਸਿੱਖ ਕਿਉਂ ਕਰਦੇ ਹਨ ਮਨੁੱਖਤਾ ਦੀ ਰਖਿਆ ?

ਸਿੱਖ ਧਰਮ ਦੇ ਸੰਸਥਾਪਕ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਗੁਰੂ ਗੋਬਿੰਦ ਸਿੰਘ ਜੀ ਤੱਕ, ਸਿੱਖਾਂ ਨੂੰ ਸੇਵਾ, ਨਿਆਂ, ਅਤੇ ਸਮਾਨਤਾ ਦਾ ਸੰਦੇਸ਼ ਦਿੱਤਾ ਗਿਆ। ਗੁਰਬਾਣੀ ਵਿੱਚ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਰਗੇ ਸਿਧਾਂਤ ਮਨੁੱਖਤਾ ਦੀ ਸਾਂਝੀਵਾਲਤਾ 'ਤੇ ਜ਼ੋਰ ਦਿੰਦੇ ਹਨ। ਗੁਰੂ ਸਾਹਿਬਾਨ ਨੇ ਜ਼ੁਲਮ ਦੇ ਖਿਲਾਫ਼ ਲੜਨ ਅਤੇ ਪੀੜਤਾਂ ਦੀ ਮਦਦ ਕਰਨ ਦੀ ਸਿੱਖਿਆ ਦਿੱਤੀ, ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਸਿੱਖਾਂ ਦੀ ਇਹ ਸੇਵਾ ਇਨ੍ਹਾਂ ਦੁਖਾਂਤਕ ਘਟਨਾਵਾਂ ਜਿਵੇਂ 1984 ਦੇ ਕਤਲੇਆਮ, ਗੁਜਰਾਤ ਭੂਚਾਲ ਕਾਂਡ, ਕਸ਼ਮੀਰ ਤੇ ਕੇਰਲਾ ਹੜ੍ਹ ਸੰਕਟ ਅਤੇ ਹੋਰ ਸੰਕਟਾਂ ਦੌਰਾਨ ਵੀ ਦਿਖਾਈ ਦਿੱਤੀ। ਸਿੱਖ ਗੁਰਦੁਆਰੇ ਸਦਾ ਹੀ





ਸੰਕਟ ਸਮੇਂ ਮਨੁੱਖਤਾ ਦਾ ਧਰਮ ਸਥਾਨ ਰਹੇ ਹਨ।

### ਸਰਕਾਰ ਫ਼ਿਰ ਸਿੱਖਾਂ ਨਾਲ ਨਿਆਂ ਕਿਉਂ ਨਹੀਂ ਕਰਦੀ ?

ਸਿੱਖ ਭਾਈਚਾਰੇ ਨੂੰ ਇਤਿਹਾਸਕ ਅਤੇ ਸਮਕਾਲੀ ਸੰਦਰਭ ਵਿੱਚ ਕਈ ਵਾਰ ਨਿਆਂ ਨਹੀਂ ਮਿਲਿਆ, ਖਾਸ ਤੌਰ 'ਤੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿੱਚ। ਪ੍ਰਸਿੱਧ ਚਿੰਤਕ ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਨੇ ਕਿਹਾ ਸੀ ਕਿ 1984 ਦਾ ਕਤਲੇਆਮ ਕਾਂਗਰਸ ਸਰਕਾਰ ਦੀ ਸੋਚੀ-ਸਮਝੀ ਸਾਜ਼ਿਸ਼ ਸੀ ਅਤੇ ਪੀੜਤਾਂ ਨੂੰ ਅਜੇ ਤੱਕ ਪੂਰਨ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਨੂੰ ਕਈ ਵਾਰ ਸਰਕਾਰੀ ਨੀਤੀਆਂ, ਜਿਵੇਂ ਕਿਸਾਨ ਅੰਦੋਲਨ (2020-21) ਜਾਂ 2024 ਦੇ ਅੰਦੋਲਨ ਦੌਰਾਨ, ਅਣਗੌਲਿਆ ਜਾਂ ਦਬਾਇਆ ਗਿਆ। ਸਿੱਖਾਂ ਦੀਆਂ ਮੰਗਾਂ, ਜਿਵੇਂ ਘੱਟੋ-ਘੱਟ ਸਮਰਥਨ ਮੁੱਲ ਜਾਂ 1984 ਦੇ ਦੋਸ਼ੀਆਂ ਨੂੰ ਸਜ਼ਾ, ਬੰਦੀ ਸਿੱਖਾਂ ਦੀ ਰਿਹਾਈ ਆਦਿ ਅਕਸਰ ਅਧੂਰੀਆਂ ਰਹਿੰਦੀਆਂ ਹਨ, ਜਿਸ ਨਾਲ ਸਿੱਖ ਜਗਤ ਨੂੰ ਨਿਆਂ ਦੀ ਘਾਟ ਦਾ ਅਹਿਸਾਸ ਹੁੰਦਾ ਹੈ।

### ਕਿਉਂ ਸਿੱਖਾਂ ਨੂੰ ਬਦਨਾਮ ਕੀਤਾ ਜਾਂਦਾ ਹੈ ?

ਸਿੱਖਾਂ ਨੂੰ ਅੱਤਵਾਦੀ, ਜਾਤੀਪ੍ਰਸਤ ਕਹਿਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਅਕਸਰ ਸਿਆਸੀ, ਸਮਾਜਿਕ ਜਾਂ ਮੀਡੀਆ ਸਾਜ਼ਿਸ਼ਾਂ ਦਾ ਹਿੱਸਾ ਰਹੀਆਂ ਹਨ। 1980 ਦੇ ਦਹਾਕੇ ਦੌਰਾਨ, ਸਿੱਖਾਂ ਨੂੰ 'ਅੱਤਵਾਦੀ' ਜਾਂ 'ਵੱਖਵਾਦੀ' ਦਾ ਲੇਬਲ ਲਗਾਇਆ ਗਿਆ, ਜੋ ਕਾਂਗਰਸ ਸਰਕਾਰ ਅਤੇ ਮੀਡੀਆ ਦੀ ਇੱਕਜੁਟ ਕੋਸ਼ਿਸ਼ ਸੀ। ਇਹ ਚਿੱਤਰਣ ਅਕਸਰ ਸਿੱਖਾਂ ਦੀਆਂ ਜਾਇਜ਼ ਮੰਗਾਂ, ਜਿਵੇਂ ਅਨੰਦਪੁਰ ਸਾਹਿਬ ਮਤੇ ਦੀਆਂ ਮੰਗਾਂ, ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਕੀਤਾ ਗਿਆ। ਸਮਕਾਲੀ ਸਮੇਂ ਵਿੱਚ, ਗੋਦੀ ਫ਼ਿਰਕੂ ਮੀਡੀਏ ਵੱਲੋਂ ਕਿਸਾਨ ਅੰਦੋਲਨ ਵਰਗੀਆਂ ਘਟਨਾਵਾਂ ਦੌਰਾਨ ਸਿੱਖਾਂ ਨੂੰ 'ਖ਼ਾਲਿਸਤਾਨੀ' ਜਾਂ 'ਦੇਸ਼ ਵਿਰੋਧੀ' ਕਹਿਣ ਦੀਆਂ ਕੋਸ਼ਿਸ਼ਾਂ ਹੋਈਆਂ। ਇਹ ਬਦਨਾਮੀ ਸਿੱਖ ਭਾਈਚਾਰੇ ਦੀ ਮਜ਼ਬੂਤ ਪਛਾਣ ਅਤੇ ਸੰਘਰਸ਼ਸ਼ੀਲ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਦਾ ਹਿੱਸਾ ਸੀ। ਪਰ ਇਸ ਦੇ ਬਾਵਜੂਦ ਸਿੱਖ ਪੰਥ ਨੇ ਗੁਰੂ ਦਾ ਦਰਸਾਇਆ ਰਾਹ ਸਾਂਝੀਵਾਲਤਾ ਨੂੰ ਨਹੀਂ ਤਿਆਗਿਆ।

### ਸਿੱਖ ਮੁਸ਼ਕਿਲਾਂ ਦੇ ਬਾਵਜੂਦ ਸਾਂਝੀਵਾਲਤਾ ਦੇ ਰਸਤੇ 'ਤੇ ਕਿਉਂ ?

ਸਿੱਖ ਧਰਮ ਦੀਆਂ ਸਿੱਖਿਆਵਾਂ, ਜਿਵੇਂ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ,' ਸਿੱਖਾਂ ਨੂੰ ਮੁਸ਼ਕਿਲਾਂ ਦੇ ਬਾਵਜੂਦ ਸਾਂਝੀਵਾਲਤਾ ਅਤੇ ਸੇਵਾ ਦੇ ਰਾਹ 'ਤੇ ਚੱਲਣ ਲਈ ਪ੍ਰੇਰਦੀਆਂ ਹਨ। ਸਿੱਖ ਇਤਿਹਾਸ ਵਿੱਚ ਜ਼ੁਲਮ, ਜਿਵੇਂ ਮੁਗਲ ਸ਼ਾਸਨ ਜਾਂ 1984 ਦੀਆਂ ਘਟਨਾਵਾਂ ਦੇ ਬਾਵਜੂਦ ਸਿੱਖਾਂ ਨੇ ਕਦੇ ਵੀ ਮਾਨਵਤਾ ਦਾ ਰਾਹ ਨਹੀਂ ਛੱਡਿਆ। ਗੁਰਦੁਆਰਿਆਂ ਦੀ ਲੰਗਰ ਪ੍ਰਥਾ, ਜੋ ਸਾਰਿਆਂ ਨੂੰ ਬਿਨਾਂ ਭੇਦਭਾਵ ਖਾਣਾ ਪ੍ਰਦਾਨ ਕਰਦੀ ਹੈ, ਇਸ ਸਾਂਝੀਵਾਲਤਾ ਦਾ ਪ੍ਰਤੀਕ ਹੈ। ਸਿੱਖ ਆਪਣੀ ਪਛਾਣ ਅਤੇ ਸਿਧਾਂਤਾਂ ਨੂੰ ਕਾਇਮ ਰੱਖਦੇ ਹੋਏ ਸਮਾਜ ਦੇ ਹਰ ਵਰਗ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਨ।

### ਸੇਵਾ ਕਰਨ ਵਾਲੀਆਂ ਪੰਥਕ ਜਥੇਬੰਦੀਆਂ ਦਾ ਸਨਮਾਨ ਕਰੇ ਭਾਰਤ ਸਰਕਾਰ

ਭਾਰਤ ਸਰਕਾਰ ਵੱਲੋਂ ਸਿੱਖ ਮਾਨਵਤਾਵਾਦੀ ਸੰਗਠਨਾਂ ਨੂੰ ਮਾਨਤਾ ਮੁੱਖ ਤੌਰ 'ਤੇ ਰਸਮੀ ਹੈ, ਐਨ.ਜੀ.ਓ. ਦਾ ਦਰਜਾ ਦੇ ਕੇ, ਜੋ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਕੰਮ ਕਰਨ ਅਤੇ ਸਹਾਇਤਾ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ। ਯੂਨਾਈਟਿਡ ਸਿੱਖਸ ਅਤੇ ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਭਾਰਤ ਵਿੱਚ ਐਨ.ਜੀ.ਓ. ਵਜੋਂ ਰਜਿਸਟਰਡ ਹਨ, ਜਿਸ ਨਾਲ ਉਹ ਆਫ਼ਤ ਰਾਹਤ, ਡਾਕਟਰੀ ਸਹਾਇਤਾ ਅਤੇ ਦੱਬੇ-ਕੁਚਲੇ ਲੋਕਾਂ ਲਈ ਸਿੱਖਿਆ ਵਰਗੇ ਮਾਨਵਤਾਵਾਦੀ ਪ੍ਰੋਜੈਕਟ ਚਲਾ ਸਕਦੇ ਹਨ (ਯੂਨਾਈਟਿਡ ਸਿੱਖਸ: ਸੇਵਾ ਇਨ ਐਕਸ਼ਨ, ਸਿੱਖ ਰਿਲੀਫ਼: ਐਮਪਾਵਰਿੰਗ ਕਮਿਊਨਿਟੀਜ਼)। ਹਾਲਾਂਕਿ, ਇਹਨਾਂ ਯਤਨਾਂ ਲਈ ਸਰਕਾਰ ਵੱਲੋਂ ਖਾਸ ਪੁਰਸਕਾਰ ਨਾਲ ਸਨਮਾਨਿਆ ਨਹੀਂ ਗਿਆ। ਉਦਾਹਰਣ ਵਜੋਂ, ਪਦਮ ਪੁਰਸਕਾਰ ਮਨੁਖਤਾ ਦੀ ਸੇਵਾ ਕਰਨ ਵਾਲੀਆਂ ਪੰਥਕ ਜਥੇਬੰਦੀਆਂ ਨੂੰ ਨਹੀਂ ਮਿਲੇ। ਇੱਕ ਦਿਲਚਸਪ ਗੱਲ ਖ਼ਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ ਦਾ ਮਾਮਲਾ ਹੈ, ਜਿਸਨੇ ਮਈ 2018 ਵਿੱਚ 'ਇੰਡੀਅਨ ਆਫ਼ ਦ ਈਅਰ' ਪੁਰਸਕਾਰ ਨਾਮਜ਼ਦਗੀ ਤੋਂ ਇਨਕਾਰ ਕਰ ਦਿੱਤਾ ਸੀ, ਆਪਣੀ ਪਛਾਣ ਭਾਰਤੀ ਦੀ ਬਜਾਏ ਪੰਜਾਬੀ/ਖ਼ਾਲਸਾ ਵਜੋਂ ਦੱਸਦਿਆਂ, ਜੋ ਕਿ ਸਰਕਾਰੀ ਮਾਨਤਾ (ਰਵੀ ਸਿੰਘ ਵਿਕੀਪੀਡੀਆ: ਮਾਨਵਤਾਵਾਦੀ) ਨਾਲ ਇੱਕ ਗੁੰਝਲਦਾਰ ਸਬੰਧ ਨੂੰ ਦਰਸਾਉਂਦਾ ਹੈ। ਇਹ ਇਨਕਾਰ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਭਾਵੇਂ ਵਿਅਕਤੀਗਤ ਸਿੱਖਾਂ ਨੂੰ ਨਾਮਜ਼ਦਗੀਆਂ ਮਿਲ ਸਕਦੀਆਂ ਹਨ, ਪਰ ਸਿੱਖ ਸੰਗਠਨਾਂ ਦੇ ਮਾਨਵਤਾਵਾਦੀ ਕੰਮ ਦੀ ਰਸਮੀ ਸਰਕਾਰੀ ਮਾਨਤਾ ਜਨਤਕ ਭਾਸ਼ਣ ਵਿੱਚ ਪ੍ਰਮੁੱਖਤਾ ਨਾਲ ਨਹੀਂ ਦਿਖਾਈ ਜਾਂਦੀ। ਫ਼ਿਰ ਵੀ, ਇਹਨਾਂ ਸੰਗਠਨਾਂ ਨੂੰ ਕੰਮ ਕਰਨ ਲਈ ਸਰਕਾਰ ਦੀ ਇਜਾਜ਼ਤ ਰਾਸ਼ਟਰੀ ਅਤੇ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਉਹਨਾਂ ਦੇ ਯੋਗਦਾਨ ਦੀ ਇੱਕ ਅਸਿੱਧੀ ਮਾਨਤਾ ਦਾ ਸੰਕੇਤ ਦਿੰਦੀ ਹੈ।

## ਮੀਡੀਆ ਤੇ ਮਨੁੱਖਤਾ ਪੱਖੀ ਪੰਥਕ ਜਥੇਬੰਦੀਆਂ

ਵਿਸ਼ਵ ਅਖ਼ਬਾਰਾਂ ਨੇ ਸਿੱਖ ਭਾਈਚਾਰੇ ਦੇ ਮਾਨਵਤਾਵਾਦੀ ਯੋਗਦਾਨਾਂ ਨੂੰ ਉਜਾਗਰ ਕੀਤਾ ਹੈ, ਖਾਸ ਕਰਕੇ ਵਿਸ਼ਵਵਿਆਪੀ ਸੰਕਟਾਂ ਵਿੱਚ। ਉਦਾਹਰਣ ਵਜੋਂ, ਯੂਕ੍ਰੇਨ ਯੁੱਧ ਦੌਰਾਨ, ਯੂਨਾਈਟਿਡ ਸਿੱਖਸ ਅਤੇ ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਨੂੰ ਪੋਲੈਂਡ-ਯੂਕ੍ਰੇਨੀ ਸਰਹੱਦ 'ਤੇ ਭੋਜਨ, ਆਸਰਾ ਅਤੇ ਡਾਕਟਰੀ ਦੇਖਭਾਲ ਸਮੇਤ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਪ੍ਰਸੰਸਾ ਕੀਤੀ ਗਈ ਸੀ। ਜੀ20 ਸੰਮੇਲਨ ਵਿੱਚ ਇੱਕ ਯੂਕ੍ਰੇਨੀ ਪੱਤਰਕਾਰ ਨੇ ਸਿੱਖ ਭਾਈਚਾਰੇ ਦੁਆਰਾ 'ਬੇਅੰਤ ਮਾਨਵਤਾਵਾਦੀ ਮਦਦ ਰਾਹਤ ਕੈਂਪ,ਲੰਗਰ,ਮੈਡੀਕਲ ਸਹਾਇਤਾ' ਲਈ ਧੰਨਵਾਦ ਪ੍ਰਗਟ ਕੀਤਾ। ਇਹ ਮਾਨਤਾ ਸੇਵਾ ਦੇ ਸਿੱਖ ਸਿਧਾਂਤ ਨੂੰ ਉਜਾਗਰ ਕਰਦੀ ਹੈ, ਜੋ ਨਿਰਸਵਾਰਥ ਸੇਵਾ 'ਤੇ ਜ਼ੋਰ ਦਿੰਦਾ ਹੈ। ਨਿਊਯਾਰਕ ਟਾਈਮਜ਼,ਵਾਸ਼ਿੰਗਟਨ ਟਾਈਮਜ਼, ਡੇਲੀ ਮੇਲ ਯੂ.ਕੇ., ਦ ਵੀਕ ਅਤੇ ਟੈਲੀਗ੍ਰਾਫ਼ ਇੰਡੀਆ ਆਦਿ ਵਰਗੇ ਅੰਤਰਰਾਸ਼ਟਰੀ ਮੀਡੀਆ ਦੇ ਲੇਖ ਸਿੱਖ ਭਾਈਚਾਰੇ ਦੇ ਸਮਰਪਣ ਦੀ ਪ੍ਰਸ਼ੰਸਾ ਕਰਦੇ ਹਨ। ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਬਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮਿਸ਼ਨ 'ਲੋੜਵੰਦਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਜੀਵਨ ਨੂੰ ਦੁਬਾਰਾ ਬਣਾਉਣ ਵਿੱਚ ਸਹਾਇਤਾ ਕਰਨਾ' ਹੈ (ਦ ਵੀਕ: ਯੂਕ੍ਰੇਨ ਵਾਰ ਸਿੱਖ ਕਮਿਊਨਿਟੀ, ਟੈਲੀਗ੍ਰਾਫ਼ ਇੰਡੀਆ: ਯੂਕ੍ਰੇਨ ਵਿੱਚ ਮਨੁੱਖੀ ਆਤਮਾ)। ਇਹ ਰਿਪੋਰਟਾਂ ਸਿੱਖਾਂ ਦੀ ਨਿਰਪੱਖ ਸਹਾਇਤਾ ਲਈ ਵਿਸ਼ਵਵਿਆਪੀ ਕਦਰਦਾਨੀ ਨੂੰ ਉਜਾਗਰ ਕਰਦੀਆਂ ਹਨ, ਜੋ ਉਨ੍ਹਾਂ ਦੇ ਭਾਈਚਾਰੇ ਤੋਂ ਪਰੇ ਸਾਰੇ ਲੋੜਵੰਦਾਂ ਤੱਕ ਪਹੁੰਚਦੀਆਂ ਹਨ। ਸਿੱਖ ਸੰਗਠਨ, ਜਿਵੇਂ ਕਿ ਯੂਨਾਈਟਿਡ ਸਿੱਖਸ ਅਤੇ ਖ਼ਾਲਸਾ ਏਡ, ਵਿਸ਼ਵ ਪੱਧਰ 'ਤੇ ਕੰਮ ਕਰਦੇ ਹਨ, ਆਫ਼ਤ ਰਾਹਤ ਅਤੇ ਲੰਬੇ ਸਮੇਂ ਦੇ ਪੁਨਰਵਾਸ ਪ੍ਰਦਾਨ ਕਰਦੇ ਹਨ। ਤੂਫ਼ਾਨਾਂ ਦੌਰਾਨ ਕੈਰੇਬੀਅਨ ਅਤੇ ਹੜ੍ਹਾਂ ਦੌਰਾਨ ਪੰਜਾਬ ਵਰਗੇ ਖੇਤਰਾਂ ਵਿੱਚ ਉਨ੍ਹਾਂ ਦੇ ਯਤਨ ਮਾਨਵਤਾਵਾਦੀ ਸ਼ਮੂਲੀਅਤ ਦੇ ਇੱਕ ਇਕਸਾਰ ਪੈਟਰਨ ਨੂੰ ਦਰਸਾਉਂਦੇ ਹਨ, ਜਿਨ੍ਹਾਂ ਦੀ ਅਕਸਰ ਅੰਤਰਰਾਸ਼ਟਰੀ ਮੀਡੀਆ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਅਤੇ ਹਮਦਰਦੀ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ।

## ਚਿਠੀਸਿੰਘਪੁਰਾ ਅਤੇ ਪਹਿਲਗਾਮ ਹਮਲਿਆਂ ਦਾ ਸੱਚ



ਚਿਠੀਸਿੰਘਪੁਰਾ ਹਮਲਾ (2000): 20 ਮਾਰਚ 2000 ਨੂੰ, ਅਨੰਤਨਾਗ ਜ਼ਿਲ੍ਹੇ ਦੇ ਚਿਠੀਸਿੰਘਪੁਰਾ ਪਿੰਡ ਵਿੱਚ 35 ਸਿੱਖਾਂ ਦਾ ਕਤਲੇਆਮ ਹੋਇਆ। ਇਹ ਹਮਲਾ ਅੱਤਵਾਦੀਆਂ ਨੇ ਕੀਤਾ ਅਤੇ ਇਸ ਨੂੰ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਮੰਨਿਆ ਜਾਂਦਾ ਹੈ। ਇਸ ਦਾ ਮਕਸਦ ਸੰਭਾਵਤ ਤੌਰ 'ਤੇ ਸਿੱਖਾਂ ਅਤੇ ਮੁਸਲਮਾਨ ਭਾਈਚਾਰਿਆਂ ਵਿਚਕਾਰ ਤਣਾਅ ਪੈਦਾ ਕਰਨਾ ਸੀ। ਹਮਲੇ ਦੀ ਜ਼ਿੰਮੇਵਾਰੀ ਕਿਸੇ ਸਮੂਹ ਨੇ ਸਪੱਸ਼ਟ ਤੌਰ 'ਤੇ ਨਹੀਂ ਲਈ ਅਤੇ ਅਜੇ ਵੀ ਇਸ ਦੀ ਪੂਰੀ ਜਾਂਚ ਅਤੇ ਇਨਸਾਫ਼ ਦੀ ਮੰਗ ਜਾਰੀ ਹੈ।

2025 ਵਿੱਚ ਪਹਿਲਗਾਮ ਵਿੱਚ ਸੈਲਾਨੀਆਂ ਅਤੇ ਸਥਾਨਕ ਲੋਕਾਂ 'ਤੇ ਹਮਲਾ ਹੋਇਆ, ਜਿਸ ਵਿੱਚ ਸਿੱਖ ਪੰਥ ਨੇ ਪੀੜ੍ਹਤਾਂ ਦੀ ਮਦਦ ਕੀਤੀ। ਇਸ ਹਮਲੇ ਦਾ ਨਿਸ਼ਾਨਾ ਸੈਲਾਨੀ ਅਤੇ ਸਥਾਨਕ ਆਰਥਿਕਤਾ ਸੀ, ਨਾ ਕਿ ਕਿਸੇ ਖਾਸ ਭਾਈਚਾਰੇ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਣਾ।

ਚਿਠੀਸਿੰਘਪੁਰਾ ਵਿੱਚ ਸਿੱਖ ਭਾਈਚਾਰਾ ਸਿੱਧਾ ਨਿਸ਼ਾਨਾ ਸੀ, ਜਦਕਿ ਪਹਿਲਗਾਵ ਵਿੱਚ ਹਮਲਾ ਵਿਆਪਕ ਸੀ, ਜਿਸ ਵਿੱਚ ਸੈਲਾਨੀ ਅਤੇ ਸਥਾਨਕ ਲੋਕ ਸ਼ਾਮਲ ਸਨ। ਚਿਠੀਸਿੰਘਪੁਰਾ ਦਾ ਮਕਸਦ ਸੰਭਾਵਤ ਤੌਰ 'ਤੇ ਸਿੱਖਾਂ ਵਿਰੁੱਧ ਡਰ ਪੈਦਾ ਕਰਨਾ ਅਤੇ ਸਮਾਜਿਕ ਵੰਡ ਨੂੰ ਵਧਾਉਣਾ ਸੀ, ਜਦਕਿ ਪਹਿਲਗਾਮ ਹਮਲਾ ਸੈਲਾਨੀ ਗਤੀਵਿਧੀਆਂ ਅਤੇ ਸਥਾਨਕ ਸਥਿਰਤਾ ਨੂੰ ਨੁਕਸਾਨ ਪਹੁੰਚਾਉਣ ਲਈ ਸੀ। ਚਿਠੀਸਿੰਘਪੁਰਾ ਵਿੱਚ ਸਿੱਖ ਪੀੜ੍ਹਤ ਸਨ, ਜਦਕਿ ਪਹਿਲਗਾਮ ਵਿੱਚ ਸਿੱਖਾਂ ਨੇ ਰੱਬ ਦੇ ਦੂਤ ਵਜੋਂ ਭੂਮਿਕਾ ਨਿਭਾਈ।

# ਅੰਮ੍ਰਿਤਸਰ 'ਚ ਸੈਲਾਨੀਆਂ ਦੀ ਗਿਣਤੀ ਘਟੀ, ਪਹਿਲਗਾਮ ਹਮਲੇ ਦਾ ਪਿਆ ਅਸਰ



ਅੰਮ੍ਰਿਤਸਰ/ਏ.ਟੀ.ਨਿਊਜ਼: ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਪਿਛਲੇ ਦੋ ਦਿਨਾਂ ਤੋਂ ਅੰਮ੍ਰਿਤਸਰ ਵਿੱਚ ਸੈਲਾਨੀਆਂ ਦੀ ਆਮਦ ਘਟੀ ਹੈ। ਇਸ ਘਟਨਾ ਕਾਰਨ ਤੇ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਖ਼ਿਲਾਫ਼ ਕੀਤੇ ਫ਼ੈਸਲਿਆਂ ਮਗਰੋਂ ਲੋਕਾਂ 'ਚ ਡਰ ਦਾ ਮਾਹੌਲ ਬਣ ਗਿਆ ਹੈ। ਇਸ ਕਾਰਨ ਲੋਕਾਂ ਵੱਲੋਂ ਇੱਥੇ ਹੋਟਲਾਂ ਵਿੱਚ ਪਹਿਲਾਂ ਕੀਤੀ ਹੋਈ ਬੁਕਿੰਗ ਰੱਦ ਕੀਤੀ ਜਾ ਰਹੀ ਹੈ। ਇਸ ਦਾ ਪ੍ਰਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਸਰਾਵਾਂ ਵਿੱਚ ਵੀ ਦੇਖਣ ਨੂੰ ਮਿਲਿਆ ਹੈ। ਇਸ ਦੇ ਨਾਲ ਹੀ ਹਰਿਮੰਦਰ ਸਾਹਿਬ ਵਿੱਚ ਵੀ ਸ਼ਰਧਾਲੂਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਸ਼ਹਿਰ ਦੇ ਹੋਟਲਾਂ ਅਤੇ ਗੈਸਟ ਹਾਊਸਾਂ ਵਿੱਚ ਯਾਤਰੀਆਂ ਦੀ ਗਿਣਤੀ ਅੱਧੀ ਰਹਿ ਗਈ ਹੈ।

ਆਮ ਤੌਰ 'ਤੇ ਪਹਿਲਾਂ ਰੋਜ਼ਾਨਾ ਹੀ ਦੁਨੀਆਂ ਭਰ ਤੋਂ ਲਗਪਗ 1,00,000 ਸ਼ਰਧਾਲੂ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਣ ਪੁੱਜਦੇ ਸਨ। 'ਬਾਹਰਲੇ' ਸੈਲਾਨੀਆਂ ਦੀ ਗਿਣਤੀ ਵਿੱਚ ਕਮੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਦਰਸ਼ਨੀ ਡਿਓਢੀ ਵਿੱਚ ਪਹਿਲਾਂ ਵਾਰੀ ਦੀ ਉਡੀਕ ਕਰ ਰਹੇ ਸ਼ਰਧਾਲੂਆਂ ਦੀਆਂ ਲੰਮੀਆਂ ਕਤਾਰਾਂ ਹੁੰਦੀਆਂ ਸਨ ਤੇ ਹੁਣ ਸੰਗਤ ਦੀ ਹਾਜ਼ਰੀ ਘੱਟ ਦੇਖਣ ਨੂੰ ਮਿਲੀ ਹੈ। ਸਰਾਵਾਂ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਰਾਵਾਂ 'ਚ ਯਾਤਰੂਆਂ ਦੀ ਗਿਣਤੀ ਵਿੱਚ ਕਰੀਬ 30 ਫ਼ੀਸਦੀ ਦੀ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਪਹਿਲਗਾਮ ਹਮਲੇ ਤੇ ਕਣਕ ਦੀ ਵਾਢੀ ਕਰ ਕੇ ਸ਼ਰਧਾਲੂਆਂ ਦੀ ਆਮਦ ਘਟੀ ਹੈ। ਇਸੇ ਤਰ੍ਹਾਂ ਹਫ਼ਤੇ ਦੇ ਅੰਤਲੇ ਦਿਨਾਂ 'ਤੇ ਵੀ ਬੁਕਿੰਗ ਘੱਟ ਹੈ। ਅੰਮ੍ਰਿਤਸਰ ਹੋਟਲ ਅਤੇ ਰੇਸਤਰਾਂ ਐਸੋਸੀਏਸ਼ਨ ਦੇ ਪ੍ਰਧਾਨ ਏ.ਪੀ.ਐੱਸ. ਚੱਠਾ ਨੇ ਕਿਹਾ ਕਿ ਪਹਿਲਗਾਮ ਘਟਨਾ ਤੋਂ ਬਾਅਦ ਹੋਟਲਾਂ 'ਚ 50 ਫ਼ੀਸਦੀ ਤੋਂ ਵੱਧ ਬੁਕਿੰਗਾਂ ਰੱਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਲੋਕ ਆਪਣੇ ਪੈਸੇ ਵਾਪਸ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਕੱਲ੍ਹ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਸਾਵਧਾਨੀ ਅਤੇ ਸੁਰੱਖਿਆ ਦੇ ਮੱਦੇਨਜ਼ਰ ਹੋਟਲਾਂ 'ਤੇ ਛਾਪੇ ਮਾਰਨ ਕਾਰਨ ਮਹਿਮਾਨਾਂ ਵਿੱਚ ਦਹਿਸ਼ਤ ਫੈਲ ਗਈ ਸੀ। ਉਨ੍ਹਾਂ ਵੱਲੋਂ ਇਸ ਸਥਿਤੀ ਨਾਲ ਨਜਿੱਠਣ ਲਈ ਮੈਂਬਰ ਹੋਟਲ ਮਾਲਕਾਂ ਦੀ ਹੰਗਾਮੀ ਮੀਟਿੰਗ ਬੁਲਾਈ ਗਈ ਹੈ।

ਫੈੱਡਰੇਸ਼ਨ ਆਫ ਹੋਟਲ ਐਂਡ ਗੈਸਟ ਹਾਊਸ (ਵਾਲਡ ਸਿਟੀ) ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਕਿਹਾ ਕਿ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੇ ਹੋਟਲਾਂ ਅਤੇ ਗੈਸਟ ਹਾਊਸਾਂ ਵਿੱਚ ਸੈਲਾਨੀਆਂ ਦੀ ਆਮਦ 50 ਫ਼ੀਸਦੀ ਤੋਂ ਵੱਧ ਦੀ ਕਮੀ ਆਈ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਲਗਪਗ 600 ਹੋਟਲ ਅਤੇ ਗੈਸਟ ਹਾਊਸ ਹਨ ਅਤੇ ਲਗਪਗ 500 ਹੋਟਲ ਸਿਵਲ ਲਾਈਨਜ਼ ਖੇਤਰ ਵਿੱਚ ਹਨ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ : ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼: ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਨਿਗਰਾਨ ਕਮੇਟੀ ਦੀ ਅਗਵਾਈ ਹੇਠ ਚੱਲ ਰਹੀ ਭਰਤੀ ਮੁਹਿੰਮ ਮੁਕੰਮਲ ਹੋਣ ਉਪਰੰਤ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਹੋਵੇਗੀ। ਡੇਰਾ ਕਾਰ ਸੇਵਾ ਭੂਰੀਵਾਲਿਆਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਉਨ੍ਹਾਂ ਕਿਹਾ ਕਿ ਸੰਗਤਾਂ ਸਿਰਫ਼ ਉਸ ਸਖਸ਼ੀਅਤ ਨੂੰ ਹੀ ਅਕਾਲੀ ਦਲ ਦਾ ਪ੍ਰਧਾਨ ਮੰਨਣ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਕਮੇਟੀ ਅਨੁਸਾਰ ਭਰਤੀ ਕੀਤੇ ਜਾਣ ਉਪਰੰਤ ਡੇਲੀਗੇਟਾਂ ਵੱਲੋਂ ਬਣਾਇਆ ਗਿਆ ਹੋਵੇ। ਪਹਿਲਗਾਮ ਵਿਖੇ ਹੋਏ ਸੈਲਾਨੀਆਂ 'ਤੇ ਅੱਤਵਾਦੀ ਹਮਲੇ ਦੀ ਨਿੰਦਾ ਕਰਦਿਆ ਉਨ੍ਹਾਂ ਕਿਹਾ ਕਿ ਇਸ ਹਮਲੇ ਨਾਲ ਕਸ਼ਮੀਰ ਅਤੇ ਕਸ਼ਮੀਰ ਦੇ ਲੋਕਾਂ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸਾਨੂੰ ਭਾਈਚਾਰਕ ਸਾਂਝ ਬਰਕਰਾਰ ਰੱਖਣ ਦੀ ਲੋੜ ਹੈ। ਭਾਰਤ ਸਰਕਾਰ ਨੂੰ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਬੀਤੇ ਦਿਨ ਗਿਆਨੀ ਰਘਬੀਰ ਸਿੰਘ ਨਾਲ ਦਿੱਲੀ ਹਵਾਈ ਅੱਡੇ 'ਤੇ ਹੋਏ ਦੁਰਵਿਵਹਾਰ ਦੀ ਵੀ ਨਿੰਦਾ ਕੀਤੀ ਅਤੇ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਏਅਰਲਾਈਨਾਂ ਨਾਲ ਗੱਲਬਾਤ ਕਰਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦਾ ਪ੍ਰਚਾਰ ਹੋ ਰਿਹਾ ਹੈ, ਪਰ ਲੋਕ ਪੈਸੇ ਲੈ ਕੇ ਧਰਮ ਪਰਿਵਰਤਨ ਕਰ ਰਹੇ ਹਨ, ਜੋ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਛੇਤੀ ਤੋਂ ਛੇਤੀ ਹੋਣੀਆਂ ਚਾਹੀਦੀਆਂ ਹਨ ਅਤੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਇਕੱਠੇ ਹੋ ਕੇ ਇਹ ਚੋਣ ਲੜਨੀ ਚਾਹੀਦੀ ਹੈ। ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦਾ ਘਾਣ ਕੀਤਾ ਹੈ, ਉਨ੍ਹਾਂ ਨੂੰ ਬਾਹਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਪਿਛਲੇ ਸਮੇਂ ਵਿੱਚ ਕਾਂਗਰਸ ਨਾਲ ਸਬੰਧ ਰਹੇ ਹਨ ਅਤੇ 1984 ਦੇ ਦੰਗਿਆਂ ਦੇ ਦੋਸ਼ੀਆਂ ਦਾ ਸਨਮਾਨ ਕਰਨ ਦੇ ਇਲਜਾਮ ਵੀ ਲੱਗਦੇ ਰਹੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ ਸਮੁੱਚੇ ਸੰਸਾਰ ਤੱਕ ਪੁੱਜਦਾ ਕਰਨ ਦੀ ਲੋੜ : ਜਥੇ. ਗੜਗੱਜ



ਜਲੰਧਰ/ਏ.ਟੀ.ਨਿਊਜ਼ : ਬੀਤੇ ਦਿਨੀਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਜ਼ 2 ਜਲੰਧਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਹਫਤਾਵਾਰੀ ਗੁਰਮਤ ਸਮਾਗਮ 'ਚ ਰਾਗੀ ਜੱਥੇ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਗਈ। ਸਮਾਗਮ 'ਚ ਇਲਾਹੀ ਬਾਣੀ ਦੇ ਕੀਰਤਨ ਦੀ ਹਾਜ਼ਰੀ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਧਰਮ ਪਰਿਵਰਤਨ ਦੇ ਮੁੱਦੇ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਚੰਗੀਆਂ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਕੇ ਤੇ ਗੁਰੂਆਂ ਦੀਆਂ ਜੀਵਨੀਆਂ ਤੋਂ ਜਾਣੂ ਕਰਵਾ ਕੇ ਲੋਕਾਂ ਨੂੰ ਸਿੱਖ ਧਰਮ ਨਾਲ ਜੋੜਿਆ ਜਾ ਸਕਦਾ ਹੈ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ ਸਮੁੱਚੇ ਸੰਸਾਰ ਤੱਕ ਪੁੱਜਦਾ ਕਰਨ ਦਾ ਸੁਨੇਹਾ ਦਿੱਤਾ। ਸਮਾਗਮ 'ਚ ਹਾਜ਼ਰੀ ਭਰਨ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਲਬੀਰ ਸਿੰਘ ਮਾਹਨ ਸਮੇਤ ਪ੍ਰਬੰਧਕ ਕਮੇਟੀ ਮੈਂਬਰਾਂ ਤੇ ਦੌਰਾਨ ਯੂਥ ਅਕਾਲੀ ਦਲ ਦੇ ਪ੍ਰਧਾਨ ਅੰਮ੍ਰਿਤਬੀਰ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਜਥੇਦਾਰ ਗਿਆਨੀ (ਬਾਕੀ ਸਫ਼ਾ 31 'ਤੇ)

# ਗਿਆਨੀ ਰਘਬੀਰ ਸਿੰਘ ਅਮਰੀਕਾ ਲਈ ਰਵਾਨਾ, ਜਹਾਜ਼ 'ਚ ਮਾੜੇ ਪ੍ਰਬੰਧਾਂ ਕਾਰਨ ਛੱਡ ਦਿੱਤੀ ਸੀ ਉਡਾਣ



ਅੰਮ੍ਰਿਤਸਰ/ਏ.ਟੀ.ਨਿਊਜ਼: ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਪਿਛਲੇ ਦਿਨੀਂ ਰਾਤ ਸਮੇਂ ਉਡਾਣ ਰਾਹੀਂ ਅਮਰੀਕਾ ਲਈ ਰਵਾਨਾ ਹੋ ਗਏ। ਉਹ ਸੈਕਰਾਮੈਂਟੋ ਸ਼ਹਿਰ ਵਿੱਚ ਗੁਰਮਤਿ ਸਮਾਗਮ ਵਿੱਚ ਸ਼ਾਮਲ ਹੋਣਗੇ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ 24 ਅਪ੍ਰੈਲ ਨੂੰ ਨਵੀਂ ਦਿੱਲੀ ਹਵਾਈ ਅੱਡੇ ਤੋਂ ਏਅਰ ਇੰਡੀਆ ਦੀ ਉਡਾਣ ਰਾਹੀਂ ਅਮਰੀਕਾ ਜਾਣਾ ਸੀ ਪਰ ਜਹਾਜ਼ ਵਿੱਚ ਮਾੜੇ ਪ੍ਰਬੰਧਾਂ ਅਤੇ ਅਮਲੇ ਵੱਲੋਂ ਦੁਰਵਿਹਾਰ ਕੀਤੇ ਜਾਣ ਦੇ ਰੋਸ ਵਜੋਂ ਉਨ੍ਹਾਂ ਨੇ ਉਡਾਣ ਛੱਡ ਦਿੱਤੀ ਸੀ। ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਏਅਰ ਇੰਡੀਆ ਖ਼ਿਲਾਫ਼ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਸ਼ਿਕਾਇਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਦੇ ਸੈਕਰੋਮੈਂਟੋ ਵਿੱਚ ਗੁਰਮਤਿ ਸਮਾਗਮ ਹੋ ਰਿਹਾ ਹੈ। ਸਮਾਗਮ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ। ਇਸ ਸਬੰਧ ਵਿੱਚ ਉਨ੍ਹਾਂ ਨੇ ਏਅਰ ਇੰਡੀਆ ਦੇ ਜਹਾਜ਼ ਰਾਹੀਂ ਜਾਣ ਵਾਸਤੇ ਇੱਕ ਬਿਜ਼ਨਸ ਅਤੇ ਦੋ ਇਕੌਨਮੀ ਸ਼੍ਰੇਣੀ ਦੀਆਂ ਸੀਟਾਂ ਬੁੱਕ ਕਰਾਈਆਂ ਸਨ। ਉਨ੍ਹਾਂ ਕਿਹਾ ਕਿ ਸਬੰਧਤ ਜਹਾਜ਼ ਵਿੱਚ ਇਕੌਨਮੀ ਸ਼੍ਰੇਣੀ ਦੀਆਂ ਸੀਟਾਂ ਫਟੀਆਂ ਹੋਈਆਂ ਸਨ ਤੇ ਬਿਜ਼ਨਸ ਕਲਾਸ ਵਿੱਚੋਂ ਬਦਬੂ ਆ ਰਹੀ ਸੀ। ਉਨ੍ਹਾਂ ਜਹਾਜ਼ ਦੇ ਅਮਲੇ ਕੋਲ ਸ਼ਿਕਾਇਤ ਕੀਤੀ ਪਰ ਉਨ੍ਹਾਂ ਦੁਰਵਿਹਾਰ ਕੀਤਾ ਤੇ ਉਨ੍ਹਾਂ ਦਾ ਪਾਸਪੋਰਟ ਲੈ ਲਿਆ। ਰੋਸ ਵਜੋਂ ਉਨ੍ਹਾਂ ਨੇ ਇਹ ਹਵਾਈ ਉਡਾਣ ਛੱਡ ਦਿੱਤੀ ਸੀ।

## ਗਿ. ਰਘਬੀਰ ਸਿੰਘ ਨਾਲ ਦੁਰਵਿਵਹਾਰ ਦੀ ਮੁੱਖ ਮੰਤਰੀ ਵੱਲੋਂ ਨਿਖੇਧੀ

ਚੰਡੀਗੜ੍ਹ/ਏ.ਟੀ.ਨਿਊਜ਼ :- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਦੁਰਵਿਵਹਾਰ ਲਈ ਜ਼ਿੰਮੇਵਾਰ ਏਅਰ ਇੰਡੀਆ ਦੇ ਕਰਮਚਾਰੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਬਦਸਲੂਕੀ ਦੀ ਘਟਨਾ ਬਹੁਤ ਹੀ ਨਿੰਦਣਯੋਗ ਹੈ ਅਤੇ ਏਅਰ ਇੰਡੀਆ ਦੇ ਸਟਾਫ਼ ਦਾ ਗੈਰ-ਜ਼ਿੰਮੇਵਾਰਾਨਾ ਵਿਵਹਾਰ ਅਣਉੱਚਿਤ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦੀ ਬਹੁਤ ਸਤਿਕਾਰਤ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਨਾਲ ਅਜਿਹੇ ਦੁਰਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਨੇ ਹਰੇਕ ਸਿੱਖ ਦੇ ਮਨ ਨੂੰ ਗਹਿਰੀ ਠੇਸ ਪਹੁੰਚਾਈ ਹੈ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਏਅਰ ਇੰਡੀਆ ਦੇ ਜ਼ਿੰਮੇਵਾਰ ਕਰਮਚਾਰੀਆਂ ਵਿਰੁੱਧ ਮਿਸਾਲੀ ਕਾਰਵਾਈ ਕਰਨ ਦੀ ਅਪੀਲ ਕੀਤੀ ਤਾਂ ਜੋ ਦੂਜਿਆਂ ਨੂੰ ਸਬਕ ਮਿਲ ਸਕੇ।

# ਗੁ. ਫ਼ਤਹਿਗੜ੍ਹ ਸਾਹਿਬ ਵਿਖੇ ਭਰਤੀ ਕਮੇਟੀ ਦੀ ਮੀਟਿੰਗ 'ਚ ਵਿਘਨ ਪਾਉਣ ਦਾ ਯਤਨ ਕੀਤਾ ਗਿਆ: ਝੂੰਦਾਂ



ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼: ਅਕਾਲ ਤਖ਼ਤ ਤੋਂ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਮੈਂਬਰ ਇਕਬਾਲ ਸਿੰਘ ਝੂੰਦਾਂ ਅਤੇ ਸੰਤਾ ਸਿੰਘ ਉਮੈਦਪੁਰੀ ਨੇ ਦੋਸ਼ ਲਾਇਆ ਹੈ ਕਿ ਇੱਥੇ ਗੁਰਦੁਆਰੇ ਸਾਹਿਬ ਵਿੱਚ ਹੋਈ ਮੀਟਿੰਗ ਵਿੱਚ ਕਥਿਤ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ 'ਸਾਜ਼ਿਸ਼ੀ' ਰੋਕਾਂ ਦੇ ਬਾਵਜੂਦ ਭਰਵੀਂ ਮੀਟਿੰਗ ਹੋਈ। ਉਨ੍ਹਾਂ ਦੋਸ਼ ਲਾਇਆ ਕਿ ਮੀਟਿੰਗ ਹਾਲ ਦੀ ਇਜਾਜ਼ਤ ਲੈਣ ਦੇ ਬਾਵਜੂਦ ਮੀਟਿੰਗ ਰੋਕਣ ਲਈ ਹਾਲ ਨੂੰ ਤਾਲਾ ਲਾ ਦਿੱਤਾ ਅਤੇ ਐਂਟਰੀ ਗੇਟ 'ਤੇ ਟਰੈਕਟਰ ਖੜ੍ਹਾ ਕੀਤਾ ਗਿਆ। ਉਨ੍ਹਾਂ ਇਸ ਸਬੰਧੀ 10 ਮਈ ਨੂੰ ਫਤਹਿਗੜ੍ਹ ਸਾਹਿਬ 'ਚ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਮੀਟਿੰਗ ਕਰਨ ਦਾ ਐਲਾਨ ਕੀਤਾ। ਸੀਨੀਅਰ ਆਗੂ ਅਮਰਿੰਦਰ ਸਿੰਘ ਸੋਨੂ ਲਿਬੜਾ ਨੇ ਇਸ ਮੰਤਵ ਲਈ 40 ਬੱਸਾਂ ਦੇ ਪ੍ਰਬੰਧ ਦਾ ਐਲਾਨ ਕਰਦਿਆਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਦੋਸ਼ ਲਾਇਆ ਕਿ ਅਕਾਲ ਤਖ਼ਤ ਸਾਹਿਬ; ਵੱਲ ਪਿੱਠ ਕਰੀਂ ਖੜ੍ਹੇ ਧੜੇ ਨੇ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਮਿਲ ਰਹੇ ਹੁੰਗਾਰੇ ਤੋਂ ਘਬਰਾ ਕੇ ਗ਼ੈਰ-ਇਖ਼ਲਾਕੀ ਅਤੇ ਸੌੜੀ ਸੋਚ ਕਾਰਨ ਅਜਿਹਾ ਕੀਤਾ ਹੈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸ਼ਹਿ 'ਤੇ ਹੋਇਆ ਹੈ।

ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਦੋਸ਼ ਲਾਇਆ ਕਿ ਦੇਸ਼-ਵਿਦੇਸ਼ ਤੋਂ ਮੈਂਬਰਸ਼ਿਪ ਪ੍ਰਤੀ ਭਾਰੀ ਉਤਸ਼ਾਹ ਕਾਰਨ ਭਗੌੜੇ ਦਲ ਦੇ ਆਗੂ ਬੁਖ਼ਲਾਹਟ ਦਾ ਸ਼ਿਕਾਰ ਹੋ ਕੇ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਇਸ ਮਾਮਲੇ ਦਾ ਸਖ਼ਤ ਨੋਟਿਸ ਲੈਣ ਦੀ ਅਪੀਲ ਕੀਤੀ। ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਇਸ ਕਾਰਵਾਈ ਦੀ ਆਲੋਚਨਾ ਕਰਦਿਆਂ ਨੌਜਵਾਨਾਂ ਨੂੰ ਭਰਤੀ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸਿੱਖ ਕੌਮ ਮੀਟਿੰਗ ਹਾਲ ਨੂੰ ਤਾਲੇ ਲਗਵਾਉਣ ਦੀ ਕਾਰਵਾਈ ਦਾ ਜਵਾਬ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਦੇਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਦੋਹਤੇ ਗੁਰਜੀਤ ਸਿੰਘ ਤਲਵੰਡੀ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਹਰਵੇਲ ਸਿੰਘ ਮਾਧੋਪੁਰ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਹਾਜ਼ਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

### ਭਾਰਤ- ਪਾਕਿਸਤਾਨ ਤਣਾਓ 'ਚ ਪੀਸੇ ਜਾ ਰਹੇ ਆਮ ਲੋਕ

ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਨੇ ਆਮ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਵੀ ਡੂੰਘੇ ਸੰਕਟ ਵਿੱਚ ਪਾ ਦਿੱਤਾ ਹੈ। ਹਾਲ ਹੀ ਵਿੱਚ, ਭਾਰਤ ਸਰਕਾਰ ਦੁਆਰਾ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ਾ ਮੁਅੱਤਲ ਅਤੇ ਦੇਸ਼ ਨਿਕਾਲਾ ਦੇ ਆਦੇਸ਼ ਤੋਂ ਬਾਅਦ ਬਹੁਤ ਸਾਰੇ ਭਾਰਤੀ -ਪਾਕਿਸਤਾਨੀ ਨਾਗਰਿਕਾਂ ਦੀਆਂ ਕਹਾਣੀਆਂ ਸਾਹਮਣੇ ਆ ਰਹੀਆਂ ਹਨ। ਭਾਰਤ ਵਿੱਚ ਕੁਝ ਅਜਿਹੇ ਨੌਜਵਾਨਾਂ ਦੀ ਕਹਾਣੀ ਵੀ ਸਾਹਮਣੇ ਆਈ ਹੈ, ਜਿਨ੍ਹਾਂ ਦੇ ਵਿਆਹ ਪਾਕਿਸਤਾਨ ਦੀਆਂ ਕੁੜੀਆਂ ਨਾਲ ਹੋਣ ਵਾਲੇ ਸਨ ਅਤੇ ਉਹਨਾਂ ਵੱਲੋਂ ਵਿਆਹ ਦੀਆਂ ਪੂਰੀਆਂ ਤਿਆਰੀਆਂ ਵੀ ਕੀਤੀਆਂ ਹੋਈਆਂ ਸਨ ਪਰ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਕਾਰਨ ਉਹਨਾਂ ਦੇ ਵਿਆਹ ਦੇ ਚਾਅ ਅਧੂਰੇ ਹੀ ਰਹਿ ਗਏ। ਪਹਿਲਗਾਮ ਵਿੱਚ ਹੋਏ ਹਮਲੇ ਦਾ ਸੇਕ ਹੁਣ ਸਿਆਸੀ, ਆਰਥਿਕ ਮਸਲਿਆਂ ਤੋਂ ਬਾਅਦ ਸਮਾਜਿਕ ਅਤੇ ਪਰਿਵਾਰਿਕ ਮਸਲਿਆਂ ਨੂੰ ਵੀ ਲੱਗ ਰਿਹਾ ਹੈ। ਜਿਸ ਦਾ ਖਮਿਆਜ਼ਾ ਭਾਰਤ ਵਿੱਚ ਰਹਿ ਰਹੀਆਂ ਪਾਕਿਸਤਾਨ ਦੀਆਂ ਕੁੜੀਆਂ ਨੂੰ ਵੀ ਭੁਗਤਣਾ ਪੈ ਰਿਹਾ ਹੈ। ਸਨਾ, ਰਜ਼ੀਆ ਅਤੇ ਮਾਰੀਆ ਵਰਗੀਆਂ ਔਰਤਾਂ ਦੀਆਂ ਕਹਾਣੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਜ਼ਮੀਨੀ ਹਕੀਕਤ ਕਿੰਨੀ ਗੁੰਝਲਦਾਰ ਅਤੇ ਦਰਦਨਾਕ ਹੋ ਸਕਦੀ ਹੈ। ਭਾਰਤ ਵਿੱਚ ਰਹਿ ਰਹੀਆਂ ਉਹਨਾਂ ਪਾਕਿਸਤਾਨੀ ਮਹਿਲਾਵਾਂ ਨੂੰ ਵੀ ਭਾਰਤ ਛੱਡ ਕੇ ਪਾਕਿਸਤਾਨ ਜਾਣਾ ਪੈ ਰਿਹਾ ਹੈ, ਜੋ ਕਿ ਭਾਰਤ ਵਿੱਚ ਵਿਆਹੀਆਂ ਹੋਈਆਂ ਹਨ ਪਰ ਉਹਨਾਂ ਨੂੰ ਅਜੇ ਭਾਰਤੀ ਨਾਗਰਿਕਤਾ ਨਹੀਂ ਮਿਲੀ। ਇਸ ਤਰ੍ਹਾਂ ਉਹਨਾਂ ਦੇ ਕੁਝ ਮਹੀਨੇ ਪਹਿਲਾਂ ਹੀ ਵਸੇ ਘਰਾਂ ਵਿੱਚ ਮਾਤਮ ਛਾ ਗਿਆ ਹੈ।

ਭਾਰਤ ਅਤੇ ਪਾਕਿਸਤਾਨ ਵਿੱਚ ਲੱਖਾਂ ਲੋਕ ਰਹਿੰਦੇ ਹਨ ਜੋ ਇੱਕ ਦੂਜੇ ਦੇ ਦੇਸ਼ ਜਾਣਾ ਚਾਹੁੰਦੇ ਹਨ, ਉੱਥੋਂ ਦੀਆਂ ਚੀਜ਼ਾਂ ਦੇਖਣਾ ਚਾਹੁੰਦੇ ਹਨ, ਸੱਭਿਆਚਾਰ ਨੂੰ ਸਮਝਣਾ ਚਾਹੁੰਦੇ ਹਨ। ਬਹੁਤ ਸਾਰੇ ਪਾਕਿਸਤਾਨੀ ਭਾਰਤ ਆ ਕੇ ਤਾਜ ਮਹਿਲ, ਲਾਲ ਕਿਲਾ ਅਤੇ ਹੋਰ ਥਾਂਵਾਂ ਦੇਖਣਾ ਚਾਹੁੰਦੇ ਹਨ। ਇਸ ਦੇ ਨਾਲ ਹੀ ਕਈ ਭਾਰਤੀ ਲਾਹੌਰ ਜਾ ਕੇ ਪਾਕਿਸਤਾਨ ਦੀਆਂ ਉਨ੍ਹਾਂ ਥਾਂਵਾਂ ਨੂੰ ਦੇਖਣਾ ਚਾਹੁੰਦੇ ਹਨ, ਜਿਨ੍ਹਾਂ ਬਾਰੇ ਉਹ ਸੁਣਦੇ ਆਏ ਹਨ। ਭਾਰਤ ਵਿੱਚ ਅਕਸਰ ਕਿਹਾ ਜਾਂਦਾ ਹੈ ਕਿ ਜਿਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ। ਇਸ ਕਰਕੇ ਲਾਹੌਰ ਵੇਖਣ ਦੀ ਇੱਛਾ ਅਕਸਰ ਅਨੇਕਾਂ ਭਾਰਤੀ ਲੋਕਾਂ ਵਿੱਚ ਰਹਿੰਦੀ ਹੈ ਤੇ ਅਨੇਕਾਂ ਲੋਕ ਮੌਕਾ ਮਿਲਣ 'ਤੇ ਲਾਹੌਰ ਵੇਖ ਵੀ ਆਉਂਦੇ ਹਨ ਪਰ ਹੁਣ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਕਾਰਨ ਭਾਰਤੀ ਲੋਕਾਂ ਦੀ ਇਹ ਇੱਛਾ ਪੂਰੀ ਹੋਣੀ ਸੰਭਵ ਨਹੀਂ। ਭਾਰਤ ਅਤੇ ਪਾਕਿਸਤਾਨ ਵਿੱਚ ਅਜਿਹੇ ਲੋਕ ਵੱਡੀ ਗਿਣਤੀ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿਚਾਲੇ ਆਪਸ ਵਿੱਚ ਰਿਸ਼ਤੇਦਾਰੀਆਂ ਹਨ। ਭਾਵੇਂ ਕਿ ਅਜਿਹੇ ਜ਼ਿਆਦਾਤਰ ਲੋਕ ਮੁਸਲਮਾਨ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਪਰ ਇਹਨਾਂ ਦੋਵਾਂ ਦੇਸ਼ਾਂ ਦੇ ਲੋਕਾਂ ਦੀਆਂ ਆਪਸ ਵਿੱਚ ਰਿਸ਼ਤੇਦਾਰੀਆਂ ਦੋਵਾਂ ਦੇਸ਼ਾਂ ਵਿਚਾਲੇ ਇੱਕ ਪੁਲ ਦਾ ਕੰਮ ਕਰਦੀਆਂ ਰਹੀਆਂ ਹਨ ਅਤੇ ਇਹ ਲੋਕ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਸੁਖਾਵੇਂ ਹੋਣ ਦੀ ਹਮੇਸ਼ਾ ਕਾਮਨਾ ਕਰਦੇ ਹਨ। ਇਸ ਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਦੇ ਅਨੇਕਾਂ ਵਪਾਰੀ ਵੀ ਇੱਕ ਦੂਜੇ ਦੇਸ਼ ਵਿੱਚ ਵਪਾਰ ਕਰਦੇ ਹਨ ਅਤੇ ਉਹਨਾਂ ਦੇ ਵਪਾਰਕ ਹਿੱਤ ਵੀ ਆਪਸ ਵਿੱਚ ਜੁੜੇ ਹੋਏ ਹਨ। ਇਸ ਕਰਕੇ ਅਜਿਹੇ ਵਪਾਰੀ ਲੋਕਾਂ ਨੂੰ ਵੀ ਭਾਰਤ ਪਾਕਿਸਤਾਨ ਸਰਹੱਦ ਬੰਦ ਹੋਣ ਕਾਰਨ ਆਰਥਿਕ ਨੁਕਸਾਨ ਉਠਾਉਣਾ ਪੈਂਦਾ ਹੈ।

ਜੇ ਹੁਣ ਪੰਜਾਬ ਦੇ ਪਾਕਿਸਤਾਨ ਨਾਲ ਲੱਗਦੀ ਸਰਹੱਦ ਨੇੜੇ ਵਸੇ ਪਿੰਡਾਂ ਵਿੱਚ ਰਹਿੰਦੇ ਲੋਕਾਂ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਦੇ ਦੁੱਖ ਦੇਸ਼ ਦੇ ਹੋਰਨਾਂ ਦੇਸ਼ਾਂ ਨਾਲੋਂ ਵੱਖਰੇ ਹੁੰਦੇ ਹਨ। ਜਦੋਂ ਵੀ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਨਾਓ ਪੈਦਾ ਹੁੰਦਾ ਹੈ ਜਾਂ ਲੜਾਈ ਹੋਣ ਦੇ ਆਸਾਰ ਬਣਦੇ ਹਨ ਤਾਂ ਸਭ ਤੋਂ ਪਹਿਲਾਂ ਇਹਨਾਂ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਆਪਣੇ ਘਰ ਬਾਰ ਛੱਡ ਕੇ ਸੁੱਰਖਿਅਤ ਥਾਂਵਾਂ ਤੇ ਜਾਣ ਦੇ ਹੁਕਮ ਜਾਰੀ ਹੁੰਦੇ ਹਨ। ਜਿਸ ਕਾਰਨ ਇਹ ਲੋਕ ਆਪਣੇ ਸਮਾਨ ਸਮੇਤ ਸੁੱਰਖਿਅਤ ਟਿਕਾਣਿਆਂ ਦੀ ਭਾਲ ਵਿੱਚ ਤੁਰ ਪੈਂਦੇ ਹਨ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਇਹਨਾਂ ਲੋਕਾਂ ਨੂੰ ਅਜਿਹਾ ਕਈ ਵਾਰ ਕਰਨਾ ਪਿਆ ਹੈ। ਇਸੇ ਕਾਰਨ ਪੰਜਾਬ ਦੇ ਸਰਹੱਦੀ ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਭਾਰਤ ਨੂੰ ਪਾਕਿਸਤਾਨ ਨਾਲ ਸਾਰੇ ਝਗੜੇ ਇੱਕੋ ਵਾਰ ਹੱਲ ਕਰ ਲੈਣੇ ਚਾਹੀਦੇ ਹਨ ਤਾਂ ਕਿ ਵਾਰ ਵਾਰ ਜੰਗ ਵਾਲਾ ਮਾਹੌਲ ਨਾ ਬਣੇ ਅਤੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਵਾਰ ਵਾਰ ਨਾ ਉੱਜੜਨਾ ਪਵੇ।

ਉਪਰੋਕਤ ਵੇਰਵੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਤਨਾਓ ਕਾਰਨ ਦੋਵਾਂ ਦੇਸ਼ਾਂ ਦੇ ਵੱਡੀ ਗਿਣਤੀ ਆਮ ਲੋਕ ਪੀਸੇ ਜਾ ਰਹੇ ਹਨ ਅਤੇ ਖੱਜਲ ਖੁਆਰ ਹੋ ਰਹੇ ਹਨ। ਪਹਿਲਗਾਮ ਹਮਲੇ ਤੋਂ ਬਾਅਦ ਜਿਥੇ ਭਾਰਤ ਨੂੰ ਅਜਿਹੀ ਸਖ਼ਤੀ ਕਰਨ ਲਈ ਮਜਬੂਰ ਹੋਣਾ ਪਿਆ, ਉਥੇ ਭਾਰਤ ਦੇ ਜਵਾਬ ਵਿੱਚ ਪਾਕਿਸਤਾਨ ਨੇ ਵੀ ਸਖ਼ਤ ਫੈਸਲੇ ਕਰ ਦਿੱਤੇ ਜਿਸ ਦਾ ਖ਼ਮਿਆਜ਼ਾ ਦੋਵਾਂ ਦੇਸ਼ਾਂ ਦੇ ਆਮ ਲੋਕ ਭੁਗਤ ਰਹੇ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਤਨਾਓ ਕਾਰਨ ਦੋਵਾਂ ਦੇਸ਼ਾਂ ਦੇ ਪ੍ਰਭਾਵਿਤ ਆਮ ਲੋਕਾਂ ਨੂੰ ਇਹ ਸਮਝ ਨਹੀਂ ਲੱਗ ਰਹੀ ਕਿ ਉਹਨਾਂ ਨੂੰ ਕਿਹੜੇ ਕਸੂਰ ਦੀ ਸਜ਼ਾ ਮਿਲ ਰਹੀ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਦੋਵਾਂ ਦੇਸ਼ਾਂ ਦੇ ਲੋਕਾਂ ਅੱਗੇ ਅਜਿਹੀ ਸਥਿਤੀ ਬਣੇ ਹੋਵੇ ਸਗੋਂ ਇਸ ਤੋਂ ਪਹਿਲਾਂ ਵੀ ਭਾਰਤ ਅਤੇ ਪਾਕਿਸਤਾਨ ਵਿਚਾਲੇ ਅਨੇਕਾਂ ਵਾਰ ਤਨਾਓ ਪੈਦਾ ਹੋ ਚੁੱਕਿਆ ਹੈ ਅਤੇ ਦੋਵੇਂ ਦੇਸ਼ ਜੰਗ ਦੀ ਕਗਾਰ 'ਤੇ ਕਈ ਵਾਰ ਪਹੁੰਚ ਚੁੱਕੇ ਹਨ। ਭਾਰਤ ਦੇ ਰਾਸ਼ਟਰੀ ਹਿੱਤਾਂ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਵੀਜ਼ਾ ਨੀਤੀ ਨੂੰ ਸਖ਼ਤ ਕਰਨਾ ਜ਼ਰੂਰੀ ਸੀ, ਪਰ ਬਹੁਤ ਸਾਰੇ ਮਾਸੂਮ ਲੋਕ ਇਸ ਦਾ ਸ਼ਿਕਾਰ ਵੀ ਹੋਏ ਹਨ। ਸਰਕਾਰ ਤੋਂ ਹੁਣ ਇਨ੍ਹਾਂ ਮਾਮਲਿਆਂ ਵਿੱਚ ਮਾਨਵੀ ਆਧਾਰ 'ਤੇ ਹਮਦਰਦੀ ਭਰਿਆ ਫੈਸਲਾ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਤਨਾਓ ਸਮਾਪਤ ਹੋਵੇ ਅਤੇ ਮਿੱਤਰਤਾਪੂਰਨ ਸਬੰਧ ਬਣਾਏ ਜਾਣ। ਇਸ ਲਈ ਦੋਵਾਂ ਦੇਸ਼ਾਂ ਦੇ ਮੋਹਰੀ ਆਗੂਆਂ ਨੂੰ ਹੀ ਯਤਨ ਕਰਨੇ ਪੈਣਗੇ।

# ਅਮਰੀਕਾ ਦੀ ਧੱਕੇਸ਼ਾਹੀ ਤੇ ਟੈਰਿਫ਼ ਬਾਰੇ ਭਾਰਤ ਚੁੱਪ ਕਿਉਂ ?



ਡਾਕਟਰ ਸੁੱਚਾ ਸਿੰਘ ਗਿੱਲ

ਅਮਰੀਕਾ ਵੱਲੋਂ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੀਆਂ ਵਸਤੂਆਂ/ਦਰਾਮਦਾਂ 'ਤੇ ਇਕਤਰਫ਼ਾ ਵੱਡੀਆਂ ਦਰਾਂ ਦੇ ਕਸਟਮ ਡਿਊਟੀ/ਟੈਕਸ ਲਾ ਦਿੱਤੇ ਗਏ ਹਨ। ਇਸ ਕਾਰਵਾਈ ਨਾਲ ਅਮਰੀਕਾ ਨੇ ਆਪਣੀ ਧੱਕੇਸ਼ਾਹੀ ਦਾ ਐਲਾਨ ਕੀਤਾ ਹੈ। ਅਮਰੀਕਾ ਵੱਲੋਂ ਹਰ ਇੱਕ ਦੇਸ਼ ਦੇ ਖਿਲਾਫ਼ 10% ਬੁਨਿਆਦੀ ਕਸਟਮ ਡਿਊਟੀ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਪਰ ਬਾਅਦ ਵਿੱਚ ਉਸ ਨੇ ਚੀਨ ਖਿਲਾਫ਼ 36%, ਜਪਾਨ ਵਿਰੁੱਧ 34%, ਵੀਅਤਨਾਮ ਵਿਰੁੱਧ 70% ਅਤੇ ਭਾਰਤੀ ਵਸਤਾਂ 'ਤੇ 26% ਡਿਊਟੀ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਅਮਰੀਕਾ ਨੇ ਆਪਣੇ ਕਾਫ਼ੀ ਨਜ਼ਦੀਕੀ ਦੇਸ਼ ਮੈਕਸੀਕੋ, ਕੈਨੇਡਾ ਅਤੇ ਯੂਰਪੀਨ ਯੂਨੀਅਨ ਨੂੰ ਵੀ ਨਹੀਂ ਬਖਸ਼ਿਆ। ਪਰ ਬਾਅਦ ਵਿੱਚ ਚੀਨ ਨੂੰ ਛੱਡ ਕੇ ਬਾਕੀ ਬਹੁਤੇ ਦੇਸ਼ਾਂ ਵਿਰੁੱਧ ਲਾਏ ਗਏ ਟੈਰਿਫ਼ਾਂ ਨੂੰ 90 ਦਿਨਾਂ ਲਈ ਅੱਗੇ ਪਾ ਦਿੱਤਾ। ਚੀਨ ਤੇ ਅਮਰੀਕਾ ਇਸ ਮੁੱਦੇ 'ਤੇ ਆਹਮੋ-ਸਾਹਮਣੇ ਹੋ ਗਏ ਹਨ। ਹੁਣ ਤੱਕ ਅਮਰੀਕਾ ਚੀਨੀ ਵਸਤਾਂ 'ਤੇ 145 ਫ਼ੀਸਦੀ ਅਤੇ ਚੀਨ ਨੇ ਅਮਰੀਕੀ ਵਸਤਾਂ 'ਤੇ 125 ਫ਼ੀਸਦੀ ਟੈਰਿਫ਼ ਲਾਇਆ ਹੈ। ਚੀਨ ਨੇ ਇਹ ਵੀ ਕਿਹਾ ਹੈ ਕਿ ਇਸ ਤੋਂ ਬਾਅਦ ਜੇ ਅਮਰੀਕਾ ਚੀਨੀ ਵਸਤਾਂ 'ਤੇ ਹੋਰ ਟੈਰਿਫ਼ ਲਾਉਂਦਾ ਹੈ ਤਾਂ ਉਹ ਉਸ ਨੂੰ ਨਜ਼ਰ ਅੰਦਾਜ਼ ਨਹੀਂ ਕਰੇਗਾ। ਇਸ ਨਾਲ ਸਾਰੀ ਦੁਨੀਆਂ ਵਿੱਚ ਹਾਹਾਕਾਰ ਮਚ ਗਈ ਹੈ। ਦੁਨੀਆਂ ਦੇ ਕਈ ਦੇਸ਼ਾਂ ਵੱਲੋਂ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਆਵਾਜ਼ ਉਠਾਈ ਗਈ ਹੈ ਅਤੇ ਜਵਾਬੀ ਕਾਰਵਾਈ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ ਪਰ ਭਾਰਤ ਇਸ ਦੇ ਖ਼ਿਲਾਫ਼ ਬੋਲਣ ਤੋਂ ਝਿਜਕ ਰਿਹਾ ਹੈ।

ਅਮਰੀਕੀ ਸਰਕਾਰ ਦੇ ਅਪ੍ਰੈਲ 02, 2025 ਦੇ ਐਲਾਨ ਤੋਂ ਪਹਿਲਾਂ ਦੇ ਕੌਮਾਂਤਰੀ ਆਰਥਿਕ ਸਿਸਟਮ ਬਾਰੇ ਥੋੜ੍ਹਾ ਜ਼ਿਕਰ ਕਰਨਾ ਠੀਕ ਲਗਦਾ ਹੈ। ਇਹ ਸਿਸਟਮ ਅਮਰੀਕਾ ਅਤੇ ਬਰਤਾਨੀਆ ਦੇ ਸਾਂਝੇ ਯਤਨਾਂ ਨਾਲ ਬਰੈਟਨ ਵੂਡਜ਼ ਵਿਖੇ 1944 ਦੀ ਕਾਨਫ਼ਰੰਸ ਤੋਂ ਬਾਅਦ ਹੋਂਦ ਵਿੱਚ ਆਇਆ ਸੀ। ਇਸ ਕਾਨਫ਼ਰੰਸ ਵਿੱਚ ਤਿੰਨ ਸੰਸਥਾਵਾਂ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਸੀ। ਕੌਮਾਂਤਰੀ ਆਰਥਿਕਤਾ ਨੂੰ ਨਿਰਵਿਘਨ ਚਲਾਉਣ ਵਾਸਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਬਣਾਇਆ ਗਿਆ। ਇਸ ਸਿਸਟਮ ਵਿਚ ਅਮਰੀਕਾ ਦੇ ਡਾਲਰ ਨੂੰ ਗਲੋਬਲ ਕਰੰਸੀ ਦਾ ਦਰਜਾ ਦਿੱਤਾ ਗਿਆ ਸੀ। ਹੋਰਨਾਂ ਦੇਸ਼ਾਂ ਨੂੰ ਵਪਾਰ ਵਾਸਤੇ ਬਾਹਰ ਮਾਲ ਵੇਚਣ ਤੋਂ ਬਾਅਦ ਡਾਲਰ ਕਮਾਉਣੇ ਪੈਂਦੇ ਹਨ ਪਰ ਅਮਰੀਕਾ ਡਾਲਰ ਛਾਪ ਕੇ ਵੀ ਬਾਕੀ ਦੁਨੀਆਂ ਤੋਂ ਵਸਤੂਆਂ ਮੰਗਵਾ ਸਕਦਾ ਹੈ ਅਤੇ ਦੁਨੀਆਂ ਵਿੱਚ ਅਮਰੀਕਾ ਦੀ ਧਾਕ ਜਮਾਉਣ ਵਿੱਚ ਡਾਲਰ ਸਹਾਈ ਹੁੰਦਾ ਹੈ। ਇਹ ਸਿਸਟਮ ਅੱਜਕੱਲ੍ਹ ਵੀ ਜਾਰੀ ਹੈ। ਯੂਰਪੀਨ ਦੇਸ਼ਾਂ ਦੇ ਪੁਨਰਨਿਰਮਾਣ ਅਤੇ ਘੱਟ ਵਿਕਸਤ ਦੇਸ਼ਾਂ ਦੇ ਵਿਕਾਸ ਵਾਸਤੇ ਵਿਸ਼ਵ ਬੈਂਕ ਦੀ ਸਥਾਪਨਾ ਕੀਤੀ ਗਈ ਸੀ। ਇਹ ਅੱਜ ਤੱਕ ਕਾਇਮ ਹੈ। ਅਮਰੀਕਾ ਇਸ ਸੰਸਥਾ ਨੂੰ ਘੱਟ ਵਿਕਸਤ ਦੇਸ਼ਾਂ ਦੀਆਂ ਆਰਥਿਕ ਵਿਕਾਸ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਲਈ ਵਰਤਦਾ ਹੈ। ਵੱਖ ਵੱਖ ਦੇਸ਼ਾਂ ਵਿੱਚ ਵਪਾਰ ਦੇ ਨਿਯਮਾਂ ਨੂੰ ਤੈਅ ਕਰਨ ਅਤੇ ਲਾਗੂ ਕਰਨ ਵਾਸਤੇ, ਤੀਜੀ ਸੰਸਥਾ, ਅੰਤਰਰਾਸ਼ਟਰੀ ਵਪਾਰ ਸੰਸਥਾ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਸੀ। ਪਰ ਇਸ ਸੰਸਥਾ ਦੀ ਮੁਢਲੀ ਰੂਪ ਰੇਖਾ ਅਤੇ ਬਣਤਰ ਬਾਰੇ ਅਮਰੀਕਾ ਸਹਿਮਤ ਨਾ ਹੋਇਆ, ਇਸ ਕਰਕੇ ਗੈਟ (ਜਨਰਲ ਐਗਰੀਮੈਂਟ ਆਨ ਟੈਰਿਫ਼ ਐਂਡ ਟਰੇਡ) ਬਣਾਇਆ ਗਿਆ ਸੀ। ਗੱਲਬਾਤ ਦੇ ਅੱਠ ਦੌਰਾਂ ਤੋਂ ਬਾਅਦ ਪਹਿਲੀ ਜਨਵਰੀ 1995 ਨੂੰ ਗੈਟ ਦੀ ਜਗਾਹ ਵਿਸ਼ਵ ਵਪਾਰ ਸੰਸਥਾ ਨੂੰ ਸਥਾਪਿਤ ਕੀਤਾ ਗਿਆ ਸੀ। ਇਸ ਦੀ ਸਥਾਪਨਾ ਤੋਂ ਪਹਿਲਾਂ 1986-1994 ਦੇ ਅੱਠ ਸਾਲ ਵਿਸ਼ਵ ਦੇ ਦੇਸ਼ਾਂ ਵਿੱਚ ਗੱਲਬਾਤ ਚਲਾਉਣ ਤੋਂ ਬਾਅਦ ਸਹਿਮਤੀ ਨਾਲ ਵਿਸ਼ਵ ਵਪਾਰ ਸੰਸਥਾ ਕਾਇਮ ਕੀਤੀ ਗਈ ਸੀ। ਇਸ ਦੀ ਸਥਾਪਨਾ ਵਿੱਚ ਅਮਰੀਕਾ ਅਤੇ ਬਰਤਾਨੀਆ ਵੱਲੋਂ ਮੋਹਰੀ ਰੋਲ ਅਦਾ ਕੀਤਾ ਗਿਆ ਸੀ। ਇਸ ਸੰਸਥਾ ਦੇ ਅਧਿਕਾਰ ਖੇਤਰ ਵਿੱਚ ਕਾਫ਼ੀ ਵਾਧਾ ਕੀਤਾ ਗਿਆ ਸੀ। ਗੈਟ ਦੇ ਅਧਿਕਾਰ ਖੇਤਰ ਵਿੱਚ ਵਸਤੂਆਂ ਦੇ ਵਪਾਰ ਨੂੰ ਕੇਂਦਰ ਵਿੱਚ ਰੱਖ ਕੇ ਗੱਲਬਾਤ ਕੀਤੀ ਜਾਂਦੀ ਸੀ ਅਤੇ ਫ਼ੈਸਲੇ ਲਏ ਜਾਂਦੇ ਸਨ। ਪਰ ਖੇਤੀ ਵਸਤੂਆਂ ਦੇ ਵਪਾਰ ਨੂੰ ਇਸ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ ਸੀ। ਵਿਸ਼ਵ ਵਪਾਰ ਸੰਸਥਾ ਦੇ ਬਣਨ ਉਪਰੰਤ ਖੇਤੀ ਵਪਾਰ ਅਤੇ ਖੇਤੀ ਵਿਕਾਸ ਨੂੰ ਇਸ ਦੇ ਅਧਿਕਾਰ ਖੇਤਰ ਵਿੱਚ ਸ਼ਾਮਿਲ ਕਰ ਲਿਆ ਗਿਆ ਸੀ। ਸੇਵਾਵਾਂ ਦੇ ਵਪਾਰ, ਬੌਧਿਕ ਜਾਇਦਾਦ ਅਧਿਕਾਰ, ਵਿਦੇਸ਼ੀ ਪੂੰਜੀ ਦੇ ਦੇਸ਼ਾਂ ਵਿੱਚ ਖੁੱਲ੍ਹੇ ਦਾਖਲੇ ਬਾਰੇ ਫ਼ੈਸਲੇ ਲੈਣ ਦਾ ਅਧਿਕਾਰ ਵਿਸ਼ਵ ਵਪਾਰ ਸੰਸਥਾ ਨੂੰ ਦਿੱਤਾ ਗਿਆ ਅਤੇ ਟੈਰਿਫ਼/ਕਸਟਮ ਨੂੰ ਘਟਾਇਆ ਗਿਆ ਅਤੇ ਵਪਾਰ ਉੱਪਰ ਹੋਰ ਰੋਕਾਂ ਨੂੰ ਖਤਮ ਕੀਤਾ ਗਿਆ ਸੀ। ਦੇਸ਼ਾਂ ਦੇ ਵਿਸ਼ਵੀਕਰਨ ਨੂੰ ਉਤਸ਼ਾਹਿਤ ਕਰਨ ਲਈ ਵਪਾਰ ਮੰਤਰੀਆਂ ਦੀਆਂ ਸਮੇਂ ਸਮੇਂ ਮੀਟਿੰਗਾਂ ਦੇ ਪ੍ਰਬੰਧ ਕੀਤੇ ਗਏ। ਦੇਸ਼ਾਂ ਦੇ ਵਪਾਰ, ਪੂੰਜੀ, ਬੌਧਿਕ ਅਧਿਕਾਰਾਂ ਅਤੇ ਹੋਰ ਮਸਲਿਆਂ ਨੂੰ ਨਜਿੱਠਣ ਲਈ ਝਗੜਾ ਨਿਵਾਰਨ ਵਿਧੀ ਦਾ ਪ੍ਰਬੰਧ ਕੀਤਾ ਗਿਆ। ਵਿਸ਼ਵ ਵਪਾਰ ਸੰਸਥਾ ਦੇ ਨਿਯਮਾਂ ਤਹਿਤ ਪਿਛਲੇ 30 ਸਾਲਾਂ ਦੌਰਾਨ ਵਿਸ਼ਵੀਕਰਨ ਦਾ ਦੌਰ ਬੜੀ ਤੇਜ਼ੀ ਨਾਲ ਚਲਿਆ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੈਟ ਅਤੇ ਵਿਸ਼ਵ ਵਪਾਰ ਸੰਸਥਾ ਦੇ ਦੌਰ ਵਿੱਚ ਇਸ ਗੱਲ ਨੂੰ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ ਕਿ ਵਿਸ਼ਵ ਦੇ ਦੇਸ਼ਾਂ ਦੇ ਆਰਥਿਕ ਵਿਕਾਸ ਵਿੱਚ ਗੈਰ ਬਰਾਬਰੀ ਹੈ। ਪਛੜੇ ਅਤੇ ਗਰੀਬ ਦੇਸ਼ਾਂ ਦਾ ਅਧਿਕਾਰ ਹੈ ਕਿ ਉਹ ਵਿਕਸਤ ਦੇਸ਼ਾਂ ਦੇ ਮੁਕਾਬਲੇ ਵਿਦੇਸ਼ਾਂ ਤੋਂ ਆਈਆਂ ਵਸਤੂਆਂ ਤੇ ਜ਼ਿਆਦਾ ਕਸਟਮ ਡਿਊਟੀ ਲਗਾ ਸਕਦੇ ਹਨ ਅਤੇ ਘਰੇਲੂ ਉਦਯੋਗ ਅਤੇ ਖੇਤੀ ਦੇ ਵਿਕਾਸ ਵਾਸਤੇ ਵੱਧ ਸਬਸਿਡੀਆਂ ਦੀ ਨੀਤੀ ਅਪਣਾ ਸਕਦੇ ਹਨ। ਇਸ ਤੋਂ ਇਲਾਵਾ ਦੇਸ਼ ਵਿਚ ਵਿਦੇਸ਼ਾਂ ਤੋਂ ਆਉਣ ਵਾਲੀਆਂ ਸਸਤੀਆਂ ਵਸਤੂਆਂ ਕਾਰਨ ਪੈਦਾ ਹੋਏ ਸੰਕਟ ਸਮੇਂ ਸਖ਼ਤ ਆਰਥਿਕ ਨੀਤੀਆਂ/ਰੋਕਾਂ ਦੀ ਵਰਤੋਂ ਵੀ ਕਰ ਸਕਦੇ ਹਨ। ਵਿਸ਼ਵ ਵਪਾਰ ਸੰਸਥਾ ਬਣ ਜਾਣ ਤੋਂ ਬਾਅਦ ਵਿਸ਼ਵੀਕਰਨ ਦੇ ਦੌਰ ਦਾ ਚੀਨ, ਭਾਰਤ, ਦੱਖਣੀ ਅਫ਼ਰੀਕਾ, ਬ੍ਰਾਜ਼ੀਲ ਅਤੇ ਹੋਰ ਉੱਭਰ ਰਹੇ ਦੇਸ਼ਾਂ ਦੇ ਆਰਥਿਕ ਵਿਕਾਸ ਨੂੰ ਫ਼ਾਇਦਾ ਹੋਇਆ। ਇਸ ਕਾਰਨ ਚੀਨ ਦੁਨੀਆ ਦੀ ਦੂਜੀ ਅਤੇ ਭਾਰਤ ਪੰਜਵੀਂ ਵੱਡੀ ਆਰਥਿਕਤਾ ਬਣ ਗਏ ਹਨ। ਇਸ ਨਾਲ ਵਿਸ਼ਵ ਦੇ ਆਰਥਿਕ ਵਿਕਾਸ ਦਾ ਪਲੜਾ ਏਸ਼ੀਆ ਵੱਲ ਝੁਕਦਾ ਨਜ਼ਰ ਆਉਣ ਲੱਗ ਪਿਆ ਹੈ। ਇਸ ਦੇ ਨਾਲ ਹੀ ਬਰਿਕਸ ਦੇਸ਼ਾਂ ਦੇ ਸੰਗਠਨ ਦੇ ਕਾਇਮ ਹੋਣ ਨਾਲ ਇਨ੍ਹਾਂ ਦੇਸ਼ਾਂ ਨੇ ਡਾਲਰ ਦੀ ਗੈਰਵਾਜਬ ਸਰਦਾਰੀ ਦੇ ਖਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਇਹ ਅਮਰੀਕਾ ਨੂੰ ਮਨਜ਼ੂਰ ਨਹੀਂ ਹੈ। ਇਹੋ ਕਾਰਨ ਹੈ ਕਿ ਅਮਰੀਕਾ ਵਲੋਂ ਦੂਜੇ ਦੇਸ਼ਾਂ ਦੇ ਖਿਲਾਫ਼ ਕਸਟਮ ਡਿਊਟੀ ਲਾਉਣ ਸਮੇਂ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਜਿਹੜੇ ਦੇਸ਼ ਡਾਲਰ ਨੂੰ ਛੱਡ ਕੇ ਕਿਸੇ ਹੋਰ ਕਰੰਸੀ ਵਿਚ ਵਿਦੇਸ਼ੀ ਵਪਾਰ ਕਰਨਗੇ, ਉਨ੍ਹਾਂ ਉਪਰ 100% ਡਿਊਟੀ ਲਗਾਈ ਜਾਵੇਗੀ। ਆਪਣੇ ਵੱਲੋਂ ਦੂਜੇ ਦੇਸ਼ਾਂ ਦੇ ਖਿਲਾਫ਼ ਕਸਟਮ ਡਿਊਟੀ ਲਗਾਉਣ ਤੋਂ ਬਾਅਦ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਕੋਈ ਜਵਾਬੀ ਅਮਰੀਕਾ ਖਿਲਾਫ਼ ਕਸਟਮ ਡਿਊਟੀ ਨਾ ਲਾਉਣ।

ਇਹ ਸਾਰੇ ਫ਼ੈਸਲੇ ਇੱਕਤਰਫ਼ਾ, ਬਗੈਰ ਕਿਸੇ ਦੇਸ਼ ਨਾਲ ਗੱਲਬਾਤ ਕਰਨ ਤੋਂ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਅਮਰੀਕਾ ਵਲੋਂ ਆਪ ਪਹਿਲਕਦਮੀ ਕਰਕੇ ਬਣਾਈ ਵਿਸ਼ਵ ਵਪਾਰ ਸੰਸਥਾ ਦਾ ਭੋਗ ਪਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗ਼ਰੀਬ ਅਤੇ ਪਿਛੜੇ ਦੇਸ਼ਾਂ ਦੇ ਉਸ ਅਧਿਕਾਰ ਨੂੰ ਵੀ ਨਕਾਰ ਦਿੱਤਾ ਗਿਆ ਹੈ ਜਿਸ ਤਹਿਤ ਉਹ ਘਰੇਲੂ ਛੋਟੇ ਉਦਯੋਗਾਂ ਅਤੇ ਖੇਤੀ ਵਿਕਾਸ ਵਾਸਤੇ ਵੱਧ ਕਸਟਮ ਡਿਊਟੀ ਲਗਾ ਸਕਦੇ ਹਨ ਅਤੇ ਵਧੇਰੇ ਸਬਸਿਡੀਆਂ ਦੇ ਸਕਦੇ ਹਨ। ਦੂਜੇ ਪਾਸੇ ਅਮਰੀਕਾ ਦਾ ਰਵੱਈਆ ਦੂਜੇ ਦੇਸ਼ਾਂ ਦੇ ਇਲਾਕਿਆਂ 'ਤੇ ਕਬਜ਼ਾ ਕਰਨ ਬਾਰੇ ਸਾਫ਼ ਨਜ਼ਰ ਆਉਂਦਾ ਹੈ। ਇਸ ਦੇਸ਼ ਦੇ ਰਾਸ਼ਟਰਪਤੀ ਵਲੋਂ ਕੈਨੇਡਾ, ਗਰੀਨਲੈਂਡ, ਪਨਾਮਾ ਨਹਿਰ ਅਤੇ ਗਾਜ਼ਾ ਪੱਟੀ 'ਤੇ ਕਬਜ਼ਾ ਕਰਨ ਬਾਰੇ ਬਿਆਨ ਦਿੱਤੇ ਗਏ ਹਨ। ਇਹ ਬਿਆਨ 18ਵੀਂ -20ਵੀਂ ਸਦੀ ਦੇ ਬਸਤੀਵਾਦੀ ਯੁੱਗ ਦੀ ਯਾਦ ਦਿਵਾਉਂਦੇ ਹਨ। ਇਸ ਯੁੱਗ ਦਾ ਖ਼ਾਤਮਾ ਪੂਰੀ ਤਰ੍ਹਾਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੋ ਚੁੱਕਿਆ ਹੈ ਪਰ ਅਮਰੀਕਾ ਦੀ ਕਾਰਵਾਈ ਉਸ ਯੁੱਗ ਦੀ ਯਾਦ ਦਿਵਾਉਂਦੀ ਹੈ। ਇਹ ਕਾਰਵਾਈ ਕਰਦਿਆਂ ਵਰਤੀ ਜਾ ਰਹੀ ਸ਼ਬਦਾਵਲੀ ਅਤੇ ਭਾਸ਼ਾ ਧੱਕੇਸ਼ਾਹੀ ਵਾਲੀ ਹੈ। ਇਹ ਵਿਸ਼ਵ ਦੇ ਦੇਸ਼ਾਂ ਅਤੇ ਖਾਸ ਕਰਕੇ ਘੱਟ ਵਿਕਸਤ ਅਤੇ ਛੋਟੇ ਦੇਸ਼ਾਂ ਦੀ ਪ੍ਰਭੁਸੱਤਾ ਵਾਸਤੇ ਖ਼ਤਰੇ ਪੈਦਾ ਕਰ ਸਕਦੀ ਹੈ। ਜੇਕਰ ਪ੍ਰਵਾਸੀਆਂ ਖ਼ਿਲਾਫ਼ ਵਿਚਾਰਧਾਰਕ ਮਹੌਲ ਨੂੰ ਇਸ ਗੱਲਬਾਤ ਵਿੱਚ ਸ਼ਾਮਲ ਕਰ ਲਿਆ ਜਾਵੇ ਤਾਂ ਇਸ ਵਿਚੋਂ ਵਿਕਸਤ ਦੇਸ਼ਾਂ ਵਿੱਚ ਮੌਜੂਦਾ ਬਹੁਸੱਭਿਆਚਾਰ ਦੀ ਮਕਬੂਲੀਅਤ ਤੇ ਸੱਟ ਵੱਜਦੀ ਨਜ਼ਰ ਆਉਂਦੀ ਹੈ। ਇਹ ਨਸਲਵਾਦ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਵੱਲ ਲਿਜਾ ਸਕਦਾ ਹੈ ਅਤੇ ਜਮਹੂਰੀਅਤ ਦੇ ਵਰਤਾਰੇ ਅਤੇ ਘੱਟ ਗਿਣਤੀਆਂ ਦੇ ਖ਼ਿਲਾਫ਼ ਬਿਰਤਾਂਤ ਉਸਾਰਨ ਦੀ ਸਮਰੱਥਾ ਰੱਖਦਾ ਹੈ।

ਡੋਨਾਲਡ ਟਰੰਪ ਰਾਸ਼ਟਰਪਤੀ ਦੇ ਪ੍ਰਸ਼ਾਸਨ ਵੱਲੋਂ ਅਪਣਾਈ ਧੱਕੇਸ਼ਾਹੀ ਦੀ ਨੀਤੀ ਦਾ ਕਈ ਦੇਸ਼ਾਂ ਵਲੋਂ ਸਖਤ ਵਿਰੋਧ ਜ਼ਾਹਿਰ ਕੀਤਾ ਗਿਆ ਹੈ। ਚੀਨ, ਕੈਨੇਡਾ ਅਤੇ ਮੈਕਸੀਕੋ ਵੱਲੋਂ ਅਮਰੀਕਾ ਦੀਆਂ ਬਰਾਮਦਾਂ 'ਤੇ ਬਰਾਬਰ ਦੀ ਕਸਟਮ ਡਿਊਟੀ ਲਗਾਉਣ ਦਾ ਐਲਾਨ ਕੀਤਾ ਗਿਆ ਹੈ। ਦੂਜੇ ਦੇਸ਼ਾਂ ਦੇ ਇਲਾਕਿਆਂ 'ਤੇ ਕਬਜ਼ਾ ਕਰਨ ਦਾ ਵਿਰੋਧ ਮੱਧ ਪੂਰਬ ਦੇ ਦੇਸ਼ਾਂ, ਕੈਨੇਡਾ, ਗਰੀਨਲੈਂਡ ਅਤੇ ਪਨਾਮਾ ਵਲੋਂ ਜ਼ਾਹਰ ਕੀਤਾ ਗਿਆ ਹੈ। ਯੂਰਪ ਦੇ ਦੇਸ਼ਾਂ ਵੱਲੋਂ ਵੀ ਇਕਤਰਫ਼ਾ ਕਸਟਮ ਡਿਊਟੀ ਲਾਉਣ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਭਾਰਤ ਦੀ ਪ੍ਰਤੀਕਿਰਿਆ ਇੱਕ ਡਰੇ ਹੋਏ ਦੇਸ਼ ਵਾਲੀ ਹੈ। ਅਮਰੀਕਾ ਵੱਲੋਂ 26% ਕਸਟਮ ਡਿਊਟੀ ਲਗਾਉਣ ਦੇ ਵਿਰੁੱਧ ਭਾਰਤ ਨੇ ਕੋਈ ਬਿਆਨ ਨਹੀਂ ਦਿੱਤਾ। ਮਹੀਨਾ ਕੁ ਪਹਿਲਾਂ ਅਮਰੀਕਾ ਵਿੱਚ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਹੱਥਕੜੀਆਂ ਲਗਾ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਫ਼ੌਜੀ ਜਹਾਜ਼ ਰਾਹੀਂ ਭੇਜ ਕੇ ਦੇਸ਼ ਦੇ ਸਨਮਾਨ ਨੂੰ ਸੱਟ ਮਾਰੀ ਗਈ ਸੀ। ਉਸ ਵਕਤ ਵੀ ਭਾਰਤ ਸਰਕਾਰ ਵੱਲੋਂ ਕੋਈ ਵਿਰੋਧ ਨਹੀਂ ਜਤਾਇਆ ਗਿਆ ਸੀ। ਇਸ ਦੇ ਮੁਕਾਬਲੇ ਲਾਤੀਨੀ ਅਮਰੀਕਾ ਦੇ ਮੈਕਸੀਕੋ ਅਤੇ ਕੋਲੰਬੀਆ ਵੱਲੋਂ ਆਪਣੇ ਨਾਗਰਿਕਾਂ ਨਾਲ ਐਸਾ ਵਿਹਾਰ ਨਹੀਂ ਹੋਣ ਦਿੱਤਾ ਗਿਆ। ਉਨ੍ਹਾਂ ਵਲੋਂ ਆਪਣੇ ਨਾਗਰਿਕਾਂ ਨੂੰ ਸਿਵਿਲ ਹਵਾਈ ਜਹਾਜ਼ਾਂ ਰਾਹੀਂ ਆਪਣੇ ਦੇਸ਼ਾਂ ਵਿੱਚ ਵਾਪਸ ਲਿਆਉਣ ਦਾ ਇੰਤਜ਼ਾਮ ਕੀਤਾ ਗਿਆ ਸੀ। ਹੁਣ ਅਮਰੀਕਾ ਦੀ ਧੱਕੇਸ਼ਾਹੀ ਦੇ ਸਾਹਮਣੇ ਭਾਰਤ ਵੱਲੋਂ ਆਪਣੇ ਤੌਰ 'ਤੇ ਆਟੋਮੋਬਾਈਲਜ਼ ਅਤੇ ਮੋਟਰਸਾਈਕਲਾਂ 'ਤੇ ਮੌਜੂਦਾ ਬਜਟ ਵਿੱਚ ਟੈਕਸਾਂ ਵਿੱਚ ਚੋਖੀ ਕਟੌਤੀ ਕਰਕੇ ਆਪਣੀ ਕਮਜ਼ੋਰੀ ਵਿਖਾਈ ਗਈ ਹੈ। ਅਮਰੀਕਾ ਤੋਂ ਜੰਗੀ ਸਾਜ਼ੋਸਮਾਨ ਅਤੇ ਪੁਰਾਣੇ ਜੰਗੀ ਹਵਾਈ ਜਹਾਜ਼ ਖਰੀਦਣ ਦੀਆਂ ਖਬਰਾਂ ਮੀਡੀਆ ਵਿੱਚ ਆ ਰਹੀਆਂ ਹਨ। ਇਸ ਤੋਂ ਇਲਾਵਾ ਅਮਰੀਕਾ ਦੇ ਨਾਲ ਖੁੱਲ੍ਹਾ ਵਪਾਰ ਸਮਝੌਤਾ ਕਰਨ ਲਈ ਮੰਤਰੀ ਪੱਧਰ ਦੇ ਡੈਲੀਗੇਸ਼ਨ ਭੇਜੇ ਜਾ ਰਹੇ ਹਨ ਅਤੇ ਅਮਰੀਕਾ ਤੋਂ ਡੈਲੀਗੇਸ਼ਨ ਮੰਗਵਾਏ ਜਾ ਰਹੇ ਹਨ।

(ਬਾਕੀ ਸਫ਼ਾ 31 'ਤੇ)



# ਪਹਿਲਗਾਮ ’ਚ ਸੈਲਾਨੀਆਂ ’ਤੇ ਕੀਤੇ ਗਏ ਹਮਲੇ ਦਾ ਮਨੋਰਥ ਕੀ ਸੀ ?

**ਲੋਕ ਮਿਤਰ ਗੌਤਮ**

ਪਹਿਲਗਾਮ ਵਿੱਚ ਜੇਹਾਦੀ ਦਹਿਸ਼ਤਗਰਦਾਂ ਵੱਲੋਂ ਕੀਤੀ ਗਈ ਘਿਨਾਉਣੀ ਘਟਨਾ ਨੂੰ ਕਈ ਦਿਨ ਗੁਜ਼ਰ ਚੁੱਕੇ ਹਨ। ਇਸ ਤੋਂ ਬਾਅਦ ਵੀ ਯਕੀਨ ਨਹੀਂ ਹੋ ਰਿਹਾ ਕਿ ਜੋ ਕੁਝ ਹੋਇਆ ਹੈ, ਉਹ ਸਭ ਸੱਚ ਹੈ। ਲਗਦਾ ਹੈ ਕਿਸੇ ਫ਼ਿਲਮ ਦੇ ਕੁਝ ਭੈੜੇ ਦ੍ਰਿਸ਼ ਅੱਖਾਂ ਸਾਹਮਣੇ ਦੀ ਗੁਜ਼ਰ ਰਹੇ ਹਨ। ਮਨ ਖਰਾਬ ਹੈ, ਵਾਤਾਵਰਣ ਦੂਸ਼ਿਤ ਹੈ, ਇਥੋਂ ਤੱਕ ਕਿ ਕਲਮ ਘਟਨਾ ਦਾ ਵੇਰਵਾ ਵੀ ਦਰਜ ਨਹੀਂ ਕਰ ਪਾ ਰਹੀ, ਕਿਉਂਕਿ ਜਿਸ ਤਰ੍ਹਾਂ ਮੀਡੀਆ ਰਿਪੋਰਟਾਂ ਅਤੇ ਜਾਣੇ-ਅਨਜਾਣੇ ਕੈਮਰਿਆਂ ’ਚ ਕੈਦ ਹੋਇਆ ਮੰਜ਼ਰ ਸਾਹਮਣੇ ਆਇਆ ਹੈ, ਉਸ ਦੀ ਚੰਗੇ ਸਮਾਜ ਵਿੱਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। 22 ਅਪ੍ਰੈਲ, 2025 ਦਿਨ ਮੰਗਲਵਾਰ ਨੂੰ ਇਹ ਕਰੀਬ 2 ਵਜੇ ਦਾ ਸਮਾਂ ਸੀ। ਪਹਿਲਗਾਮ ਦੀ ਬੈਸਰਨ ਘਾਟੀ ਵਿੱਚ ਘੁੰਮਣ ਆਏ ਸੈਲਾਨੀ ਘੋੜਸਵਾਰੀ ਅਤੇ ਖੁਸ਼ਗਵਾਰ ਮੌਸਮ ਦਾ ਆਨੰਦ ਲੈ ਰਹੇ ਸਨ। ਉਸੇ ਵੇਲੇ ਉਥੇ ਕੁਝ ਸੈਨਾ ਦੀ ਵਰਦੀ ਵਿੱਚ ਨਕਾਬ ਪਹਿਨੀ ਅੱਤਵਾਦੀ ਪਹੁੰਚਦੇ ਹਨ, ਉਹ ਸੈਲਾਨੀਆਂ ਤੋਂ ਉਨ੍ਹਾਂ ਦਾ ਨਾਂਅ ਪੁੱਛਦੇ ਹਨ, ਉਨ੍ਹਾਂ ਦਾ ਪਹਿਚਾਣ ਪੱਤਰ ਦੇਖਦੇ ਹਨ, ਉਨ੍ਹਾਂ ਨੂੰ ਕਲਮਾ ਸੁਣਾਉਣ ਲਈ ਕਹਿੰਦੇ ਹਨ ਅਤੇ ਫਿਰ ਉਨ੍ਹਾਂ ਦੀ ਪਛਾਣ ਨਿਸਚਿਤ ਕਰਕੇ ਠਾਹ-ਠਾਹ ਗੋਲੀਆਂ ਮਾਰ ਕੇ ਭੁੰਨ ਦਿੰਦੇ ਹਨ।

ਇਹ ਦਹਿਸ਼ਤਗਰਦੀ ਦੀ ਕੋਈ ਆਮ ਘਟਨਾ ਨਹੀਂ ਹੈ, ਇਸ ’ਚ ਬਹੁਤ ਗਹਿਰੀ ਸਾਜਿਸ਼ ਦੀ ਬੂ ਆ ਰਹੀ ਹੈ। ਇਹ ਮਹਿਜ਼ ਅੱਤਵਾਦੀਆਂ ਦਾ ਵਹਿਸ਼ੀਆਨਾ ਕਾਰਾ ਨਹੀਂ ਹੈ, ਬਲਕਿ ਪੂਰੀ ਸੋਚੀ ਸਮਝੀ ਸਾਜਿਸ਼ ਤਹਿਤ ਹਿੰਦੂਆਂ ਅਤੇ ਮੁਸਲਮਾਨਾਂ ’ਚ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਹੈ। ਜਿਸ ਤਰ੍ਹਾਂ ਮਾਸੂਮ ਸੈਲਾਨੀਆਂ ਨੂੰ ਚੁਣ-ਚੁਣ ਕੇ, ਉਨ੍ਹਾਂ ਦਾ ਧਰਮ ਅਤੇ ਆਸਥਾ ਪੁੱਛ ਕੇ ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ, ਉਸ ਵਿੱਚ ਉਨ੍ਹਾਂ ਦੀ ਹੱਤਿਆ ਤੋਂ ਕਿਤੇ ਵਧ ਘਿਨਾਉਣਾ ਸੰਦੇਸ਼ ਛੁਪਿਆ ਹੈ, ਉਹੀ ਸੰਦੇਸ਼ ਜੋ ਨਵੇਂ ਸਿਰੇ ਤੋਂ ਅਜੇ ਇੱਕ ਹਫ਼ਤਾ ਪਹਿਲਾਂ ਪਾਕਿਸਤਾਨ ਦੇ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਬੜੀ ਬੇਸ਼ਰਮੀ ਨਾਲ ਪ੍ਰਵਾਸੀ ਪਾਕਿਸਤਾਨੀਆਂ ਦੇ ਬਹਾਨੇ ਇੱਕ ਪੂਰੀ ਕੌਮ ਨੂੰ ਦਿੱਤਾ ਸੀ। ਗੁਜ਼ਰੇ 13 ਤੋਂ 16 ਅਪ੍ਰੈਲ, 2025 ਤੱਕ ਇਸਲਾਮਾਬਾਦ ਵਿੱਚ ਹੋਈ ਓਵਰਸੀਜ਼ ਪਾਕਿਸਤਾਨੀ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਜਨਰਲ ਮੁਨੀਰ ਨੇ ਕਿਹਾ ਸੀ, ‘ਹਿੰਦੂ ਅਤੇ ਮੁਸਲਮਾਨ ਕਦੇ ਵੀ ਇੱਕ ਨਹੀਂ ਹੋ ਸਕਦੇ, ਅਸੀਂ ਹਮੇਸ਼ਾ ਤੋਂ ਹੀ ਇੱਕ ਨਹੀਂ ਦੋ ਰਾਸ਼ਟਰ ਰਹੇ ਹਾਂ। ਸਾਡਾ ਮਜ਼ਹਬ, ਸਾਡੇ ਰਿਵਾਜ, ਸਾਡੀ ਪਰੰਪਰਾ, ਸਾਡੀ ਸੋਚ ਸਭ ਕੁਝ ਹਿੰਦੂਆਂ ਤੋਂ ਅਲੱਗ ਹੈ ਅਤੇ ਕਸ਼ਮੀਰ ਸਾਡੀ ਸ਼ਾਹਰਗ ਹੈ, ਜਿਸ ਨੂੰ ਕਦੇ ਵੀ ਕੋਈ ਸਾਡੇ ਤੋਂ ਅਲੱਗ ਨਹੀਂ ਕਰ ਸਕਦਾ।’






ਪਾਕਿਸਤਾਨ ਦੇ ਫ਼ੌਜੀ ਜਨਰਲ ਇਥੋਂ ਤੱਕ ਨਹੀਂ ਰੁਕੇ, ਬਲਕਿ ਉਨ੍ਹਾਂ ਨੇ ਕਨਵੈਨਸ਼ਨ ’ਚ ਹਿੱਸਾ ਲੈ ਰਹੇ ਪ੍ਰਵਾਸੀ ਪਾਕਿਸਤਾਨੀਆਂ ਰਾਹੀਂ ਮੁਸਲਮਾਨਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀਆਂ ਪੀੜ੍ਹੀਆਂ ਨੂੰ ਵਾਰ-ਵਾਰ ਇਹ ਦੱਸਣ ਅਤੇ ਸਮਝਾਉਣ ਕਿ ਹਿੰਦੂ ਅਤੇ ਮੁਸਲਮਾਨ ਕਦੇ ਵੀ ਇਕ ਨਹੀਂ ਹੋ ਸਕਦੇ। ਪਾਕਿਸਤਾਨੀ ਜਨਰਲ ਨੇ ਬਿਨਾਂ ਕੋਈ ਸ਼ਰਮ ਸੰਕੋਚ ਦੇ ਖੁੱਲ੍ਹੇਆਮ ਲੋਕਾਂ ਨੂੰ ਕਿਹਾ ਕਿ ਉਹ ਆਪਣੀਆਂ ਸੰਤਾਨਾਂ ’ਚ ਹਿੰਦੂਆਂ ਪ੍ਰਤੀ ਨਫ਼ਰਤ ਦਾ ਜਜ਼ਬਾ ਭਰਨ। ਪਹਿਲਗਾਮ ਦੀ ਘਿਨਾਉਣੀ ਦਹਿਸ਼ਤਗਰਦੀ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਭਾਰਤ ਹੀ ਨਹੀਂ, ਪਾਕਿਸਤਾਨ ਅਤੇ ਦੁਨੀਆ ਦੀਆਂ ਹੋਰ ਥਾਵਾਂ ’ਤੇ ਵਾਰ-ਵਾਰ ਪਾਕਿਸਤਾਨੀ ਜਨਰਲ ਮੁਨੀਰ ਦਾ ਸੰਬੋਧਨ ਸੁਣਾਇਆ ਜਾ ਰਿਹਾ ਹੈ, ਉਸ ਤੋਂ ਸਾਫ਼ ਹੈ ਕਿ ਪਹਿਲਗਾਮ ਦੀ ਇਸ ਦਰਦਨਾਕ ਘਟਨਾ ਦਾ ਇਸ ਘਿਨਾਉਣੇ ਭਾਸ਼ਨ ਨਾਲ ਵੀ ਰਿਸ਼ਤਾ ਹੈ। ਪਹਿਲਗਾਮ ’ਚ ਦਹਿਸ਼ਤਗਰਦੀ ਦੀ ਜੋ ਘਿਨਾਉਣੀ ਵਾਰਦਾਤ ਹੋਈ ਹੈ, ਉਸ ਨੂੰ ਮਹਿਜ਼ ਖ਼ੌਫ਼ ਪੈਦਾ ਕਰਨ ਦੀ ਕੋਸ਼ਿਸ਼ ਹੀ ਨਹੀਂ, ਸਗੋਂ ਭਾਰਤ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਹਮੇਸ਼ਾ ਲਈ ਇਕ ਗਹਿਰੀ ਖਾਈ ਪੈਦਾ ਕਰਨ ਦੀ ਕੋਸ਼ਿਸ਼ ਹੈ।

ਜਿਸ ਤਰ੍ਹਾਂ ਨਾਲ ਚੁਣ-ਚੁਣ ਕੇ ਸੈਲਾਨੀਆਂ ਨੂੰ ਮਾਰਿਆ ਗਿਆ ਹੈ, ਜਿਸ ਤਰ੍ਹਾਂ ਨਾਲ ਉਨ੍ਹਾਂ ਨਾਲ ਘਿਨਾਉਣਾ ਸਲੂਕ ਕੀਤਾ ਗਿਆ ਹੈ, ਉਹ ਖ਼ੌਫ਼ ਤੋਂ ਕਿਤੇ ਅੱਗੇ ਜਾ ਕੇ ਦੋ ਕੌਮਾਂ ਵਿੱਚ ਹਮੇਸ਼ਾ ਲਈ ਨਫ਼ਰਤ ਦੀ ਇਕ ਦੀਵਾਰ ਖੜ੍ਹੀ ਕਰਨ ਦੀ ਕੋਸ਼ਿਸ਼ ਹੈ। ਇਹੀ ਨਹੀਂ, ਜਿਸ ਤਰ੍ਹਾਂ ਨਾਲ ਇਸ ਅੱਤਵਾਦੀ ਘਟਨਾ ਨੂੰ ਕੁਝ ਲੋਕਾਂ ਵੱਲੋਂ ਸ਼ੂਟ ਕੀਤੇ ਜਾਣ ਦੀ ਅਣਦੇਖੀ ਕੀਤੀ ਗਈ, ਉਸ ਦੇ ਪਿੱਛੇ ਵੀ ਇਹੀ ਮਕਸਦ ਛੁਪਿਆ ਸੀ ਕਿ ਜਿਵੇਂ ਹੀ ਇਹ ਵੀਡੀਓ ਫੁਟੇਜ ਸੋਸ਼ਲ ਮੀਡੀਆ ’ਤੇ ਆਉਣਗੇ ਤਾਂ ਪੂਰੇ ਹਿੰਦੁਸਤਾਨ ’ਚ ਅੱਗ ਲੱਗ ਜਾਵੇਗੀ, ਪਰ ਦੇਸ਼ ਵਾਸੀ ਇਸ ਘਟਨਾ ਨਾਲ ਗ਼ਮ ’ਚ ਤਾਂ ਡੁੱਬ ਗਏ ਪਰ ਉਨ੍ਹਾਂ ਨੇ ਪੂਰੀ ਜ਼ਿੰਮੇਵਾਰੀ ਦਿਖਾਈ ਹੈ। ਸਿਰਫ ਕਸ਼ਮੀਰ ਤੋਂ ਬਾਹਰ ਹੀ ਨਹੀਂ, ਬਲਕਿ ਕਸ਼ਮੀਰ ਦੇ ਅੰਦਰ ਵੀ ਜ਼ਿੰਮੇਵਾਰੀ ਅਤੇ ਸਿਆਣਪ ਦਾ ਪ੍ਰਦਰਸ਼ਨ ਹੋਇਆ ਹੈ। ਇਹ ਪਹਿਲਾ ਇਹੋ ਜਿਹਾ ਮੌਕਾ ਹੈ ਕਿ ਕਸ਼ਮੀਰ ਵਿੱਚ ਨਾ ਸਿਰਫ ਆਪਣੇ ਤੌਰ ’ਤੇ ਇਸ ਘਿਨਾਉਣੀ ਵਾਰਦਾਤ ਵਿਰੁੱਧ ਸਮਾਜ ਦੇ ਹਰ ਤਬਕੇ ਵਲੋਂ ਪੂਰੀ ਤਰ੍ਹਾਂ ਨਾਲ ਬੰਦ ਦਾ ਸਮਰਥਨ ਕੀਤਾ ਗਿਆ, ਉਸ ਤੋਂ ਵੀ ਵੱਡੀ ਗੱਲ ਇਹ ਰਹੀ ਕਿ ਸ਼ਾਇਦ ਕਸ਼ਮੀਰ ਵਿੱਚ ਫੈਲੀ ਦਹਿਸ਼ਤਗਰਦੀ ਦੇ ਇਤਿਹਾਸ ਵਿੱਚ ਇਹ ਪਹਿਲਾ ਇਹੋ ਜਿਹਾ ਮੌਕਾ ਹੈ, ਜਦੋਂ ਮਸਜਿਦਾਂ ਤੋਂ ਲਾਊਡ ਸਪੀਕਰ ਦੁਆਰਾ ਐਲਾਨ ਕਰਕੇ ਇਸ ਘਿਨਾਉਣੀ ਅੱਤਵਾਦੀ ਵਾਰਦਾਤ ਦੀ ਨਿੰਦਾ ਕੀਤੀ ਗਈ ਅਤੇ ਇਸ ਨੂੰ ਇਸਲਾਮ ਦੇ ਖ਼ਿਲਾਫ਼ ਦੱਸਿਆ ਗਿਆ ਹੈ। ਜਿਸ ਜਲਦਬਾਜ਼ੀ ਵਿੱਚ ਇਸ ਘਟਨਾ ਤੋਂ ਬਾਅਦ ਕਸ਼ਮੀਰ ਵਿੱਚ ਮੋਮਬੱਤੀ ਮਾਰਚ ਕੱਢਿਆ ਗਿਆ, ਹਜ਼ਾਰਾਂ ਕਸ਼ਮੀਰੀਆਂ ਨੇ ਬਿਨਾਂ ਬੁਲਾਏ ਇਸ ਵਿੱਚ ਸ਼ਾਮਿਲ ਹੋ ਕੇ ਅੱਤਵਾਦ ਦੇ ਖ਼ਿਲਾਫ਼ ਨਾਅਰੇ ਲਗਾਏ ਅਤੇ ਮਾਸੂਮ ਸੈਲਾਨੀਆਂ ਨੂੰ ਆਪਣੀ ਰੋਟੀ, ਰੋਜ਼ੀ ਅਤੇ ਭਗਵਾਨ ਦੱਸਿਆ, ਨਾਲ ਹੀ ਹਿੰਦੁਸਤਾਨ ਲਈ ਪਿਆਰ ਜਤਾਇਆ ਗਿਆ, ਇਹ ਵੀ ਨਾ ਸਿਰਫ ਅੱਤਵਾਦੀਆਂ ਨੂੰ ਕਰਾਰਾ ਸਬਕ ਹੈ, ਬਲਕਿ ਪਾਕਿਸਤਾਨ ਦੇ ਮੂੰਹ ’ਤੇ ਵੀ ਚਪੇੜ ਹੈ। ਪਿਛਲੇ ਕਈ ਸਾਲਾਂ ਤੋਂ ਜਿਸ ਤਰ੍ਹਾਂ ਪਾਕਿਸਤਾਨ ਖ਼ਰਾਬ ਆਰਥਿਕ ਹਾਲਾਤ ਕਾਰਨ ਪੂਰੀ ਦੁਨੀਆ ’ਚ ਬੇਇੱਜ਼ਤੀ ਝੱਲ ਰਿਹਾ ਹੈ ਅਤੇ ਉਸ ਤੋਂ ਬਾਅਦ ਵੱਡੇ ਪੈਮਾਨੇ ’ਤੇ ਪਾਕਿਸਤਾਨ ਦੀ ਸਿਵਲ ਸੁਸਾਇਟੀ ਭਾਰਤ ਦੇ ਨਾਲ ਆਰਥਿਕ ਰਿਸ਼ਤੇ ਸ਼ੁਰੂ ਕਰਨ ਲਈ ਦਬਾਅ ਪਾ ਰਹੀ ਸੀ, ਇਸ ਸਭ ਕੁਝ ਤੋਂ ਪਾਕਿਸਤਾਨੀ ਫ਼ੌਜੀ ਸਥਾਪਤੀ ਆਪਣੇ ਲੋਕਾਂ ਦਾ ਧਿਆਨ ਲਾਂਭੇ ਕਰਨਾ ਚਾਹੁੰਦੀ ਸੀ, ਇਸੇ ਲਈ ਉਸ ਵੱਲੋਂ ਇਹ ਵੱਡਾ ਹਮਲਾ ਕਰਵਾਇਆ ਗਿਆ ਹੈ।

ਬਲੋਚਿਸਤਾਨ ’ਚ ਸਥਾਨਕ ਵੱਖਵਾਦੀਆਂ ਨੇ ਪਾਕਿਸਤਾਨੀ ਸੈਨਾ ਅਤੇ ਸੱਤਾ ਨੂੰ ਲਾਚਾਰ ਕਰ ਦਿੱਤਾ ਹੈ, ਨਾਲ ਹੀ ਜਿਸ ਤਰ੍ਹਾਂ ਪਾਕਿਸਤਾਨ ਪੇਸ਼ਾਵਰ ਦੇ ਰਸਤੇ ਹੁਣ ਲੱਖਾਂ ਅਫ਼ਗਾਨੀਆਂ ਨੂੰ ਆਪਣੀ ਸੀਮਾ ਤੋਂ ਬਾਹਰ ਧੱਕਣ ਲਈ ਤਾਲਿਬਾਨੀਆਂ ਦੇ ਰੋਸ ਅਤੇ ਗੁੱਸੇ ਦਾ ਸਾਹਮਣਾ ਕਰ ਰਿਹਾ ਹੈ, ਉਸ ਤੋਂ ਵੀ ਆਪਣੇ ਲੋਕਾਂ ਦਾ ਧਿਆਨ ਹਟਾਉਣ ਲਈ ਪਾਕਿਸਤਾਨ ਦੁਨੀਆਂ ਦਾ ਕਸ਼ਮੀਰ ਵੱਲ

(ਬਾਕੀ ਸਫ਼ਾ 31 ’ਤੇ)

# ਬਹੁ-ਕੇਂਦਰਿਤ ਵਿਸ਼ਵ ਵੱਲ ਵਧੇ ਭਾਰਤ



**ਡਾ. ਭਰਤ ਝੁਨਝੁਨਵਾਲਾ**
(ਲੇਖਕ ਅਰਥ-ਸ਼ਾਸਤਰੀ ਹੈ)

ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਡੋਨਾਲਡ ਟਰੰਪ ਦੀ ਟੈਰਿਫ਼ ਨੀਤੀ ਕਾਰਨ ਅਮਰੀਕਾ ਸਮੇਤ ਵਿਸ਼ਵ ਅਰਥਚਾਰੇ ਵਿੱਚ ਮੰਦੀ ਆ ਸਕਦੀ ਹੈ। ਇਸ ਵਿਸ਼ੇ ਨੂੰ ਸਮਝਣ ਲਈ ਪਹਿਲਾਂ ਟਰੰਪ ਦੀ ਦ੍ਰਿਸ਼ਟੀ ਨੂੰ ਸਮਝਣਾ ਹੋਵੇਗਾ। ਟਰੰਪ ਇਸ ਤੋਂ ਚਿੰਤਤ ਹਨ ਕਿ ਬਹੁਕੌਮੀ ਕੰਪਨੀਆਂ ਦਾ ਲਾਭ ਵਧ ਰਿਹਾ ਹੈ ਅਤੇ ਅਮਰੀਕਾ ਦੁਆਰਾ ਪੂਰੇ ਵਿਸ਼ਵ ਤੋਂ ਭਾਰੀ ਮਾਤਰਾ ਵਿੱਚ ਕਰਜ਼ਾ ਲਿਆ ਜਾ ਰਿਹਾ ਹੈ ਪਰ ਅਮਰੀਕੀ ਕਿਰਤੀਆਂ ਦੇ ਵੇਤਨ ਠਹਿਰਾ ਦਾ ਸ਼ਿਕਾਰ ਹਨ। ਸਾਲ 2000 ਤੋਂ 2023 ਵਿਚਾਲੇ ਅਮਰੀਕੀ ਕੰਪਨੀਆਂ ਦਾ ਲਾਹਾ 500 ਅਰਬ ਡਾਲਰ ਤੋਂ ਵਧ ਕੇ 3500 ਅਰਬ ਡਾਲਰ ਹੋ ਗਿਆ ਹੈ।

ਇਸ ਵਿੱਚ ਸੱਤ ਗੁਣਾ ਵਾਧਾ ਹੋਇਆ। ਇਸੇ ਅਰਸੇ ਵਿੱਚ ਅਮਰੀਕਾ ਦੁਆਰਾ ਲਿਆ ਜਾਣ ਵਾਲਾ ਕਰਜ਼ਾ 5.6 ਟ੍ਰਿਲੀਅਨ (ਲੱਖ ਕਰੋੜ) ਡਾਲਰ ਤੋਂ ਵਧ ਕੇ 33.2 ਟ੍ਰਿਲੀਅਨ ਡਾਲਰ ਹੋ ਗਿਆ। ਇਸ ਵਿੱਚ ਵੀ ਲਗਪਗ ਛੇ ਗੁਣਾ ਵਾਧਾ ਹੋਇਆ ਪਰ ਇਸੇ ਅਰਸੇ ਵਿੱਚ ਇੱਕ ਅਮਰੀਕੀ ਕਿਰਤੀ ਦਾ ਔਸਤ ਵੇਤਨ 335 ਡਾਲਰ ਪ੍ਰਤੀ ਹਫ਼ਤੇ ਤੋਂ ਵਧ ਕੇ 375 ਡਾਲਰ ਪ੍ਰਤੀ ਹਫ਼ਤਾ ਹੀ ਹੋ ਸਕਿਆ। ਇਸ ਵਿੱਚ ਮਹਿਜ਼ 12 ਪ੍ਰਤੀਸ਼ਤ ਦਾ ਵਾਧਾ ਹੋਇਆ।

ਟਰੰਪ ਦਾ ਟੀਚਾ ਹੈ ਕਿ ਅਮਰੀਕੀ ਕਿਰਤੀਆਂ ਦੇ ਵੇਤਨ ਵਿੱਚ ਵਾਧਾ ਹੋਵੇ ਅਤੇ ਅਮਰੀਕਾ ਦੁਆਰਾ ਲਿਆ ਜਾਣ ਵਾਲਾ ਕਰਜ਼ਾ ਘਟੇ ਕਿਉਂਕਿ ਇੰਨੀ ਭਾਰੀ ਮਾਤਰਾ ਵਿੱਚ ਕਰਜ਼ਾ ਲੈਣ ਕਾਰਨ ਅਮਰੀਕਾ ਦੀ ਆਰਥਿਕ ਪ੍ਰਭੂਸੱਤਾ ’ਤੇ ਸੰਕਟ ਦੇ ਬੱਦਲ ਛਾ ਸਕਦੇ ਹਨ। ਟਰੰਪ ਦੁਆਰਾ ਦਰਾਮਦ ਕਰ ਯਾਨੀ ਟੈਰਿਫ਼ ਵਧਾਉਣ ਕਾਰਨ ਅਮਰੀਕਾ ਵਿੱਚ ਦਰਾਮਦਸ਼ੁਦਾ ਵਸਤਾਂ ਦੇ ਭਾਅ ਵਿੱਚ ਵਾਧਾ ਹੋਵੇਗਾ। ਜਿਵੇਂ ਕਿ ਜੋ ਵਿਦੇਸ਼ੀ ਕਾਰ ਵਰਤਮਾਨ ਵਿੱਚ 20,000 ਡਾਲਰ ਵਿੱਚ ਵਿਕ ਰਹੀ ਹੈ, ਉਹ ਦਰਾਮਦ ਕਰ ਲੱਗਣ ਤੋਂ ਬਾਅਦ 25,000 ਡਾਲਰ ਵਿੱਚ ਵਿਕੇਗੀ। ਇਸ ਕਾਰਨ ਅਮਰੀਕੀ ਨਾਗਰਿਕਾਂ ਦੀ ਖਪਤ ਵਿੱਚ ਗਿਰਾਵਟ ਆ ਸਕਦੀ ਹੈ।

ਜੋ ਪਰਿਵਾਰ, 20,000 ਡਾਲਰ ਵਿੱਚ ਕਾਰ ਖ਼ਰੀਦਣ ਨੂੰ ਉਤਸਕ ਸੀ, ਉਹ ਉਸੇ ਕਾਰ ਨੂੰ 25,000 ਡਾਲਰ ਵਿੱਚ ਖ਼ਰੀਦਣ ਤੋਂ ਸ਼ਾਇਦ ਝਿਜਕੇਗਾ। ਅਮਰੀਕਾ ਵਿੱਚ ਖਪਤ ਘਟਣ ਕਾਰਨ ਮੰਦੀ ਆ ਸਕਦੀ ਹੈ। ਜੇਪੀ ਮੋਰਗਨ ਬੈਂਕ ਨੇ ਮੰਦੀ ਦਾ 60 ਪ੍ਰਤੀਸ਼ਤ ਤੱਕ ਖ਼ਦਸ਼ਾ ਪ੍ਰਗਟਾਇਆ ਹੈ। ਹਾਲਾਂਕਿ ਮੇਰੀ ਸਮਝ ਨਾਲ ਇਹ ਮੁਲਾਂਕਣ ਸਹੀ ਨਹੀਂ ਹੈ। ਕਹਾਣੀ ਦਾ ਦੂਜਾ ਪਹਿਲੂ ਦੇਖੀਏ ਤਾਂ ਦਰਾਮਦਸ਼ੁਦਾ ਕਾਰ ਮਹਿੰਗੀ ਹੋਣ ਨਾਲ ਅਮਰੀਕਾ ਵਿੱਚ ਉਤਪਾਦਤ ਕਾਰ ਸਸਤੀ ਪੈਣ ਲੱਗੇਗੀ। ਅਮਰੀਕੀ ਕਾਰਾਂ ਦਾ ਉਤਪਾਦਨ ਵਧੇਗਾ।

ਮੰਨ ਲਓ 20,000 ਡਾਲਰ ਦੀ ਅਮਰੀਕੀ ਕਾਰ ਦੇ ਉਤਪਾਦਨ ਵਿੱਚ 1,000 ਡਾਲਰ ਦਾ ਪਾਰਟ ਭਾਰਤ ਤੋਂ ਬਣ ਕੇ ਆਉਂਦਾ ਹੈ। ਟਰੰਪ ਦੁਆਰਾ ਦਰਾਮਦ ਕਰ ਵਧਾਉਣ ਕਾਰਨ ਇਹ ਪਾਰਟ ਹੁਣ 1,300 ਡਾਲਰ ਵਿੱਚ ਦਰਾਮਦਸ਼ੁਦਾ ਹੋਵੇਗਾ। ਅਮਰੀਕੀ ਕਾਰ ਦਾ ਵਿਕਰੀ ਮੁੱਲ 20,000 ਤੋਂ ਵਧ ਕੇ 20,300 ਡਾਲਰ ਹੋ ਜਾਵੇਗਾ। ਤੁਲਨਾ ਵਿੱਚ ਦਰਾਮਦਸ਼ੁਦਾ ਕਾਰ 25,000 ਡਾਲਰ ਵਿਚ ਮਿਲੇਗੀ।

ਇਸ ਲਈ ਪਾਰਟਸ ’ਤੇ ਵਧੇ ਹੋਏ ਦਰਾਮਦ ਕਰ ਨੂੰ ਅਦਾ ਕਰਨਾ ਅਮਰੀਕੀ ਉੱਦਮੀਆਂ ਲਈ ਲਾਹੇਵੰਦ ਹੋਵੇਗਾ ਅਤੇ ਅਮਰੀਕਾ ਵਿੱਚ ਉਤਪਾਦਨ ਵਧੇਗਾ। ਇਸ ਤੋਂ ਇਲਾਵਾ, ਅਮਰੀਕੀ ਸਰਕਾਰ ਨੂੰ 300 ਡਾਲਰ ਦੀ ਆਮਦਨ ਹੋਵੇਗੀ ਜਿਸ ਨਾਲ ਸਰਕਾਰ ਦਾ ਵਿੱਤੀ ਘਾਟਾ ਘੱਟ ਹੋਵੇਗਾ ਅਤੇ ਅਮਰੀਕਾ ਦਾ ਕਰਜ਼ਾ ਘੱਟ ਹੋਵੇਗਾ। ਹਾਲਾਂਕਿ ਇਸ ਵਿੱਚ ਦੂਜਾ ਸੰਕਟ ਇਹ ਹੈ ਕਿ ਜੇ ਦੂਜੇ ਦੇਸ਼ਾਂ ਨੇ ਜਵਾਬੀ ਦਰਾਮਦ ਕਰ ਵਿੱਚ ਵਾਧਾ ਕੀਤਾ ਤਾਂ ਅਮਰੀਕੀ ਬਰਾਮਦਾਂ ਪ੍ਰਭਾਵਿਤ ਹੋਣਗੀਆਂ ਜਿਸ ਕਾਰਨ ਉੱਥੇ ਦੇ ਉੱਦਮਾਂ ਨੂੰ ਨੁਕਸਾਨ ਪੁੱਜੇਗਾ। ਨਿਸ਼ਚਤ ਹੀ ਕੁਝ ਖੇਤਰਾਂ ਵਿੱਚ ਅਜਿਹਾ ਹੋਵੇਗਾ ਪਰ ਇਹ ਨੁਕਸਾਨ ਬਹੁਤ ਘੱਟ ਹੀ ਹੋਵੇਗਾ। ਹਰ ਦੇਸ਼ ਦੇ ਉੱਦਮੀ ਦੂਜੇ ਬਾਜ਼ਾਰ ਦੀ ਖੋਜ ਕਰਨਗੇ। ਜਿਵੇਂ ਅਮਰੀਕਾ ਵਿੱਚ ਟਿਓਟਾ ਦਾ ਟਰੱਕ ਮਹਿੰਗਾ ਪੈਣ ਕਾਰਨ ਅਮਰੀਕੀ ਨਿਰਮਾਤਾ ਟਰੱਕਾਂ ਦਾ ਉਤਪਾਦਨ ਵਧਾਉਣਗੇ। ਅਮਰੀਕਾ ਵਿੱਚ ਉਤਪਾਦਨ ਵਧਣ ਨਾਲ ਉੱਥੇ ਕਿਰਤ ਦੀ ਮੰਗ ਵਧੇਗੀ। ਇਸ ਦਾ ਅੰਤਿਮ ਪ੍ਰਭਾਵ ਹਾਂ-ਪੱਖੀ ਹੋਵੇਗਾ। ਇਸੇ ਤਰ੍ਹਾਂ ਭਾਰਤ ਵਿੱਚ ਅਮਰੀਕਾ ਤੋਂ ਦਰਾਮਦ ਹੋਣ ਵਾਲੇ ਮਾਲ ਦੀ ਜਗ੍ਹਾ ਘਰੇਲੂ ਉਤਪਾਦਨ ਵਧੇਗਾ।




ਜਿਵੇਂ ਅਮਰੀਕਾ ਤੋਂ ਦਰਾਮਦ ਹੋਣ ਵਾਲੇ ਬਿਜਲੀ ਦੇ ਉਪਕਰਨਾਂ ਦੇ ਸਥਾਨ ’ਤੇ ਬਿਜਲੀ ਦੇ ਘਰੇਲੂ ਉਪਕਰਨਾਂ ਦਾ ਇਸਤੇਮਾਲ ਵਧੇਗਾ। ਇਸ ਚੱਕ-ਥੱਲ ਵਿੱਚ ਕੁਝ ਸਮੇਂ ਤੱਕ ਬਾਜ਼ਾਰ ਵਿਚ ਮੰਦੀ ਆਵੇਗੀ ਪਰ ਲੰਬੇ ਅਰਸੇ ਲਈ ਪ੍ਰਭਾਵ ਹਾਂ-ਪੱਖੀ ਹੋਵੇਗਾ। ਮੂਲ ਗੱਲ ਇਹ ਹੈ ਕਿ ਟੈਰਿਫ਼ ਵਧਾਉਣ ਨਾਲ ਅਮਰੀਕੀ ਅਰਥਚਾਰੇ ਵਿਚ ਉਤਪਾਦਨ ਕਰਨਾ ਜ਼ਿਆਦਾ ਲਾਹੇਵੰਦ ਹੋ ਜਾਵੇਗਾ।

ਘਰੇਲੂ ਉਤਪਾਦਨ ਵਧਣ ਨਾਲ ਉੱਥੇ ਕਿਰਤੀਆਂ ਦੀ ਮੰਗ ਵਧੇਗੀ ਅਤੇ ਕਿਰਤੀਆਂ ਦੇ ਵੇਤਨ ਵੀ ਵਧਣਗੇ। ਅਮਰੀਕਾ ਵਿੱਚ ਐਕਸਾਈਜ਼ ਡਿਊਟੀ ਅਤੇ ਇੰਪੋਰਟ ਡਿਊਟੀ ਦੀ ਵਸੂਲੀ ਵਧੇਗੀ। ਘਰੇਲੂ ਕੰਪਨੀਆਂ ਦਾ ਲਾਹਾ ਵਧੇਗਾ। ਉਹ ਜ਼ਿਆਦਾ ਟੈਕਸ ਅਦਾ ਕਰਨਗੀਆਂ। ਇਨ੍ਹਾਂ ਸਭ ਕਾਰਨਾਂ ਕਾਰਨ ਅਮਰੀਕਾ ਦੇ ਅਰਥਚਾਰੇ ’ਤੇ ਹਾਂ-ਪੱਖੀ ਅਸਰ ਪੈ ਸਕਦਾ ਹੈ। ਟਰੰਪ ਦੀ ਨੀਤੀ ਮੂਲ ਰੂਪ ਵਿਚ ਦਰੁਸਤ ਹੈ। ਉਨ੍ਹਾਂ ਨੂੰ ਪਤਾ ਹੈ ਕਿ ਕਿਵੇਂ ਕਈ ਦੇਸ਼ ਅਮਰੀਕੀ ਵਸਤਾਂ ’ਤੇ ਵੱਧ ਟੈਕਸ ਲਗਾ ਕੇ ਅਮਰੀਕੀ ਆਰਥਿਕਤਾ ਲਈ ਜੋਖ਼ਮ ਖੜ੍ਹੇ ਕਰ ਰਹੇ ਹਨ। ਉਨ੍ਹਾਂ ਨੇ ਚੀਨ ’ਤੇ ਸਭ ਤੋਂ ਵੱਧ ਟੈਰਿਫ਼ ਲਗਾਇਆ ਹੈ ਜਦਕਿ ਚੀਨ ਨੇ ਵੀ ਅਮਰੀਕੀ ਬਰਾਮਦਾਂ ’ਤੇ ਮੋਟਾ ਟੈਰਿਫ਼ ਲਗਾ ਕੇ ‘ਜੈਸੇ ਕੋ ਤੈਸਾ’ ਵਾਲੀ ਨੀਤੀ ਅਮਲ ਵਿੱਚ ਲਿਆਂਦੀ ਹੈ ਜੋ ਕਾਰਗਰ ਵੀ ਸਿੱਧ ਹੋ ਰਹੀ ਹੈ।

ਇਹੀ ਵਜ੍ਹਾ ਹੈ ਕਿ ਟਰੰਪ ਨੂੰ ਕਈ ਮੁਲਕਾਂ ਨੂੰ ਵੱਧ ਟੈਰਿਫ਼ ’ਤੇ 90 ਦਿਨਾਂ ਦੀ ਮੋਹਲਤ ਦੇਣੀ ਪਈ। ਇਸ ਦਾ ਭਾਰਤ ਨੂੰ ਵੀ ਕੁਝ ਫ਼ਾਇਦਾ ਮਿਲੇਗਾ। ਵੈਸੇ ਟਰੰਪ ਨੇ ਕਈ ਮੌਕਿਆਂ ’ਤੇ ਭਾਰਤ ਦਾ ਨਾਂ ਲੈ ਕੇ ਉਸ ਦੀ ਅਮਰੀਕੀ ਬਰਾਮਦਾਂ ’ਤੇ ਵੱਧ ਟੈਰਿਫ਼ ਲਾਉਣ ਵਾਲੀ ਨੀਤੀ ਦੀ ਨੁਕਤਾਚੀਨੀ ਕੀਤੀ ਹੈ। ਉਹ ਭਾਰਤ ਨੂੰ ‘ਟੈਰਿਫ਼ ਕਿੰਗ’ ਕਹਿ ਚੁੱਕੇ ਹਨ।

ਟੈਰਿਫ਼ ਨੀਤੀ ਦਾ ਦੂਜੇ ਦੇਸ਼ਾਂ ’ਤੇ ਥੋੜ੍ਹੇ ਸਮੇਂ ਲਈ ਨਾਂਹ-ਪੱਖੀ ਅਸਰ ਪਵੇਗਾ। ਜਿਵੇਂ ਭਾਰਤ ਤੋਂ 1,000 ਡਾਲਰ ਮੁੱਲ ਦੇ ਕਲਪੁਰਜ਼ੇ ਵੇਚਣ ਵਾਲੇ ਉੱਦਮਾਂ ਦੀਆਂ ਬਰਾਮਦਾਂ ਪ੍ਰਭਾਵਿਤ ਹੋਣਗੀਆਂ। ਭਾਰਤ ਵਿੱਚ ਉਤਪਾਦਨ ਦੇ ਪੱਧਰ ’ਤੇ ਤਤਕਾਲ ਕੁਝ ਗਿਰਾਵਟ ਆਵੇਗੀ। ਭਾਰਤੀ ਕੰਪਨੀਆਂ ਦੇ ਮੁਨਾਫ਼ੇ ’ਤੇ ਦਬਾਅ ਵਧੇਗਾ। ਇਸੇ ਤਰ੍ਹਾਂ ਦੂਜੇ ਦੇਸ਼ਾਂ ਵਿੱਚ ਉਤਪਾਦਨ ਘਟਣ ਨਾਲ ਸੰਪੂਰਨ ਵਿਸ਼ਵ ਵਿੱਚ ਮੰਦੀ ਆ ਸਕਦੀ ਹੈ। ਇਹ ਮੰਦੀ ਕਿੰਨੇ ਸਮੇਂ ਤੱਕ ਹੋਵੇਗੀ, ਇਹ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਦੂਜੇ ਗਾਹਕ ਕਿੰਨੇ ਸਮੇਂ ਵਿੱਚ ਉਪਲਬਧ ਹੋ ਜਾਂਦੇ ਹਨ। ਜਿਵੇਂ ਕਾਰ ਦੇ ਪਾਰਟਸ ਨੂੰ ਬਣਾਉਣ ਵਾਲੇ ਭਾਰਤੀ ਉੱਦਮਾਂ ਲਈ ਇਹ ਸੰਭਵ ਹੋਵੇਗਾ ਕਿ ਉਹ ਯੂਰਪ ਜਾਂ ਦੱਖਣੀ ਅਮਰੀਕਾ ਵਿੱਚ ਉਤਪਾਦਤ ਹੋਣ ਵਾਲੀਆਂ ਕਾਰਾਂ ਲਈ ਕਲਪੁਰਜ਼ੇ ਬਣਾ ਕੇ ਬਰਾਮਦ ਕਰਨ। ਵਰਤਮਾਨ ਆਲਮੀ ਅਰਥਚਾਰੇ ਨੂੰ ਅਸੀਂ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ। ਇਸ ਵਿੱਚ ਇੱਕ ਹਿੱਸਾ ਅਮਰੀਕਾ ਦਾ, ਜਿਸ ਦੀ ਵਿਸ਼ਵ ਅਰਥਚਾਰੇ ਵਿੱਚ ਲਗਪਗ 26 ਪ੍ਰਤੀਸ਼ਤ ਹਿੱਸੇਦਾਰੀ ਹੈ।

ਦੂਜਾ ਭਾਗ ਬਾਕੀ ਸੰਸਾਰ ਦਾ, ਜਿਸ ਦਾ ਹਿੱਸਾ 74 ਪ੍ਰਤੀਸ਼ਤ ਹੈ ਤੇ 74 ਫ਼ੀਸਦੀ ਅਰਥਚਾਰੇ ਵਾਲੇ ਦੇਸ਼ਾਂ ਵਿੱਚ ਹੁਣ ਆਪਸੀ ਵਪਾਰ ਵਧੇਗਾ। ਬਿਲਕੁਲ ਉਵੇਂ ਹੀ ਜਿਵੇਂ ਜ਼ਿਮੀਂਦਾਰੀ ਖ਼ਤਮ ਹੋਣ ’ਤੇ ਕਿਸਾਨਾਂ ਨੇ ਦੂਸਰੇ ਬਾਜ਼ਾਰ ਛੇਤੀ ਹੀ ਫ਼ੜ ਲਏ ਸਨ। ਇਸ ਪ੍ਰਕਿਰਿਆ ਵਿੱਚ ਕੁਝ ਖ਼ਾਸ ਸਮਾਂ ਲੱਗ ਸਕਦਾ ਹੈ ਪਰ ਅਮਰੀਕਾ ਨੂੰ ਬਰਾਮਦ ਵਿੱਚ ਅੜਿੱਕਾ ਪੈਣ ਕਾਰਨ ਜੋ ਮੰਦੀ ਆਵੇਗੀ, ਉਹ ਲੰਬੇ ਸਮੇਂ ਦੀ ਨਹੀਂ ਹੋਵੇਗੀ।

ਭਾਰਤ ਇਸ ਸੰਕਟ ਨਾਲ ਸਿੱਝਣ ਨੂੰ ਲੈ ਕੇ ਮਜ਼ਬੂਤ ਸਥਿਤੀ ਵਿੱਚ ਹੈ। ਭਾਰਤ ਦੁਆਰਾ ਅਮਰੀਕਾ ਨੂੰ ਬਰਾਮਦ ਕੀਤੇ ਜਾਣ ਵਾਲਾ ਮਾਲ ਸਾਡੇ ਦੇਸ਼ ਦੀ ਆਮਦਨ ਦਾ ਮਹਿਜ਼ 2.1 ਪ੍ਰਤੀਸ਼ਤ ਹੈ। ਇਹ ਸੰਪੂਰਨ ਬਰਾਮਦ ਬੰਦ ਹੋ ਜਾਵੇ ਤਾਂ ਵੀ 2.1 ਪ੍ਰਤੀਸ਼ਤ ਦਾ ਬਹੁਤ ਜ਼ਿਆਦਾ ਅਸਰ ਨਹੀਂ ਪਵੇਗਾ ਕਿਉਂਕਿ ਇਸ ’ਚੋਂ ਕੁਝ ਮਾਲ ਅਸੀਂ ਦੂਜੇ ਦੇਸ਼ਾਂ ਨੂੰ ਬਰਾਮਦ ਕਰ ਸਕਾਂਗੇ ਜਿਵੇਂ ਕਿ ਜੇ ਦੁੱਧ ਵਿਕਣਾ ਬੰਦ ਹੋ ਜਾਵੇ ਤਾਂ ਕਿਸਾਨ ਖੋਆ ਬਣਾ ਕੇ ਦੂਜਾ ਬਾਜ਼ਾਰ ਫ਼ੜ ਲੈਂਦੇ ਹਨ। ਹਾਲਾਂਕਿ ਅਮਰੀਕੀ ਬਾਜ਼ਾਰ ਨੂੰ ਛੱਡਣ ਵਿੱਚ ਮੁਸ਼ਕਲ ਹੋਵੇਗੀ। ਸਾਨੂੰ ਅਮਰੀਕਾ ਕੇਂਦਰਿਤ ਵਿਸ਼ਵ ਨੂੰ ਪਿੱਛੇ ਛੱਡ ਕੇ ਬਹੁ-ਕੇਂਦਰਿਤ ਵਿਸ਼ਵ ਵੱਲ ਵਧਣਾ ਚਾਹੀਦਾ ਹੈ। ਟੈਰਿਫ਼ ਮਾਮਲੇ ਦਾ ਸਾਰ ਇਹੀ ਹੈ ਕਿ ਟਰੰਪ ਦੁਆਰਾ ਟੈਰਿਫ਼ ਵਧਾਉਣਾ ਅਮਰੀਕੀ ਨਾਗਰਿਕਾਂ ਲਈ ਲਾਹੇਵੰਦ ਹੋ ਸਕਦਾ ਹੈ ਜੋ ਬਾਕੀ ਸੰਸਾਰ ਲਈ ਥੋੜ੍ਹੇ ਸਮੇਂ ਲਈ ਹਾਨੀਕਾਰਕ ਪਰ ਲੰਬੇ ਸਮੇਂ ਵਿੱਚ ਨਵੇਂ ਵਿਸ਼ਵ ਦੇ ਨਿਰਮਾਣ ਵਿੱਚ ਮਦਦਗਾਰ ਸਿੱਧ ਹੋਵੇਗਾ।

# ਰਾਜਪਾਲਾਂ ਦੀਆਂ ਸ਼ਕਤੀਆਂ ਪਰਿਭਾਸ਼ਿਤ ਕਰਨ ਦੀ ਲੋੜ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)



ਰਾਜਪਾਲ ਅਤੇ ਉਨ੍ਹਾਂ ਦੇ ਸ਼ਾਹੀ ਨਿਵਾਸ ਸਥਾਨ ਅਸਲ ਵਿੱਚ, ਆਜ਼ਾਦ ਭਾਰਤ ਵਿੱਚ ਅੰਗਰੇਜ਼ ਬ੍ਰਿਟਿਸ਼ ਬਸਤੀਵਾਦੀ ਸਰਮਾਏਦਾਰਾਨਾ ਸਾਮਰਾਜਵਾਦ ਦਾ ਪਰਛਾਵਾਂ ਹਨ ਜਿਨ੍ਹਾਂ ਲਈ ਅੱਜ ਵੀ ਸਾਲਾਨਾ ਅਰਬਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ। ਭਾਰਤੀ ਸੰਘਵਾਦ ਵਿਰੋਧੀ ਰਾਜਪਾਲ ਦੀ ਸੰਸਥਾ ਬ੍ਰਿਟਿਸ਼ ਸ਼ਾਹੀ ਵਾਂਗ ਵਿਸ਼ੇਸ਼ ਅਧਿਕਾਰਾਂ, ਸੱਤਾ ਦੀ ਦੁਰਵਰਤੋਂ ਹੀ ਨਹੀਂ ਬਲਕਿ ਸੱਤਾਧਾਰੀ ਕੇਂਦਰੀ ਸਰਕਾਰਾਂ ਦੀਆਂ ਰਾਜਨੀਤਕ ਧੱਕੇਸ਼ਾਹੀਆਂ ਦੇ ਧੁਰੇ ਵਜੋਂ ਸਥਾਪਿਤ ਹੋ ਚੁੱਕੀ ਹੈ।

ਭਾਰਤ ਦੇ ਦੱਖਣੀ ਤਾਮਿਲ ਭਾਸ਼ਾ, ਸੱਭਿਆਚਾਰ ਅਤੇ ਵਿਚਾਰਧਾਰਾ ਵਾਲੇ ਤਾਮਿਲਨਾਡੂ ਵਿੱਚ ਕੇਂਦਰ ਅੰਦਰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਪਿਛਲੇ ਕਰੀਬ 11 ਸਾਲ ਤੋਂ ਸੱਤਾ 'ਤੇ ਕਾਬਜ਼ ਹੈ। ਤਾਮਿਲਨਾਡੂ ਦੀ ਡੀ.ਐੱਮ.ਕੇ. ਦੀ ਐੱਮ.ਕੇ. ਸਟਾਲਿਨ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕੇਸ ਕੀਤਾ ਹੋਇਆ ਸੀ। ਮਸਲਾ ਰਾਜਪਾਲ ਆਰ.ਐੱਨ. ਰਵੀ ਦੀ ਤਾਨਾਸ਼ਾਹੀ ਦਾ ਹੈ। 8 ਅਪਰੈਲ 2025 ਨੂੰ ਸੁਪਰੀਮ ਕੋਰਟ ਦੇ ਜਸਟਿਸ ਜੇਬੀ ਪਾਦਰੀਵਾਲਾ ਅਤੇ ਜਸਟਿਸ ਆਰ ਮਹਾਦੇਵਨ ਨੇ ਸੰਵਿਧਾਨ ਦੀ ਧਾਰਾ 142 ਤਹਿਤ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਾਜਪਾਲਾਂ ਦੀ ਭੂਮਿਕਾ ਬਾਰੇ ਇਤਿਹਾਸਕ ਫੈਸਲਾ ਸੁਣਾਇਆ। ਅਦਾਲਤ ਨੇ ਰਾਜਪਾਲਾਂ ਦੀਆਂ ਸ਼ਕਤੀਆਂ ਪਰਿਭਾਸ਼ਿਤ ਕਰ ਦਿੱਤੀਆਂ। ਅਦਾਲਤ ਨੇ ਸਪੱਸ਼ਟ ਕੀਤਾ ਕਿ ਸੰਵਿਧਾਨ ਅਨੁਸਾਰ ਰਾਜਪਾਲ ਨੂੰ ਉਸ ਕੋਲ ਮਨਜ਼ੂਰੀ ਲਈ ਭੇਜੇ ਜਾਣ ਵਾਲੇ ਰਾਜ ਵਿਧਾਨ ਮੰਡਲਾਂ ਵੱਲੋਂ ਪਾਸ ਬਿਲਾਂ 'ਤੇ ਆਪਣੇ ਬਦਲਾਂ ਅਨੁਸਾਰ ਤੈਅ ਸਮਾਂ ਸੀਮਾ ਵਿੱਚ ਕਾਰਵਾਈ ਕਰਨ ਦੀ ਪਾਲਣਾ ਕਰਨੀ ਹੋਵੇਗੀ।

ਹੁਣ ਤੱਕ ਸਮਝਿਆ ਜਾਂਦਾ ਸੀ ਕਿ ਸੰਵਿਧਾਨ ਦੀ ਧਾਰਾ 200 ਅਨੁਸਾਰ ਰਾਜਪਾਲਾਂ ਲਈ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਕੋਈ ਸਮਾਂ ਸੀਮਾ ਤੈਅ ਨਹੀਂ ਸੀ। ਕੇਂਦਰ ਸਰਕਾਰ 'ਤੇ ਕਾਬਜ਼ ਰਾਜਨੀਤਕ ਪਾਰਟੀ ਜਾਂ ਗਠਜੋੜ ਵਿਰੋਧੀ ਰਾਜਨੀਤਕ ਪਾਰਟੀਆਂ ਰਾਜਾਂ ਵਿੱਚ ਕਾਬਜ਼ ਹੋਣ ਤੋਂ ਅਕਸਰ ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਦੇ ਕੰਮਕਾਜ ਵਿੱਚ ਵਿਘਨ ਪਾਉਣ, ਉਨ੍ਹਾਂ ਨੂੰ ਬੇਲੋੜਾ ਤੰਗ ਪ੍ਰੇਸ਼ਾਨ ਕਰਨ ਲਈ ਰਾਜਪਾਲ ਦੀ ਸੰਸਥਾ ਦਾ ਦੁਰਉਪਯੋਗ ਕੀਤਾ ਜਾਂਦਾ ਰਿਹਾ ਹੈ। ਰਾਜਪਾਲ ਰਾਜ ਅੰਦਰ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿਲ ਅਲਮਾਰੀਆਂ ਵਿੱਚ ਧੂੜ ਚੱਟਦੇ ਰਹਿੰਦੇ, ਰਾਜ ਸਰਕਾਰਾਂ ਵੱਲੋਂ ਸੰਵਿਧਾਨਕ ਪਦਾਂ ਜਾਂ ਹੋਰ ਥਾਵਾਂ 'ਤੇ ਨਿਯੁਕਤੀਆਂ ਰੋਕ ਲੈਂਦੇ ਜਿਨ੍ਹਾਂ ਲਈ ਉਨ੍ਹਾਂ ਦੀ ਮਨਜ਼ੂਰੀ ਜ਼ਰੂਰੀ ਹੁੰਦੀ।

ਸੋ ਅਦਾਲਤ ਨੇ ਬਿੱਲਾਂ ਸਬੰਧੀ ਫੈਸਲਾ ਕਰਨ ਲਈ ਰਾਜਪਾਲਾਂ ਲਈ ਸਮਾਂ ਸੀਮਾ ਤੈਅ ਕਰਦਿਆਂ ਕਿਹਾ ਕਿ ਜੇ ਉਹ ਕਿਸੇ ਬਿੱਲ ਨੂੰ ਰਾਸ਼ਟਰਪਤੀ ਪਾਸ ਭੇਜਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇੰਝ ਇੱਕ ਮਹੀਨੇ ਵਿੱਚ ਕਰਨਾ ਪਵੇਗਾ। ਜੇ ਰਾਜ ਸਰਕਾਰ ਨੂੰ ਵਾਪਸ ਕੀਤਾ ਬਿੱਲ ਵਿਧਾਨ ਸਭਾ ਦੁਆਰਾ ਮੁੜ ਪਾਸ ਕਰਵਾ ਕੇ ਸਰਕਾਰ ਰਾਜਪਾਲ ਪਾਸ ਭੇਜਦੀ ਹੈ ਤਾਂ ਉਹਨੂੰ ਮਹੀਨੇ ਵਿੱਚ ਮਨਜ਼ੂਰੀ ਦੇਣੀ ਪਵੇਗੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਭਾਰਤ ਅੰਦਰ ਸਭ ਰਾਜਪਾਲਾਂ ਨੂੰ ਨਸੀਹਤ ਦਿੱਤੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਸਿਆਸੀ ਵਿਚਾਰਾਂ ਤੋਂ ਪ੍ਰਭਾਵਿਤ ਨਾ ਹੋਣ। ਉਨ੍ਹਾਂ ਨੂੰ ਵਧੀਆ ਕੰਮਕਾਜ ਲਈ ਸੂਬਾਈ ਸਰਕਾਰਾਂ ਅਤੇ ਮਸ਼ੀਨਰੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕੰਮਕਾਜ ਠੱਪ ਨਹੀਂ ਕਰਨਾ ਚਾਹੀਦਾ।

ਅਦਾਲਤ ਨੇ ਇਹ ਵੀ ਸਪੱਸ਼ਟ ਕਰ ਦਿਤਾ ਕਿ ਜੇ ਤੈਅ ਸਮਾਂ ਸੀਮਾ ਵਿੱਚ ਰਾਜਪਾਲ ਕਾਰਵਾਈ ਨਹੀਂ ਕਰਦਾ ਤਾਂ ਇਸ ਦੀ ਕਾਨੂੰਨ ਅਨੁਸਾਰ ਸਮੀਖਿਆ ਕੀਤੀ ਜਾਵੇਗੀ, ਭਾਵ, ਸੁਪਰੀਮ ਕੋਰਟ ਦੇ ਵਿਸ਼ੇਸ਼ ਅਧਿਕਾਰਾਂ ਅਨੁਸਾਰ ਕਾਰਵਾਈ ਸ਼ੁਰੂ ਹੋਵੇਗੀ। ਅਦਾਲਤ ਨੇ ਦੁਹਰਾਇਆ ਕਿ ਰਾਜਪਾਲ ਸੰਵਿਧਾਨ ਅਨੁਸਾਰ ਲੋਕਤੰਤਰੀ ਤਰੀਕੇ ਨਾਲ ਪਾਸ ਕੀਤੇ ਜਾਂਦੇ ਬਿੱਲ ਰੋਕਣ ਲਈ ਗੇਟਕੀਪਰ ਵਜੋਂ ਕੰਮ ਨਹੀਂ ਕਰ ਸਕਦੇ।

ਸਾਬਕਾ ਅਧਿਕਾਰੀ ਆਰ.ਐੱਨ. ਰਵੀ ਨੂੰ 2021 ਵਿੱਚ ਤਾਮਿਲਨਾਡੂ ਵਿੱਚ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਉਸ ਨੇ ਰਾਜ ਸਰਕਾਰ ਨਾਲ ਟਕਰਾਅ ਰੱਖਣਾ ਸ਼ੁਰੂ ਕਰ ਦਿੱਤਾ ਅਤੇ ਭਾਰਤੀ ਸੰਵਿਧਾਨ ਅਨੁਸਾਰ ਪਰਿਭਾਸ਼ਿਤ ਕੀਤੇ ਰਾਜਪਾਲ ਦੇ ਰੋਲ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਦਿਤਾ। ਤਾਮਿਲਨਾਡੂ ਵਿਧਾਨ ਸਭਾ ਸੈਸ਼ਨ ਦੇ ਕੰਮਕਾਜ ਦੀ ਸ਼ੁਰੂਆਤ ਤਾਮਿਲ ਗੀਤ 'ਥਾਈ ਵੱਲੂ' ਨਾਲ ਸ਼ੁਰੂ ਹੁੰਦੀ ਹੈ ਅਤੇ ਸਮਾਪਤੀ ਰਾਸ਼ਟਰੀ ਗੀਤ 'ਜਨ ਗਣ ਮਨ' ਨਾਲ ਹੁੰਦੀ ਹੈ। ਐਸੀ ਪਰੰਪਰਾ ਹੈ ਪਰ ਰਾਜਪਾਲ ਨੇ ਕਾਰਵਾਈ ਸ਼ੁਰੂ ਅਤੇ ਸਮਾਪਤੀ ਦੋਵੇਂ ਵਾਰ ਰਾਸ਼ਟਰੀ ਗੀਤ ਪੜ੍ਹੇ ਜਾਣ ਦੇ ਹੁਕਮ ਦਿਤੇ। 2023 ਵਿੱਚ ਵਿਧਾਨ ਸਭਾ ਵਿੱਚ ਸਰਕਾਰ ਵੱਲੋਂ ਭੇਜਿਆ ਭਾਸ਼ਣ ਦੇਣ ਤੋਂ ਇਨਕਾਰ ਕਰ ਦਿੱਤਾ।

ਤਾਮਿਲਨਾਡੂ ਸਰਕਾਰ ਨੇ ਡੇਢ ਕੁ ਸਾਲ ਪਹਿਲਾਂ 12 ਬਿੱਲ ਵਿਧਾਨ ਸਭਾ ਰਾਹੀਂ ਪਾਸ ਕਰ ਕੇ ਮਨਜ਼ੂਰੀ ਲਈ ਰਾਜਪਾਲ ਕੋਲ ਭੇਜੇ। ਉਸ ਨੇ ਦੋ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜ ਦਿੱਤੇ ਅਤੇ 10 ਰੱਦ ਕਰ ਦਿੱਤੇ। ਇਨ੍ਹਾਂ ਵਿਚੋਂ ਜ਼ਿਆਦਾ ਰਾਜ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨਿਯੁਕਤ ਕਰਨ ਸਬੰਧੀ ਸਨ। ਤਾਮਿਲਨਾਡੂ ਸਰਕਾਰ ਨੇ ਜਦੋਂ ਬਿੱਲ ਮੁੜ ਵਿਧਾਨ ਸਭਾ ਤੋਂ ਪਾਸ ਕਰ ਕੇ ਮਨਜ਼ੂਰੀ ਲਈ ਰਾਜਪਾਲ ਪਾਸ ਭੇਜੇ ਤਾਂ ਉਹਨੇ ਸਭ ਬਿੱਲ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਭੇਜ ਦਿੱਤੇ। ਰਾਸ਼ਟਰਪਤੀ ਨੇ ਸਿਰਫ਼ 1 'ਤੇ ਮਨਜ਼ੂਰੀ ਦਿੱਤੀ ਅਤੇ 7 ਨਾਮਨਜ਼ੂਰ ਕਰ ਦਿੱਤੇ; 2 ਬਿੱਲਾਂ 'ਤੇ ਕੋਈ ਫ਼ੈਸਲਾ ਨਾ ਕੀਤਾ।

ਸੁਪਰੀਮ ਕੋਰਟ ਨੇ ਪਹਿਲੀ ਵਾਰ ਆਪਣੇ ਇਤਿਹਾਸਕ ਫ਼ੈਸਲੇ ਰਾਹੀਂ ਧਾਰਾ 142 ਅਧੀਨ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਨ੍ਹਾਂ 10 ਬਿੱਲਾਂ ਨੂੰ ਮੁੜ ਰਾਜਪਾਲ ਨੂੰ ਭੇਜਣ ਦੀ ਤਾਰੀਖ ਤੋਂ ਮਨਜ਼ੂਰ ਮੰਨੇ ਐਲਾਨ ਕੀਤਾ। ਆਪਣੇ ਫੈਸਲੇ ਵਿੱਚ ਕਹਿ ਦਿੱਤਾ ਕਿ ਕਿਸੇ ਵੀ ਵਿਧਾਨ ਮੰਡਲ ਵੱਲੋਂ ਮੁੜ ਵਿਚਾਰ ਕਰ ਕੇ ਪਾਸ ਕੀਤੇ ਬਿੱਲ ਜੋ ਰਾਜਪਾਲ ਦੀ ਮਨਜ਼ੂਰੀ ਲਈ ਭੇਜੇ ਜਾਣਗੇ, ਉਹ ਮਨਜ਼ੂਰ ਕਰਨੇ ਪੈਣਗੇ। ਉਨ੍ਹਾਂ ਨੂੰ ਰਾਜਪਾਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਰਾਖਵੇਂ ਨਹੀਂ ਰੱਖ ਸਕਦਾ।

ਤਾਮਿਲਨਾਡੂ ਕੋਈ ਐਸਾ ਰਾਜ ਨਹੀਂ ਜਿਸ ਦੀ ਸਰਕਾਰ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਰਾਜਪਾਲ ਦੀ ਗੈਰ-ਸੰਵਿਧਾਨਕ ਮਨਮਾਨੀ ਵਿਰੁੱਧ ਖੜਕਾਇਆ ਹੋਵੇ। ਰਾਜਪਾਲਾਂ ਦੀਆਂ ਮਨਮਾਨੀਆਂ ਵਿਰੁੱਧ ਪੰਜਾਬ, ਤਿਲੰਗਾਨਾ, ਕੇਰਲ, ਪੱਛਮੀ ਬੰਗਾਲ ਆਦਿ ਸਰਕਾਰਾਂ ਨੂੰ ਵੀ ਸੁਪਰੀਮ ਕੋਰਟ ਦਸਤਕ ਦੇਣੀ ਪਈ।

ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨਾਲ ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਦਾ ਟਕਰਾਅ ਰਿਹਾ। ਉਸ ਨੇ ਨਾ ਸਿਰਫ਼ ਸਰਕਾਰ ਵੱਲੋਂ ਵਿਧਾਨ ਸਭਾ ਵੱਲੋਂ ਪਾਸ ਬਿੱਲਾਂ ਸਬੰਧੀ ਮਨਮਾਨੀ ਕੀਤੀ, ਬਲਕਿ ਵਿਧਾਨ ਸਭਾ ਇਜਲਾਸ ਬੁਲਾਉਣ ਵਿੱਚ ਅੜਿੱਕੇ ਪਾਏ ਅਤੇ ਵਿਧਾਨ ਸਭਾ ਵਿੱਚ ਖੌਰੂ ਵੀ ਪਾਇਆ। ਉਸ ਵਿਰੁੱਧ ਸਰਕਾਰ ਨੇ ਅਕਤੂਬਰ 2023 ਵਿੱਚ ਸੁਪਰੀਮ ਕੋਰਟ ਵਿੱਚ ਦਸਤਕ ਦਿਤੀ ਅਤੇ ਚਾਰ ਬਿੱਲ ਦੱਬ ਕੇ ਰੱਖਣ ਦਾ ਮੁੱਦਾ ਉਠਾਇਆ। ਸੁਪਰੀਮ ਕੋਰਟ ਨੇ ਰਾਜਪਾਲ ਨੂੰ ਫਿਟਕਾਰ ਲਗਾਉਂਦਿਆਂ ਕਿਹਾ ਕਿ ਉਹ ਅੱਗ ਨਾਲ ਖੇਡ ਰਿਹਾ ਹੈ। ਲੋਕਤੰਤਰ ਵਿੱਚ ਅਸਲ ਸ਼ਕਤੀ ਲੋਕਾਂ ਵੱਲੋਂ ਚੁਣੇ ਹੋਏ ਪ੍ਰਤੀਨਿਧਾਂ ਪਾਸ ਹੁੰਦੀ ਹੈ, ਨਾ ਕਿ ਰਾਜਪਾਲ ਕੋਲ। ਰਾਜਪਾਲ ਨੇ ਇੱਕ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ, ਤਿੰਨ ਰਾਸ਼ਟਰਪਤੀ ਪਾਸ ਭੇਜ ਦਿੱਤੇ। ਇਨ੍ਹਾਂ ਵਿਚੋਂ ਇੱਕ ਵਿੱਚ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਲਈ ਚਾਂਸਲਰ ਦੀਆਂ ਸ਼ਕਤੀਆਂ ਮੁੱਖ ਮੰਤਰੀ ਨੂੰ ਦੇਣਾ, ਦੂਸਰੇ ਰਾਜ ਨੂੰ ਪੁਲਿਸ ਮੁਖੀ ਲਾਉਣ ਦੀ ਸ਼ਕਤੀ ਦੇਣਾ ਅਤੇ ਤੀਜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ-1925 ਨਾਲ ਸਬੰਧਿਤ ਸੀ।

ਤਿਲੰਗਾਨਾ ਸਰਕਾਰ ਨੇ ਵੀ 2 ਮਾਰਚ 2023 ਵਿੱਚ ਤੱਤਕਾਲੀ ਰਾਜਪਾਲ ਤਮਿਲਸਾਈ ਸੁੰਦਰਾਜਨ ਵੱਲੋਂ 10 ਬਿੱਲ ਰੋਕਣ ਵਿਰੁੱਧ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਸੀ। ਕੇਰਲ ਸਰਕਾਰ ਉਥੋਂ ਦੇ ਰਾਜਪਾਲ ਵੱਲੋਂ ਜੋ 23 ਮਹੀਨੇ ਬਿੱਲ ਦਬ ਕੇ ਰੱਖੇ, ਵਿਰੁੱਧ ਸੁਪਰੀਮ ਕੋਰਟ ਵਿੱਚ ਗਈ। 8 ਅਪ੍ਰੈਲ 2025 ਨੂੰ ਸਰਕਾਰ ਦੇ ਵਕੀਲ ਕੇ.ਕੇ. ਵੇਣੂਗੋਪਾਲ ਦੀਆਂ ਦਲੀਲਾਂ ਸੁਣਨ ਉਪਰੰਤ ਅਗਲੀ ਸੁਣਵਾਈ 13 ਮਈ 2025 ਦੀ ਪਾ ਦਿੱਤੀ।

ਪੱਛਮੀ ਬੰਗਾਲ ਦੇ ਰਾਜਪਾਲ ਰਹੇ ਜਗਦੀਪ ਧਨਖੜ, ਜੋ ਅੱਜ ਦੇਸ਼ ਦੇ ਉੱਪ ਰਾਸ਼ਟਰਪਤੀ ਹਨ, ਦੇ ਪੱਛਮੀ ਬੰਗਾਲ ਸਰਕਾਰ ਨਾਲ ਟਕਰਾਅ ਨੂੰ ਕੌਣ ਨਹੀਂ ਜਾਣਦਾ। ਜੁਲਾਈ 2024 ਵਿੱਚ ਤ੍ਰਿਣਮੂਲ ਕਾਂਗਰਸ ਦੀ ਆਗੂ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੌਜੂਦਾ ਰਾਜਪਾਲ ਸੀ.ਵੀ. ਅਨੰਦ ਬੋਸ ਅਤੇ ਪਹਿਲੇ ਰਾਜਪਾਲ ਜਗਦੀਪ ਧਨਖੜ 'ਤੇ 8 ਬਿੱਲਾਂ ਨੂੰ ਰੋਕਣ ਦਾ ਮਾਮਲਾ ਸੁਪਰੀਮ ਕੋਰਟ ਵਿੱਚ ਉਠਾਇਆ। ਇਨ੍ਹਾਂ ਵਿਚੋਂ 7 ਬਿੱਲ ਰਾਜਪਾਲ ਨੂੰ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਅਤੇ ਪ੍ਰਸ਼ਾਸਨ ਸਬੰਧੀ ਨਿਯੁਕਤੀਆਂ ਅਤੇ ਹੁਕਮਾਂ ਤੋਂ ਪੰਜਾਬ ਵਾਂਗ ਲਾਂਭੇ ਕਰਨ ਸਬੰਧੀ ਹਨ। ਕਰਨਾਟਕ ਵਿੱਚ ਵੀ ਰਾਜਪਾਲ ਥਾਵਰ ਚੰਦ ਗਹਿਲੋਤ ਨੇ ਸਹਿਕਾਰੀ ਬਿੱਲ ਰੋਕੇ ਸਨ। 7 ਮਹੀਨੇ ਬਾਅਦ ਸਰਕਾਰ ਤੋਂ ਇਨ੍ਹਾਂ ਸਬੰਧੀ ਰਾਏ ਮੰਗਣ ਬਾਅਦ 2 ਬਿੱਲ ਖਾਰਜ ਕਰ ਦਿੱਤੇ।

ਕੇਂਦਰ ਸਰਕਾਰ ਨੂੰ ਸੰਵਿਧਾਨ ਅਤੇ ਵਿਰੋਧੀ ਰਾਜਸੀ ਪਾਰਟੀਆਂ ਦੀਆਂ ਸਰਕਾਰਾਂ ਨਾਲ ਛੇੜਛਾੜ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਲੋਕਤੰਤਰ ਨੂੰ ਕਮਜ਼ੋਰ ਅਤੇ ਦੇਸ਼ ਅੰਦਰ ਰਾਜਨੀਤਕ ਬਦਅਮਨੀ ਪੈਦਾ ਕਰਦਾ ਹੈ। ਕੇਂਦਰ ਸਰਕਾਰ ਨੇ ਚੋਣ ਕਮਿਸ਼ਨ ਦੀ ਨਿਯੁਕਤੀ ਵਿੱਚੋਂ ਸੁਪਰੀਮ ਕੋਰਟ ਦਾ ਮੁੱਖ ਜੱਜ ਲਾਂਭੇ ਕਰ ਕੇ ਇਸ ਸੰਸਥਾ ਦੀ ਖੁਦਮੁਖਤਾਰੀ ਨੂੰ ਸੱਟ ਮਾਰੀ ਹੈ। ਲੋਕਪਾਲ ਨਿਯੁਕਤੀ ਤੋਂ ਟਾਲਾ ਵੱਟਿਆ ਹੈ। ਕੇਂਦਰੀ ਜਾਂਚ ਏਜੰਸੀਆਂ ਸੀ.ਬੀ.ਆਈ., ਈ.ਡੀ., ਸੀ.ਵੀ.ਸੀ. ਆਪਣੀਆਂ ਬਾਂਦੀਆਂ ਬਣਾ ਲਈਆਂ ਹਨ। ਹੁਣ ਸਿਰਫ਼ ਨਿਆਂਪਾਲਿਕਾ ਹੀ ਬਚੀ ਹੈ। ਇਸ 'ਤੇ ਵੀ ਉਸ ਦੀ ਅੱਖ ਹੈ। ਇਹ ਅਸਲ ਵਿੱਚ ਲੋਕਤੰਤਰ ਘਾਤੀ ਪਹੁੰਚ ਹੈ। ਹੁਣ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਚੰਗਾ ਹੋਵੇਗਾ ਕਿ ਰਾਜਪਾਲ ਸੰਵਿਧਾਨਕ ਦਾਇਰੇ ਵਿੱਚ ਰਹਿਣ।

# ਕਰਜ਼ੇ ਦੇ ਜਾਲ 'ਚੋਂ ਕਿਵੇਂ ਕੱਢਿਆ ਜਾਵੇ ਪੰਜਾਬ ?

ਸਤਨਾਮ ਸਿੰਘ ਚਾਹਲ

ਭਾਰਤ ਵਿੱਚ ਖੁਸ਼ਹਾਲੀ ਦਾ ਚਾਨਣ ਮੁਨਾਰਾ, ਪੰਜਾਬ ਅੱਜ ਕਰਜ਼ੇ ਦੇ ਬੋਝ ਨਾਲ ਜੂਝ ਰਿਹਾ ਹੈ। ਇਹ ਇਸ ਦੀ ਆਰਥਿਕ ਸਥਿਰਤਾ ਨੂੰ ਖ਼ਤਰਾ ਹੈ। ਇਹ ਦੁਰਦਸ਼ਾ ਨੀਤੀਆਂ, ਸਮਾਜਿਕ-ਆਰਥਿਕ ਢਾਂਚੇ ਅਤੇ ਵਿਕਸਤ ਹੋ ਰਹੇ ਆਰਥਿਕ ਦ੍ਰਿਸ਼ਾਂ ਸਮੇਤ ਕਈ ਕਾਰਕਾਂ ਦੇ ਸੰਗਮ ਤੋਂ ਪੈਦਾ ਹੁੰਦੀ ਹੈ। ਮੁੱਖ ਕਾਰਕ ਰਾਜ ਦੀ ਸਬਸਿਡੀਆਂ 'ਤੇ ਨਿਰਭਰਤਾ ਹੈ, ਖਾਸ ਕਰ ਕੇ ਖੇਤੀਬਾੜੀ ਖੇਤਰ ਅੰਦਰ। ਇਹ ਸਬਸਿਡੀਆਂ ਭਾਵੇਂ ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ ਹਨ ਪਰ ਇਨ੍ਹਾਂ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ ਜਿੱਥੇ ਰਾਜ ਦੇ ਖਰਚੇ ਦਾ ਵੱਡਾ ਹਿੱਸਾ ਇਨ੍ਹਾਂ ਪ੍ਰੋਗਰਾਮਾਂ ਨੂੰ ਕਾਇਮ ਰੱਖਣ ਲਈ ਨਿਰਧਾਰਤ ਕੀਤਾ ਜਾਂਦਾ ਹੈ ਜਿਸ ਨਾਲ ਬੁਨਿਆਦੀ ਢਾਂਚੇ, ਸਿੱਖਿਆ ਅਤੇ ਸਿਹਤ ਸੰਭਾਲ ਵਿੱਚ ਮਹੱਤਵਪੂਰਨ ਨਿਵੇਸ਼ਾਂ ਲਈ ਸੀਮਤ ਸਰੋਤ ਰਹਿ ਜਾਂਦੇ ਹਨ। ਇਸ ਤੋਂ ਇਲਾਵਾ, ਪੰਜਾਬ ਦਾ ਆਰਥਿਕ ਢਾਂਚਾ, ਜੋ ਖੇਤੀਬਾੜੀ 'ਤੇ ਬਹੁਤ ਜ਼ਿਆਦਾ ਨਿਰਭਰ ਹੈ, ਵਿਲੱਖਣ ਚੁਣੌਤੀ ਪੇਸ਼ ਕਰਦਾ ਹੈ। ਖੇਤੀਬਾੜੀ ਮਹੱਤਵਪੂਰਨ ਖੇਤਰ ਹੈ, ਇਸ ਤੋਂ ਪੈਦਾ ਹੋਣ ਵਾਲੀ ਆਮਦਨ ਵੱਡੇ ਪੱਧਰ 'ਤੇ ਟੈਕਸ ਜਾਲ ਤੋਂ ਬਚ ਜਾਂਦੀ ਹੈ ਜਿਸ ਨਾਲ ਰਾਜ ਦੀ ਮਾਲੀਆ ਪੈਦਾ ਕਰਨ ਦੀ ਸਮਰੱਥਾ ਸੀਮਤ ਹੋ ਜਾਂਦੀ ਹੈ। ਇਸ ਢਾਂਚਾਗਤ ਅਸੰਤੁਲਨ ਕਾਰਨ ਟੈਕਸ ਬੋਝ ਦੀ ਵਧੇਰੇ ਬਰਾਬਰ ਵੰਡ ਨੂੰ ਯਕੀਨੀ ਬਣਾਉਣ ਅਤੇ ਰਾਜ ਦੇ ਆਮਦਨ ਸਰੋਤਾਂ ਨੂੰ ਵਿਭਿੰਨ ਬਣਾਉਣ ਲਈ ਮਾਲੀਆ ਪੈਦਾ ਕਰਨ ਦੀਆਂ ਰਣਨੀਤੀਆਂ ਦਾ ਮੁੜ ਮੁਲਾਂਕਣ ਕਰਨ ਦੀ ਲੋੜ ਹੈ।

ਪੰਜਾਬ ਦੇ ਉਦਯੋਗਿਕ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਆਪਣੀ ਆਰਥਿਕਤਾ ਨੂੰ ਵਿਭਿੰਨ ਬਣਾਉਣ ਲਈ ਸੰਘਰਸ਼ ਇਸ ਗੁੰਝਲਦਾਰੀ ਵਿੱਚ ਵਾਧਾ ਕਰ ਰਿਹਾ ਹੈ। ਰਾਜ ਜੋ ਕਦੇ ਖੁਸ਼ਹਾਲ ਉਦਯੋਗਿਕ ਆਧਾਰ ਦਾ ਮਾਣ ਕਰਦਾ ਸੀ, ਨੂੰ ਬਦਲਦੇ ਆਰਥਿਕ ਦ੍ਰਿਸ਼ਟੀਕੋਣ ਦੇ ਅਨੁਕੂਲ ਹੋਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੇ ਨਤੀਜੇ ਵਜੋਂ ਦੂਜੇ ਰਾਜਾਂ ਦੇ ਮੁਕਾਬਲੇ ਉਦਯੋਗਿਕ ਵਿਕਾਸ ਦੀ ਰਫ਼ਤਾਰ ਹੌਲੀ ਹੋ ਗਈ ਹੈ, ਜਿਸ ਨਾਲ ਨਵੇਂ ਰੁਜ਼ਗਾਰ ਦੇ ਮੌਕੇ ਅਤੇ ਮਾਲੀਆ ਸਰੋਤਾਂ ਦੀ ਸਿਰਜਣਾ ਸੀਮਤ ਹੋ ਗਈ ਹੈ। ਵਿਭਿੰਨਤਾ ਦੀ ਘਾਟ ਨੇ ਪੰਜਾਬ ਨੂੰ ਖੇਤੀਬਾੜੀ ਖੇਤਰ ਵਿੱਚ ਉਤਰਾਅ-ਚੜ੍ਹਾਅ ਲਈ ਵਧੇਰੇ ਕਮਜ਼ੋਰ ਬਣਾ ਦਿੱਤਾ ਹੈ, ਜਿਸ ਨਾਲ ਇਸ ਦੀਆਂ ਵਿੱਤੀ ਚੁਣੌਤੀਆਂ ਹੋਰ ਵੀ ਵਧ ਗਈਆਂ ਹਨ। ਇਸ ਤੋਂ ਇਲਾਵਾ, ਲੋਕਪ੍ਰਿਯਾ ਯੋਜਨਾਵਾਂ ਅਤੇ ਬੇਰੋਕ ਖਰਚਿਆਂ ਦੁਆਰਾ ਦਰਸਾਈ ਗਈ ਵਿੱਤੀ ਲਾਪਰਵਾਹੀ ਨੇ ਕਰਜ਼ੇ ਦੇ ਇਕੱਠਾ ਹੋਣ ਵਿੱਚ ਯੋਗਦਾਨ ਪਾਇਆ ਜਦੋਂਕਿ ਇਹ ਯੋਜਨਾਵਾਂ ਥੋੜ੍ਹੇ ਸਮੇਂ ਦੇ ਰਾਜਨੀਤਕ ਲਾਭ ਦੀ ਪੇਸ਼ਕਸ਼ ਕਰ ਸਕਦੀਆਂ ਹਨ, ਉਹ ਅਕਸਰ ਲੰਮੇ ਸਮੇਂ ਦੀ ਵਿੱਤੀ ਸਥਿਰਤਾ ਦੀ ਕੀਮਤ 'ਤੇ ਆਉਂਦੀਆਂ ਹਨ। ਰਾਜ ਦੇ ਕਰਜ਼ੇ ਤੋਂ ਘੰਧਫ਼ ਅਨੁਪਾਤ, ਜੋ ਇਸ ਦੀ ਵਿੱਤੀ ਸਿਹਤ ਦਾ ਮਹੱਤਵਪੂਰਨ ਸੂਚਕ ਹੈ, ਨੇ ਚਿੰਤਾਵਾਂ ਪੈਦਾ ਕੀਤੀਆਂ ਹਨ, ਵਿੱਤੀ ਅਨੁਸ਼ਾਸਨ ਅਤੇ ਸੂਝਵਾਨ ਵਿੱਤੀ ਪ੍ਰਬੰਧਨ ਦੀ ਤੁਰੰਤ ਲੋੜ ਨੂੰ ਉਜਾਗਰ ਕੀਤਾ ਹੈ। ਮੌਜੂਦਾ ਕਰਜ਼ੇ ਦੀ ਅਦਾਇਗੀ ਨਵੇਂ ਉਧਾਰਾਂ ਦੇ ਮਹੱਤਵਪੂਰਨ ਹਿੱਸੇ ਦੀ ਖਪਤ ਕਰਦੀ ਹੈ, ਕੁ-ਚੱਕਰ ਪੈਦਾ ਕਰਦੀ ਹੈ ਜੋ ਰਾਜ ਦੀ ਵਿਕਾਸ ਅਤੇ ਵਿਕਾਸ ਵਿੱਚ ਨਿਵੇਸ਼ ਕਰਨ ਦੀ ਸਮਰੱਥਾ ਨੂੰ ਹੋਰ ਸੀਮਤ ਕਰਦੀ ਹੈ।



ਕਰਜ਼ੇ ਦੇ ਇਸ ਜਾਲ ਵਿੱਚੋਂ ਨਿਕਲਣ ਲਈ ਪੰਜਾਬ ਨੂੰ ਵਿਆਪਕ ਅਤੇ ਬਹੁ-ਪੱਖੀ ਰਣਨੀਤੀ 'ਤੇ ਚੱਲਣਾ ਚਾਹੀਦਾ ਹੈ। ਇਸ ਰਣਨੀਤੀ ਦਾ ਮੁੱਖ ਆਧਾਰ ਸਖ਼ਤ ਵਿੱਤੀ ਅਨੁਸ਼ਾਸਨ ਨੂੰ ਲਾਗੂ ਕਰਨਾ ਹੋਣਾ ਚਾਹੀਦਾ ਹੈ। ਇਸ ਵਿੱਚ ਮੌਜੂਦਾ ਖਰਚਿਆਂ ਦੀ ਪੂਰੀ ਸਮੀਖਿਆ, ਫ਼ਜ਼ੂਲ ਖਰਚਿਆਂ ਨੂੰ ਖਤਮ ਕਰਨਾ ਅਤੇ ਲੰਮੇ ਸਮੇਂ ਦੇ ਆਰਥਿਕ ਲਾਭ ਦੇਣ ਵਾਲੇ ਨਿਵੇਸ਼ਾਂ ਨੂੰ ਤਰਜੀਹ ਦੇਣਾ ਸ਼ਾਮਿਲ ਹੈ। ਇਸ ਦੇ ਨਾਲ ਹੀ, ਰਾਜ ਨੂੰ ਮਾਲੀਆ ਪੈਦਾ ਕਰਨ ਲਈ ਨਵੇਂ ਤਰੀਕਿਆਂ ਦੀ ਖੋਜ ਕਰਨੀ ਚਾਹੀਦੀ ਹੈ। ਇਸ ਵਿੱਚ ਟੈਕਸ ਆਧਾਰ ਦਾ ਵਿਸਥਾਰ ਕਰਨਾ, ਟੈਕਸ ਇਕੱਠਾ ਕਰਨ ਦੀਆਂ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣਾ ਅਤੇ ਰਾਜ ਦੇ ਖਜ਼ਾਨੇ ਵਿੱਚ ਯੋਗਦਾਨ ਪਾਉਣ ਵਾਲੇ ਨਵੇਂ ਉਦਯੋਗਾਂ ਨੂੰ ਆਕਰਸ਼ਿਤ ਕਰਨਾ ਸ਼ਾਮਿਲ ਹੋ ਸਕਦਾ ਹੈ। ਇਸ ਰਣਨੀਤੀ ਦਾ ਮਹੱਤਵਪੂਰਨ ਪਹਿਲੂ ਸਬਸਿਡੀਆਂ ਦਾ ਤਰਕਸੰਗਤ ਹੋਣਾ ਹੈ। ਸਬਸਿਡੀਆਂ ਕਮਜ਼ੋਰ ਆਬਾਦੀਆਂ ਦੀ ਸਹਾਇਤਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਉਨ੍ਹਾਂ ਨੂੰ ਕੁਸ਼ਲ ਬਣਾਇਆ ਜਾਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਲੋਕਾਂ ਤੱਕ ਪਹੁੰਚਣ ਜਿਨ੍ਹਾਂ ਨੂੰ ਸੱਚਮੁੱਚ ਉਨ੍ਹਾਂ ਦੀ ਲੋੜ ਹੈ, ਬਿਨਾਂ ਰਾਜ ਦੇ ਵਿੱਤ 'ਤੇ ਬੇਲੋੜਾ ਬੋਝ ਪਾਏ। ਇਸ ਤੋਂ ਇਲਾਵਾ, ਖੇਤੀਬਾੜੀ ਸੁਧਾਰ ਜ਼ਰੂਰੀ ਹੈ। ਇਸ ਵਿੱਚ ਫ਼ਸਲ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ, ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ ਅਤੇ ਖੇਤੀਬਾੜੀ ਆਮਦਨ ਨੂੰ ਨਿਰਪੱਖ ਅਤੇ ਬਰਾਬਰੀ ਨਾਲ ਟੈਕਸ ਜਾਲ ਵਿੱਚ ਲਿਆਉਣ ਲਈ ਵਿਧੀਆਂ ਦੀ ਖੋਜ ਕਰਨਾ ਸ਼ਾਮਿਲ ਹੈ। ਇਸ ਵਿੱਚ ਖੇਤੀਬਾੜੀ ਪ੍ਰਾਸੈਸਿੰਗ ਉਦਯੋਗਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਸ਼ਾਮਿਲ ਹੋ ਸਕਦਾ ਹੈ।

ਖੇਤੀਬਾੜੀ ਤੋਂ ਇਲਾਵਾ, ਪੰਜਾਬ ਨੂੰ ਆਰਥਿਕ ਵਿਭਿੰਨਤਾ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਵਿੱਚ ਸੂਚਨਾ ਤਕਨਾਲੋਜੀ, ਨਿਰਮਾਣ ਅਤੇ ਸੈਰ-ਸਪਾਟਾ ਵਰਗੇ ਖੇਤਰਾਂ ਵਿੱਚ ਉਦਯੋਗਾਂ ਨੂੰ ਆਕਰਸ਼ਿਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਲਈ ਬੁਨਿਆਦੀ ਢਾਂਚੇ, ਸਿੱਖਿਆ ਅਤੇ ਹੁਨਰ ਵਿਕਾਸ ਵਿੱਚ ਨਿਵੇਸ਼ ਕਰਨਾ ਸ਼ਾਮਿਲ ਹੈ। ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਰਾਜ ਨੂੰ ਆਪਣੀ ਰਣਨੀਤਕ ਸਥਿਤੀ ਅਤੇ ਸੱਭਿਆਚਾਰਕ ਵਿਰਾਸਤ ਦਾ ਵੀ ਲਾਭ ਉਠਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਰਾਜ ਨੂੰ ਅਨੁਕੂਲ ਵਪਾਰਕ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਜੋ ਉੱਦਮਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਦਾ ਹੈ। ਅੰਤ ਵਿੱਚ, ਕੇਂਦਰ ਸਰਕਾਰ ਤੋਂ ਸਹਾਇਤਾ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਇਸ ਵਿੱਚ ਕੇਂਦਰ ਸਰਕਾਰ ਦੇ ਟੈਕਸ ਮਾਲੀਏ ਦੇ ਨਿਰਪੱਖ ਹਿੱਸੇ ਦੀ ਵਕਾਲਤ ਕਰਨਾ ਅਤੇ ਕਰਜ਼ੇ ਦੇ ਪੁਨਰਗਠਨ ਜਾਂ ਰਾਹਤ ਲਈ ਬਦਲਾਂ ਦੀ ਖੋਜ ਕਰਨਾ ਸ਼ਾਮਲ ਹੈ। ਰਾਜ ਨੂੰ ਨਵੇਂ ਆਰਥਿਕ ਮੌਕਿਆਂ ਨੂੰ ਖੋਲ੍ਹਣ ਲਈ ਗੁਆਂਢੀ ਦੇਸ਼ਾਂ ਨਾਲ ਆਪਣੇ ਵਪਾਰਕ ਸਬੰਧਾਂ ਨੂੰ ਵੀ ਮਜ਼ਬੂਤ ਕਰਨਾ ਚਾਹੀਦਾ ਹੈ।

(ਬਾਕੀ ਸਫ਼ਾ 31 'ਤੇ)

# ਕੀ ਭਾਰਤ-ਪਾਕਿ ਤਣਾਅ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਬੰਦ ਹੋਵੇਗਾ ?

## ਪਹਿਲਗਾਮ ਜਿਹਾਦੀ ਹਮਲੇ ਦਾ ਪਾਕਿ ਜਾਣ ਵਾਲੇ ਧਾਰਮਿਕ ਜਥਿਆਂ ’ਤੇ ਪਵੇਗਾ ਅਸਰ !

ਪਹਿਲਗਾਮ ਜਿਹਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਪ੍ਰਾਜੈਕਟ ਦਾ ਭਵਿੱਖ ਸਵਾਲਾਂ ਦੇ ਘੇਰੇ ਵਿੱਚ ਆ ਗਿਆ ਹੈ। ਹਾਲਾਂ ਕਿ, ਭਾਰਤ ਸਰਕਾਰ ਨੇ ਹਾਲੇ ਤੱਕ ਸਪੱਸ਼ਟ ਨਹੀਂ ਕੀਤਾ ਹੈ ਕਿ ਇਹ ਪ੍ਰਾਜੈਕਟ ਜਾਰੀ ਰਹੇਗਾ ਜਾਂ ਮੁਅੱਤਲ ਕੀਤਾ ਜਾਵੇਗਾ। ਪਹਿਲਗਾਮ ਵਿੱਚ ਹੋਏ ਜਿਹਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਹੈ ਜਿਸਦੇ ਚਲਦਿਆਂ ਪਾਕਿਸਤਾਨ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ ਅਤੇ ਨਾਲ ਹੀ ਅਟਾਰੀ ਪੋਸਟ ਵੀ ਬੰਦ ਕਰ ਦਿੱਤੀ ਗਈ ਹੈ। ਇੱਥੋਂ ਤੱਕ ਕਿ ਅੰਬੈਸਡਰਾਂ ਨੂੰ ਵੀ ਵਾਪਸ ਜਾਣ ਦੇ ਹੁਕਮ ਦੇ ਦਿੱਤੇ ਹਨ। ਇਹ ਸਭ ਦੇ ਚੱਲਦੇ ਕਰਤਾਰਪੁਰ ਕੋਰੀਡੋਰ ਜਿਸ ਰਸਤੇ ਤੋਂ ਸ਼ਰਧਾਲੂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਨਤਮਸਤਕ ਹੋਣ ਲਈ ਜਾ ਰਹੇ ਹਨ ਉਸ ’ਤੇ ਫਿਲਹਾਲ ਕੋਈ ਵੀ ਫੈਸਲਾ ਨਹੀਂ ਲਿਆ ਗਿਆ। ਸੰਗਤਾਂ ਆਮ ਦਿਨਾਂ ਵਾਂਗ ਹੀ ਪਾਕਿਸਤਾਨ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਲਈ ਜਾ ਰਹੀਆਂ ਹਨ। ਹਾਲਾਂ ਕਿ ਯਾਤਰੀਆਂ ਦੀ ਗਿਣਤੀ ਵਿੱਚ ਕੁਝ ਗਿਰਾਵਟ ਆਈ ਹੈ।

ਸੂਤਰ ਦੱਸਦੇ ਹਨ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਇਸ ਪ੍ਰਾਜੈਕਟ ਦੇ ਭਵਿੱਖ ਬਾਰੇ ਕੋਈ ਵੀ ਸਖ਼ਤ ਫੈਸਲਾ ਲੈਣ ਸਬੰਧੀ ਔਖੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗ਼ੌਰਤਲਬ ਹੈ ਕਿ ਪਾਰਟੀ ਪੰਜਾਬ ਵਿੱਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਉਤਸੁਕ ਹੈ, ਜਿੱਥੇ ਸਿੱਖ ਸਮਰਥਨ ਬਹੁਤ ਅਹਿਮੀਅਤ ਰੱਖਦਾ ਹੈ। ਇਸ ਕਦਮ ਨਾਲ ਭਾਰਤ ਸਰਕਾਰ ਵਿਰੁੱਧ ਵਿਸ਼ਵ ਪੱਧਰ ਉਪਰ ਸਿੱਖਾਂ ਵਿੱਚ ਰੋਸ ਪੈਦਾ ਹੋ ਸਕਦਾ ਹੈ।

ਸਿੱਖਾਂ ਅਤੇ ਸਿੱਖ ਧਰਮ ਲਈ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਮਹੱਤਤਾ ਨੂੰ ਦੇਖਦੇ ਹੋਏ, ਇਸਦੀ ਸਥਿਤੀ ਨੂੰ ਬਦਲਣ ਨਾਲ ਸਿੱਖ ਭਾਈਚਾਰੇ ਨਾਲ ਪਾਰਟੀ ਦੇ ਰਿਸ਼ਤੇ ਪ੍ਰਭਾਵਿਤ ਹੋ ਸਕਦੇ ਹਨ।



ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਆਸਥਾ ਦਾ ਸਥਾਨ ਹੈ, ਲੋਕ ਸ਼ਰਧਾ ਭਾਵਨਾ ਨਾਲ ਇੱਥੇ ਆਉਂਦੇ ਹਨ। ਉਨ੍ਹਾਂ ਕਿਹਾ ਹਾਲਾਤ ਕੁਝ ਵੀ ਬਣਨ ਪਰ ਕਰਤਾਰਪੁਰ ਕੋਰੀਡੋਰ ਬੰਦ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਆਸਥਾ ਦਾ ਕੇਂਦਰ ਦੇ ਨਾਲ ਨਾਲ ਵਿਸ਼ਵ ਸ਼ਾਂਤੀ ਦਾ ਕੇਂਦਰ ਹੈ ਅਤੇ ਇਹ ਦੋਵੇਂ ਦੇਸ਼ਾਂ ਵਿਚਕਾਰ ਵਿਸ਼ਵਾਸ-ਨਿਰਮਾਣ ਦਾ ਇੱਕ ਸਾਧਨ ਹੋ ਸਕਦਾ ਹੈ। ਇਹ ਜੰਗੀ ਮਾਹੌਲ ਵਿੱਚ ਸ਼ਾਂਤੀ ਦਾ ਸੁਨੇਹਾ ਦਿੰਦਾ ਹੈ।

**ਪਾਕਿ ’ਚ ਗੁਰੂਧਾਮਾਂ ਦੀ ਯਾਤਰਾ ਤੋਂ ਹੋ ਸਕਦੈ ਨੇ ਭਾਰਤੀ ਸਿੱਖ ਵਾਂਝੇ**

ਪਹਿਲਗਾਮ ਵਿਖੇ ਹੋਏ ਜਿਹਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਜਾਣ ਵਾਲੇ ਧਾਰਮਿਕ ਜਥਿਆਂ ’ਤੇ ਇਸ ਦਾ ਅਸਰ ਪੈ ਸਕਦਾ ਹੈ ,ਕਿਉਂਕਿ ਅਟਾਰੀ ਚੈੱਕ ਪੋਸਟ ਤੁਰੰਤ ਬੰਦ ਕਰਨ ਦਾ ਫੈਸਲੇ ਲਿਆ ਗਿਆ ਹੈ। ਧਾਰਮਿਕ ਯਾਤਰੀਆਂ ’ਤੇ ਵੀ ਪਾਕਿਸਤਾਨ ’ਤੇ ਜਾਣ ’ਤੇ ਰੋਕ ਲੱਗਦੀ ਹੈ ਤਾਂ ਸਿੱਖ ਜਥਿਆਂ ਦੇ ਨਾਲ ਹਿੰਦੂ ਜਥੇ ਵੀ ਪਾਕਿਸਤਾਨ ਵਿਖੇ ਗੁਰੂਧਾਮਾਂ ਦੀ ਯਾਤਰਾ ਤੋਂ ਵਾਂਝੇ ਹੋ ਜਾਣਗੇ। ਭਾਰਤ ਵੱਲੋਂ ਪਾਕਿਸਤਾਨੀ ਦੂਤਾਵਾਸ ਦੇ ਮੈਂਬਰਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਸਮੇਤ ਪੰਜਾਬ ਅਤੇ ਹੋਰਨਾਂ ਸੂਬਿਆਂ ਤੋਂ ਪਾਕਿਸਤਾਨ ਵਿੱਚ ਸਾਲ ਵਿੱਚ ਚਾਰ ਵਾਰ ਸਿੱਖ ਤੇ ਇੱਕ ਹਿੰਦੂ ਯਾਤਰੀਆਂ ਦਾ ਜਥਾ ਜਾਂਦਾ ਹੈ। ਸਿੱਖ ਜਥਿਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ, ਵਿਸਾਖੀ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਸਾਲ ਵਿੱਚ ਚਾਰ ਵਾਰ 3000 ਤੋਂ ਲੈ ਕੇ 7 ਹਜ਼ਾਰ ਯਾਤਰੀ 10 ਦਿਨਾਂ ਦੇ ਵੀਜ਼ੇ ’ਤੇ ਪਾਕਿਸਤਾਨ ਵਿਖੇ ਗੁਰੂ ਘਰਾਂ ਦੇ ਦਰਸ਼ਨਾਂ ਲਾਈ ਜਾਂਦੇ ਸਨ। ਆਉਣ ਵਾਲੇ ਸਮੇਂ ਵਿੱਚ ਜੂਨ ਦੇ ਮਹੀਨੇ 2 ਸਿੱਖ ਜਥੇ ਪਾਕਿਸਤਾਨ ਵਿਖੇ 16 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਅਤੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਜਾਣਾ ਸੀ ਪਰ ਬਣੇ ਮੌਜੂਦਾ ਹਾਲਾਤ ਵਿੱਚ ਇਹ ਜਥੇ ਜਾਣ ਦੇ ਹਾਲਾਤ ਬਣਦੇ ਦਿਖਾਈ ਨਹੀਂ ਦੇ ਰਹੇ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਜਾਣ ਵਾਲੇ ਜਥੇ ਵਿੱਚ ਸਿੱਖ ਸ਼ਰਧਾਲੂਆਂ ਨੇ ਆਪਣੇ ਪਾਸਪੋਰਟ ਵੀ ਜਥੇ ਦੇ ਆਗੂਆਂ ਨੂੰ ਜਮਾਂ ਕਰਵਾਏ ਹਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਵਿਖੇ ਵੰਡ ਸਮੇਂ ਵਿਛੜੇ ਗੁਰੂਧਾਮਾਂ ਦੇ ਦਰਸ਼ਨਾਂ ਲਈ ਹਰ ਸਿੱਖ ਦਾ ਮਨ ਲੋਚਦਾ ਹੈ। ਹੁਣ ਵੀ 324 ਸ਼ਰਧਾਲੂਆਂ ਦੇ ਪਾਸਪੋਰਟ ਯਾਤਰਾ ਵਿਭਾਗ ਵਿਖੇ ਆਏ ਹਨ, ਜਿਨਾਂ ਦੇ ਵੀਜਿਆਂ ਲਈ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ, ਸਰਕਾਰਾਂ ਨੂੰ ਲਿਸਟਾਂ ਭੇਜੀਆਂ ਜਾ ਚੁੱਕੀਆਂ ਹਨ।

ਜੇਕਰ ਜਥੇ ਪਾਕਿਸਤਾਨ ਜਾਣ ਤੋਂ ਰੋਕ ਦਿੱਤੇ ਜਾਣਗੇ ਤਾਂ ਇਸ ਨਾਲ ਸਿੱਖ ਆਪਣੇ ਵਿਛੜੇ ਗੁਰੂਧਾਮਾਂ ਦੇ ਦਰਸ਼ਨ ਕਿਵੇਂ ਕਰ ਸਕਣਗੇ ? ਉਨ੍ਹਾਂ ਭਾਰਤ ਸਰਕਾਰ ਨੂੰ ਕਿਹਾ ਕਿ ਯਾਤਰੂਆਂ ਦਾ ਇਹ ਹੱਕ ਖਤਮ ਨਹੀਂ ਕਰਨਾ ਚਾਹੀਦਾ, ਇਸ ਦਾ ਧਿਆਨ ਰੱਖਿਆ ਜਾਵੇ। ਪਰ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਇਸ ਵਾਰ ਜਥਿਆਂ ਦੇ ਪਾਕਿਸਤਾਨ ਜਾਣ ਦੀ ਕੋਈ ਸੰਭਾਵਨਾ ਨਹੀਂ।

## ਪਾਕਿ ਗੁਰਧਾਮਾਂ ਦੀ ਕਾਰ ਸੇਵਾ ਅੱਧ ਵਿਚਾਲੇ ਛੱਡ ਕੇ ਗੁਰੂ ਕੇ ਬਾਗ ਵਾਲੇ ਸੰਤ ਭਾਰਤ ਪਰਤੇ

### ਪਾਕਿਸਤਾਨ ਗੁਰਧਾਮਾਂ ਦੀ ਕਾਰ ਸੇਵਾ ਵੀ ਨਹੀਂ ਹੋ ਸਕੇਗੀ



ਪਾਕਿਸਤਾਨ ਸਥਿਤ ਵੱਖ-ਵੱਖ ਗੁਰਧਾਮ ਜਿਨ੍ਹਾਂ ਦੀ ਹਾਲਤ ਬਹੁਤ ਖਸਤਾ ਹੋ ਗਈ ਸੀ ਉਨ੍ਹਾਂ ਗੁਰਧਾਮਾਂ ਦੀ ਸੇਵਾ ਸੰਭਾਲ ਕਾਰ ਸੇਵਾ ਕਰਨ ਲਈ ਪਿਛਲੇ ਕਈ ਦਹਾਕਿਆਂ ਤੋਂ ਕਾਰ ਸੇਵਾ ਗੁਰੂ ਕੇ ਬਾਗ ਵਾਲੇ ਸੰਤ ਮਹਾਂਪੁਰਸ਼ ਭਾਰਤ ਤੋਂ ਸਮੇਂ ਸਮੇਂ ਜਾ ਕੇ ਸੇਵਾ ਕਰਵਾ ਰਹੇ ਸਨ ਤੇ ਚੱਲ ਰਹੀ ਕਾਰ ਸੇਵਾ ਨੂੰ ਅੱਧ ਵਿਚਾਲੇ ਛੱਡ ਕੇ ਬਾਬਾ ਸਤਨਾਮ ਸਿੰਘ ਕਾਰ ਸੇਵਾ ਗੁਰੂ ਕੇ ਬਾਗ ਵਾਲਿਆਂ ਦੇ ਬਾਬਾ ਮਹਿਲ ਸਿੰਘ ਕਾਰ ਸੇਵਾ ਗੁਰੂ ਕੇ ਬਾਗ ਵਾਲੇ ਪਾਕਿਸਤਾਨ ਤੋਂ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਪਰਤ ਆਏ ਹਨ।

ਪਹਿਲਗਾਮ ਵਿਖੇ ਭਾਰਤੀ ਸੈਲਾਨੀਆਂ ’ਤੇ ਹੋਏ ਹਮਲੇ ਤੋਂ ਬਾਅਦ ਭਾਰਤ ਨੇ ਪਹਿਲਕਦਮੀ ਕਰਦਿਆਂ ਪਾਕਿਸਤਾਨ ਨਾਲ ਆਪਣੇ ਸਾਰੇ ਨਾਤੇ ਤੋੜ ਲਏ ਹਨ ਜਿਸ ਦੇ ਮੱਦੇਨਜ਼ਰ 48 ਘੰਟਿਆਂ ਵਿੱਚ ਵਿੱਚ ਭਾਰਤ-ਪਾਕਿਸਤਾਨ ਦੇ ਸੈਲਾਨੀਆਂ ਨੂੰ ਆਪੋ ਆਪਣੇ ਦੇਸ਼ ਵਾਪਸ ਪਰਤਣ ਲਈ ਸਰਕਾਰਾਂ ਵੱਲੋਂ ਆਦੇਸ਼ ਜਾਰੀ ਕੀਤੇ ਗਏ ਹਨ ਜਿਸ ਦੇ ਮੱਦੇਨਜ਼ਰ ਬਾਬਾ ਮਹਿਲ ਸਿੰਘ ਕਾਰ ਸੇਵਾ ਗੁਰੂ ਕੇ ਬਾਗ ਵਾਲੇ ਵੀ ਆਪਣੀਆਂ ਸੇਵਾਵਾਂ ਪਾਕਿਸਤਾਨ ਗੁਰਧਾਮਾਂ ਵਿੱਚ ਅੱਧ ਵਿਚਾਲੇ ਛੱਡਦੇ ਹੋਏ ਆਪਣੇ ਸਾਥੀਆਂ ਸਮੇਤ ਭਾਰਤ ਆਏ ਹਨ। ਬਾਬਾ ਮਹਿਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਇੱਕ ਸਾਲ ਦਾ ਤਿੰਨ ਮਹੀਨੇ ਰਹਿਣ ਵਾਲਾ ਵੀਜ਼ਾ ਪਾਕਿਸਤਾਨ ਹਾਈ ਕਮਿਸ਼ਨ ਦਿੱਲੀ ਵੱਲੋਂ ਦਿੱਤਾ ਗਿਆ ਸੀ ਤੇ ਉਹ 23 ਮਾਰਚ ਨੂੰ ਭਾਰਤ ਤੋਂ ਪਾਕਿਸਤਾਨ ਕਾਰ ਸੇਵਾ ਕਰਵਾਉਣ ਲਈ ਗਏ ਸਨ। ਉਨ੍ਹਾਂ ਦੱਸਿਆ ਕਿ ਇਸ ਸਮੇਂ ਗੁਰਦੁਆਰਾ ਤੰਬੂ ਸਾਹਿਬ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀਆਂ ਲਾਹੌਰ ਅਤੇ ਗੁਰਦੁਆਰਾ ਬਾਲ ਲੀਲਾ ਜੀ ਨਨਕਾਣਾ ਸਾਹਿਬ ਵਿਖੇ ਕਾਰ ਸੇਵਾ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਲੰਮਾ ਸਮਾਂ ਭਾਰਤ-ਪਾਕਿਸਤਾਨ ਦੇਸ਼ਾਂ ਦਰਮਿਆਨ ਤਣਾਅ ਰਿਹਾ ਤਾਂ ਗੁਰਧਾਮਾਂ ਦੀ ਸੇਵਾ ਸੰਭਾਲ ਕਾਰ ਸੇਵਾ ਬਹੁਤ ਪਛੜ ਜਾਵੇਗੀ।

# ਸ਼ਾਹਪੁਰ ਕੰਢੀ ਬੈਰਾਜ ਦੇ ਲਾਗੂ ਹੋਣ ਦੇ ਫ਼ਾਇਦੇ



ਕੁੱਕੀ ਗਿੱਲ

ਇੱਕ ਰਿਪੋਰਟ ਦੇ ਅਨੁਸਾਰ, ਸ਼ਾਹਪੁਰ ਕੰਢੀ ਬੈਰਾਜ ਦੇ ਪੂਰਾ ਹੋਣ ਨਾਲ ਰਾਵੀ ਨਦੀ ਤੋਂ ਪਾਕਿਸਤਾਨ ਜਾਣ ਵਾਲੇ ਪਾਣੀ ਦੇ ਵਹਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕ ਦਿੱਤਾ ਗਿਆ ਹੈ। ਪੰਜਾਬ-ਜੰਮੂ ਅਤੇ ਕਸ਼ਮੀਰ ਸਰਹੱਦ ’ਤੇ ਸਥਿਤ, ਇਹ ਵਿਕਾਸ ਪਾਣੀ ਦੀ ਵੰਡ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦਾ ਸੰਕੇਤ ਦਿੰਦਾ ਹੈ, ਜਿਸ ਨਾਲ ਜੰਮੂ ਅਤੇ ਕਸ਼ਮੀਰ ਖੇਤਰ ਹੁਣ ਪਾਕਿਸਤਾਨ ਲਈ ਪਹਿਲਾਂ ਨਿਰਧਾਰਤ 1150 ਕਿਊਸਿਕ ਪਾਣੀ ਤੋਂ ਲਾਭ ਪ੍ਰਾਪਤ ਕਰਨ ਲਈ ਤਿਆਰ ਹੈ। ਮੋੜਿਆ ਗਿਆ ਪਾਣੀ ਸਿੰਚਾਈ ਦੇ ਉਦੇਸ਼ਾਂ ਲਈ ਕੰਮ ਕਰੇਗਾ, ਕਠੂਆ ਅਤੇ ਸਾਂਬਾ ਜ਼ਿਲ੍ਹਿਆਂ ਵਿੱਚ 32,000 ਹੈਕਟੇਅਰ ਤੋਂ ਵੱਧ ਜ਼ਮੀਨ ਨੂੰ ਵਰਦਾਨ ਪ੍ਰਦਾਨ ਕਰੇਗਾ। ਪਿਛਲੇ ਤਿੰਨ ਦਹਾਕਿਆਂ ਤੋਂ ਕਈ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ, ਸਿੰਚਾਈ ਅਤੇ ਪਣ-ਬਿਜਲੀ ਉਤਪਾਦਨ ਲਈ ਜ਼ਰੂਰੀ ਸ਼ਾਹਪੁਰ ਕੰਢੀ ਬੈਰਾਜ ਪ੍ਰੋਜੈਕਟ ਪੂਰਾ ਹੋਣ ਦੇ ਕੰਢੇ ’ਤੇ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ 1960 ਦੇ ਸਿੰਧ ਜਲ ਸੰਧੀ ਦੇ ਤਹਿਤ, ਭਾਰਤ ਕੋਲ ਰਾਵੀ, ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ’ਤੇ ਵਿਸ਼ੇਸ਼ ਅਧਿਕਾਰ ਹਨ, ਜਦੋਂ ਕਿ ਪਾਕਿਸਤਾਨ ਸਿੰਧ, ਜੇਹਲਮ ਅਤੇ ਚਨਾਬ ਦਰਿਆਵਾਂ ਨੂੰ ਕੰਟਰੋਲ ਕਰਦਾ ਹੈ। ਸ਼ਾਹਪੁਰ ਕੰਢੀ ਬੈਰਾਜ ਦੇ ਸਫ਼ਲ ਲਾਗੂ ਕਰਨ ਨਾਲ ਭਾਰਤ ਨੂੰ ਰਾਵੀ ਦਰਿਆ ਦੇ ਪਾਣੀਆਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਅਧਿਕਾਰ ਮਿਲਦਾ ਹੈ, ਜਿਸ ਨਾਲ ਪੁਰਾਣੇ ਲਖਨਪੁਰ ਬੰਨ੍ਹ ਤੋਂ ਪਹਿਲਾਂ ਨਿਰਧਾਰਤ ਸਰੋਤਾਂ ਨੂੰ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਵੱਲ ਭੇਜਿਆ ਜਾਂਦਾ ਹੈ।

ਸਾਬਕਾ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ 1995 ਵਿੱਚ ਸ਼ਾਹਪੁਰ ਕੰਢੀ ਬੈਰਾਜ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਸੀ। ਹਾਲਾਂਕਿ, ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਦੀਆਂ ਸਰਕਾਰਾਂ ਵਿਚਕਾਰ ਵਿਵਾਦਾਂ ਦੇ ਨਤੀਜੇ ਵਜੋਂ ਇਸ ਪ੍ਰੋਜੈਕਟ ਨੂੰ ਸਾਢੇ ਚਾਰ ਸਾਲਾਂ ਤੋਂ ਵੱਧ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ। 2024 ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ, ਭਾਰਤੀ ਕਿਸਾਨਾਂ ਲਈ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦੇ ਪਾਣੀ ਦੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਇਨ੍ਹਾਂ ਪਾਣੀਆਂ ’ਤੇ ਭਾਰਤ ਦੇ ਜਾਇਜ਼ ਦਾਅਵੇ ਅਤੇ ਪਾਕਿਸਤਾਨ ਵਿੱਚ ਇਨ੍ਹਾਂ ਦੀ ਬਰਬਾਦੀ ਨੂੰ ਰੋਕਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਬਾਅਦ ਵਿੱਚ ਇੱਕ ਟਾਸਕ ਫ਼ੋਰਸ ਸਥਾਪਤ ਕੀਤੀ ਗਈ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਦਰਿਆਵਾਂ ਤੋਂ ਪਾਣੀ ਦੀ ਹਰ ਬੂੰਦ ਪੰਜਾਬ ਅਤੇ ਜੰਮੂ ਅਤੇ ਕਸ਼ਮੀਰ ਤੱਕ ਪਹੁੰਚੇ।



ਭਾਰਤ ਨੇ ਕਈ ਜਲ ਪ੍ਰਬੰਧਨ ਪ੍ਰੋਜੈਕਟ ਸ਼ੁਰੂ ਕੀਤੇ ਹਨ, ਜਿਨ੍ਹਾਂ ਵਿੱਚ ਸਤਲੁਜ ’ਤੇ ਭਾਖੜਾ ਡੈਮ, ਬਿਆਸ ’ਤੇ ਪੋਂਗ ਅਤੇ ਪੰਡੋਹ ਡੈਮ, ਅਤੇ ਰਾਵੀ ’ਤੇ ਥੀਨ (ਰਣਜੀਤਸਾਗਰ) ਵਰਗੀਆਂ ਸਟੋਰੇਜ ਸਹੂਲਤਾਂ ਦਾ ਨਿਰਮਾਣ ਸ਼ਾਮਲ ਹੈ। ਇਨ੍ਹਾਂ

ਪਹਿਲਕਦਮੀਆਂ, ਬਿਆਸ-ਸਤਲੁਜ ਲਿੰਕ ਅਤੇ ਇੰਦਰਾ ਗਾਂਧੀ ਨਾਹਰ ਪ੍ਰੋਜੈਕਟ ਵਰਗੇ ਪ੍ਰੋਜੈਕਟਾਂ ਦੇ ਨਾਲ, ਭਾਰਤ ਨੂੰ ਪੂਰਬੀ ਨਦੀਆਂ ਤੋਂ ਆਪਣੇ ਲਗਭਗ ਪੂਰੇ ਹਿੱਸੇ (95%) ਪਾਣੀ ਦੀ ਵਰਤੋਂ ਕਰਨ ਦੇ ਯੋਗ ਬਣਾਇਆ ਹੈ। ਫ਼ਿਰ ਵੀ, ਰਾਵੀ

ਨਦੀ ਤੋਂ ਲਗਭਗ 2 ਮਿਲੀਅਨ ਏਕੜ ਫ਼ੁੱਟ ਪਾਣੀ ਮਾਧੋਪੁਰ ਤੋਂ ਹੇਠਾਂ ਪਾਕਿਸਤਾਨ ਵੱਲ ਬਿਨਾਂ ਵਰਤੋਂ ਦੇ ਵਗਦਾ ਰਿਹਾ।

ਸ਼ਾਹਪੁਰ ਕੰਢੀ ਬੈਰਾਜ ਦੇ ਪੂਰਾ ਹੋਣ ਦੇ ਨਾਲ, ਭਾਰਤ ਇਨ੍ਹਾਂ ਜਲ ਸਰੋਤਾਂ ਦੀ ਵਰਤੋਂ ਕਰਨ ਲਈ ਤਿਆਰ ਹੈ, ਜਿਸ ਨਾਲ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਵਿੱਚ ਖੇਤੀਬਾੜੀ ਅਤੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਵਿਸ਼ਵ ਬੈਂਕ ਦੀ ਨਿਗਰਾਨੀ ਹੇਠ 1960 ਵਿੱਚ ਹਸਤਾਖਰ ਕੀਤਾ ਗਿਆ ਸਿੰਧੂ ਜਲ ਸੰਧੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੰਧੂ ਨਦੀ ਪ੍ਰਣਾਲੀ ਦੀ ਵਰਤੋਂ ਅਤੇ ਵੰਡ ਨੂੰ ਨਿਯਮਤ ਕਰਨ ਵਾਲਾ ਇੱਕ ਮਹੱਤਵਪੂਰਨ ਸਮਝੌਤਾ ਹੈ। ਜਦੋਂ ਕਿ ਭਾਰਤ ਪੂਰਬੀ ਦਰਿਆਵਾਂ – ਰਾਵੀ, ਸਤਲੁਜ ਅਤੇ ਬਿਆਸ ਦੇ ਪਾਣੀਆਂ ’ਤੇ ਪੂਰਾ ਕੰਟਰੋਲ ਰੱਖਦਾ ਹੈ, ਪਾਕਿਸਤਾਨ ਪੱਛਮੀ ਦਰਿਆਵਾਂ – ਸਿੰਧ, ਜੇਹਲਮ ਅਤੇ ਚਨਾਬ ਦੀ ਬੇਰੋਕ ਵਰਤੋਂ ਦਾ ਆਨੰਦ ਮਾਣਦਾ ਹੈ। ਸੰਧੀ ਦੇ ਉਪਬੰਧ ਭਾਰਤ ਨੂੰ ਪੱਛਮੀ ਦਰਿਆਵਾਂ ’ਤੇ ਭੰਡਾਰਨ ਸਹੂਲਤਾਂ ਸਥਾਪਤ ਕਰਨ ਦੇ ਯੋਗ ਬਣਾਉਂਦੇਹਨ, ਜਿਸ ਨਾਲ ਉਸ ਦੀਆਂ ਪਾਣੀ ਪ੍ਰਬੰਧਨ ਸਮਰੱਥਾਵਾਂ ਹੋਰ ਵਧਦੀਆਂ ਹਨ।



# ਜਿੰਦ ਮਾਹੀ ਚੱਲ ਚੱਲੀਏ ਕੈਲਗਰੀ...

# ਕੁਦਰਤ ਅਤੇ ਆਧੁਨਿਕਤਾ ਦੀ ਅਨੋਖੀ ਕਲਾਕ੍ਰਿਤੀ ਹੈ ਕੈਲਗਰੀ




ਜਗਮੋਹਨ ਸਿਘ 'ਲੱਕੀ'
9463819174





ਕੈਲਗਰੀ ਅਲਬਰਟਾ ਪ੍ਰਾਂਤ ਦੀ ਰਾਜਧਾਨੀ ਐਡਮਿੰਟਨ ਤੋਂ ਬਾਅਦ ਦੂਜਾ ਵੱਡਾ ਤੇ ਸੋਹਣਾ ਸ਼ਹਿਰ ਹੈ, ਜੋ ਕਿ ਹਰ ਇੱਕ ਦਾ ਮਨ ਮੋਹ ਲੈਂਦਾ ਹੈ। ਇਹ ਸ਼ਹਿਰ ਐਲਬਰਟਾ ਸੂਬੇ ਦੇ ਦੱਖਣ ਵਿੱਚ ਪਹਾੜਾਂ ਦੀਆਂ ਜੜ੍ਹਾਂ ਅਤੇ ਘਾਹ ਮੈਦਾਨਾਂ ਦੇ ਵਿੱਚ ਸਥਿਤ ਹੈ। ਕੈਨੇਡਾ ਦਾ ਪ੍ਰਸਿੱਧ 'ਬੋ' ਦਰਿਆ ਇਸ ਸ਼ਹਿਰ ਨਾਲ ਖਹਿ ਕੇ ਲੰਘਦਾ ਹੈ।

ਕੈਲਗਰੀ ਸ਼ਹਿਰ ਚਾਰ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਜਿਨ੍ਹਾਂ ਨੂੰ ਨਾਰਥ ਈਸਟ, ਨਾਰਥ ਵੈਸਟ, ਸਾਊਥ ਵੈਸਟ, ਸਾਊਥ ਵੈਸਟ ਕੈਲਗਰੀ ਕਿਹਾ ਜਾਂਦਾ ਹੈ। ਅਸਲ ਵਿੱਚ ਇਸ ਸ਼ਹਿਰ ਨੂੰ ਕੈਲਗਰੀ ਟਾਊਨ, ਡਾਊਨ ਟਾਊਨ, ਬੋਅ ਰਿਵਰ ਅਤੇ ਸਪੈਕਪੀਡ ਵਿੱਚ ਵੰਡਿਆ ਗਿਆ ਹੈ। ਕੈਲਗਰੀ ਦੇ ਵਾਇਟ ਹਾਰਨ, ਡਿਸਕਵਰੀ ਰਿੱਜ, ਬੋਵਨਜ਼, ਸਨੀਸਾਈਡ, ਡਾਊਨ ਟਾਊਨ, ਈਸਟ ਵਿਲੇਜ਼, ਬੌਨੀਬਰੁਕ, ਮਿਸ਼ਨ, ਐਲ ਬੋਅ ਪਾਰਕ,ਐਲਬੋਆ, ਰੌਕਸ ਬਰੋ, ਐਂਗਲਬੁਡ,ਬੈਸਟਮਾਊਟ ਅਤੇ ਮੋਨਟਗੋਮਰੀ ਦੇ ਇਲਾਕੇ ਕਾਫ਼ੀ ਪ੍ਰਸਿੱਧ ਹਨ ਪਰ ਇਹ ਸਾਰੇ ਹੀ ਇਲਾਕੇ ਕਈ ਵਾਰ ਹੜ੍ਹਾਂ ਦੀ ਮਾਰ ਹੇਠ ਵੀ ਆ ਜਾਂਦੇ ਹਨ।

ਕੈਲਗਰੀ ਮੀਨਾਰ ਵਰਗੀਆਂ ਉੱਚੀਆਂ ਇਮਾਰਤਾਂ ਵਾਲਾ ਸ਼ਹਿਰ ਹੈ, ਕੈਲਗਰੀ ਦਾ ਕੈਲਗਰੀ ਟਾਵਰ ਬਹੁਤ ਮਸ਼ਹੂਰ ਹੈ ਅਤੇ ਮੀਨਾਰ ਵਰਗੀ ਹੀ ਬਿਲਡਿੰਗ 'ਦੀ ਬੋ' ਬਹੁਤ ਦਿਲਕਸ਼ ਹੈ। ਇਹ ਬਿਲਡਿੰਗ 58 ਮੰਜ਼ਿਲਾਂ ਦੀ ਹੈ ਅਤੇ ਇਹ ਇਮਾਰਤ ਸਾਲ 2012 ਵਿੱਚ ਬਣ ਕੇ ਤਿਆਰ ਹੋਈ ਸੀ। ਕੈਲਗਰੀ ਟਾਵਰ 1968 ਵਿੱਚ ਬਣ ਕੇ ਤਿਆਰ ਹੋਇਆ ਸੀ, ਉਸ ਸਮੇਂ ਇਸ ਟਾਵਰ ਉੱਪਰ ਲੱਖਾਂ ਰੁਪਏ ਖਰਚਾ ਹੋਇਆ ਸੀ। ਇਸੇ ਤਰਾਂ ਮੀਨਾਰ ਵਰਗੀ ਹੀ ਉੱਚੀ ਬਿਲਡਿੰਗ ਸਨਕੂਰ ਏਨਰਜੀ ਸੈਂਟਰ ਵੈਸਟ ਵੀ ਦੇਖਣਯੋਗ ਹੈ। ਇਸੇ ਤਰ੍ਹਾਂ ਹੀ ਬੈਂਕਰਜ਼ ਹਾਲ ਵੈਸਟ, ਬੈਂਕਰਜ਼ ਹਾਲ ਈਸਟ, ਸੈਂਟਰਾਰਾ ਟਾਵਰ, ਏਥ ਐਵੀਨਿਊ ਪੈਲਿਸ- ॥, ਟਰਾਂਸਕੈਨੇਡਾ ਟਾਵਰ, ਫਸਟ ਕੈਨੇਡੀਅਨ ਸੈਂਟਰ, ਵੈਸਟਰਨ ਕੈਨੇਡੀਅਨ ਪੈਲੇਸ ਵੀ ਦੇਖਣਯੋਗ ਬਿਲਡਿੰਗਾਂ ਹਨ, ਜੋ ਕਿ ਖ਼ੂਬਸੂਰਤ ਹੋਣ ਦੇ ਨਾਲ ਹੀ ਬਹੁਤ ਉੱਚੀਆਂ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪਾਰਕ, ਬਿਲਡਿੰਗਾਂ, ਟਾਵਰ, ਝੀਲਾਂ ਆਦਿ ਦੇਖਣਯੋਗ ਹਨ।

ਕੈਲਗਰੀ ਵਿੱਚ ਸਰਦੀਆਂ ਦੇ ਮੌਸਮ ਦੌਰਾਨ ਭਾਰੀ ਬਰਫ਼ਵਾਰੀ ਹੁੰਦੀ ਹੈ, ਜੋ ਕਿ ਮਨੁੱਖੀ ਜੀਵਨ ਨੂੰ ਅਸਤ ਵਿਅਸਤ ਕਰ ਦਿੰਦੀ ਹੈ। ਹਰ ਪਾਸੇ ਹੀ ਰੂੰ ਵਰਗੀ ਚਿੱਟੀ ਬਰਫ਼ ਦੀ ਚਾਦਰ ਵਿਛੀ ਦਿਖਾਈ ਦਿੰਦੀ ਹੈ, ਇਥੋਂ ਤੱਕ ਕਿ ਰੁੱਖ ਵੀ ਬਰਫ਼ ਹੇਠਾਂ ਲੱਦੇ ਜਾਂਦੇ ਹਨ। ਫਿਰ ਗਰਮੀਆਂ ਵਿੱਚ ਮੌਸਮ ਕੁੱਝ ਠੀਕ ਹੁੰਦਾ ਹੈ। ਬਸੰਤ ਰੁੱਤ ਵਿੱਚ ਬਹਾਰ ਕੈਲਗਰੀ ਦੇ ਹਰ ਫੁੱਲ, ਪੌਦੇ, ਰੁੱਖ ਉੱਪਰ ਖੇਡਦੀ ਹੈ ਅਤੇ ਸਿੱਲ੍ਹੀਆਂ ਸਿੱਲ੍ਹੀਆਂ ਹਵਾਵਾਂ ਨਾਲ ਸੁਗੰਧੀ ਛੱਡਦੀ ਪੌਣ ਵੱਖਰਾ ਹੀ ਨਜ਼ਾਰਾ ਪੇਸ਼ ਕਰਦੀ ਹੈ। ਕੈਲਗਰੀ ਵਿਖੇ ਸੂਰਜ ਚੜ੍ਹਨ ਅਤੇ ਅਸਤ ਹੋਣ ਦਾ ਵੇਲਾ ਦੇਖਣ ਵਾਲਾ ਹੁੰਦਾ ਹੈ,ਜੋ ਕਿ ਇੱਕ ਦਿਲਕਸ਼ ਨਜ਼ਾਰਾ ਹੁੰਦਾ ਹੈ। ਪੰਜਾਬ ਵਾਂਗ ਹੀ ਕੈਲਗਰੀ ਵਿੱਚ ਵੀ ਮੀਂਹ ਨਾਲ ਗੜੇ ਪੈਂਦੇ ਹਨ।

ਕੈਲਗਰੀ ਤੋਂ ਐਡਮਿੰਟਨ ਤੱਕ ਲੋਕ ਆਮ ਹੀ ਕਾਰਾਂ ਉੱਪਰ ਜਾਂਦੇ ਹਨ। ਕੈਲਗਰੀ ਤੋਂ ਲੈ ਕੇ ਐਡਮਿੰਟਨ ਤੱਕ ਦਾ ਰਸਤਾ ਆਲ਼ੇ ਦੁਆਲ਼ੇ ਪੱਧਰੇ ਖੇਤਾਂ ਨਾਲ ਭਰਿਆ ਪਿਆ ਹੈ। ਖੇਤਾਂ



ਵਿੱਚ ਕੁਦਰਤ ਨੱਚਦੀ ਹੈ ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿਖਾਈ ਦਿੰਦੀ ਹੈ। ਨੀਲੇ ਅਸਮਾਨੀ ਆਕਾਸ਼ ਹੇਠਾਂ ਦੂਰ ਦਿਸਹੱਦਿਆਂ ਤੱਕ ਹਰਿਆਵਲ ਹੀ ਪਸਰੀ ਹੋਈ ਹੈ ਅਤੇ ਰੁੱਖ ਮਾੜੀ ਜਿਹੀ ਹਵਾ ਵਿੱਚ ਹੀ ਝੂਮਦੇ ਰਹਿੰਦੇ ਹਨ,ਜੋ ਕਿ ਮੌਜ ਮੇਲਾ ਕਰਦੇ ਲੱਗਦੇ ਹਨ। ਇਹਨਾਂ ਖੇਤਾਂ ਵਿੱਚ ਚੜ੍ਹਦੇ ਸੂਰਜ ਦੀ ਲਾਲੀ ਅਤੇ ਸੂਹੀ ਸਵੇਰ ਦੇ ਨਾਲ ਹੀ ਡੁੱਬਦੇ ਸੂਰਜ ਦੀ ਲਾਲੀ ਵੀ ਵੇਖਣ ਵਾਲੀ ਹੁੰਦੀ ਹੈ। ਸੂਰਜ ਜਿਥੇ ਚੜ੍ਹਨ ਤੋਂ ਪਹਿਲਾਂ ਅੰਮ੍ਰਿਤ ਵੇਲੇ ਹੀ ਲਾਲੀ ਵਿਖੇਰ ਕੇ ਆਪਣੇ ਆਉਣ ਦੀ ਸੂਚਨਾ ਦਿੰਦਾ ਹੈ ਉਥੇ ਹੀ ਡੁੱਬਦੇ ਸੂਰਜ ਦੇ ਸਮੇਂ ਵੀ ਲਾਲੀ ਨੀਲੇ ਅਸਮਾਨੀ ਆਕਾਸ਼ ਵਿੱਚ ਪਸਰ ਜਾਂਦੀ ਹੈ, ਜੋ ਕਿ ਬੜਾ ਦਿਲਕਸ਼ ਨਜ਼ਾਰਾ ਬਣ ਜਾਂਦਾ ਹੈ। ਅਜਿਹੇ ਸਮੇਂ ਖੇਤਾਂ ਵਿੱਚ ਬਹਾਰ ਪੈਲਾਂ ਪਾਉਂਦੀ ਲੱਗਦੀ ਹੈ। ਇਹ ਸਾਰੇ ਖੇਤ ਕਾਫ਼ੀ ਵਿਸ਼ਾਲ ਹਨ।



ਕੈਲਗਰੀ ਨੂੰ ਝੀਲਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ, ਇਕੱਲੇ ਕੈਲਗਰੀ ਸ਼ਹਿਰ ਵਿੱਚ ਹੀ 91 ਝੀਲਾਂ ਹਨ। ਇਹਨਾਂ ਝੀਲਾਂ ਦੇ ਆਕਾਰ ਵੱਖ- ਵੱਖ ਹਨ, ਕੁਝ ਝੀਲਾਂ ਤਾਂ ਕਾਫ਼ੀ ਲੰਬੀਆਂ ਚੌੜੀਆਂ ਹਨ,ਜਦੋਂ ਕਿ ਕੁਝ ਝੀਲਾਂ ਦਰਮਿਆਨੇ ਅਕਾਰ ਦੀਆਂ ਹਨ। ਕੈਲਗਰੀ ਵਿੱਚ ਮੈਪਲ ਦੇ ਬਹੁਤ ਸਾਰੇ ਰੁੱਖ ਹਨ। ਅਸਲ ਵਿੱਚ ਮੈਪਲ ਕੈਨੇਡਾ ਦਾ ਹੀ ਰਾਸ਼ਟਰੀ ਦਰਖ਼ਤ ਹੈ। ਕੈਨੇਡਾ ਦੇ ਲੋਕਾਂ ਦਾ ਪਿਆਰ ਮੈਪਲ ਨਾਲ ਇਥੋਂ ਤਕ ਹੈ ਕਿ ਮੈਪਲ ਰੁੱਖ ਦੇ ਪੱਤੇ ਨੂੰ ,ਜੋ ਕਿ ਤਿੰਨ ਨੋਕਾਂ ਵਾਲਾ ਹੁੰਦਾ ਹੈ, ਕੈਨੇਡਾ ਦੇ ਝੰਡੇ ਵਿੱਚ ਦਰਸਾਇਆ ਗਿਆ ਹੈ। ਕੈਲਗਰੀ ਦੇ ਡਾਊਨ ਟਾਊਨ ਇਲਾਕੇ ਵਿੱਚ ਲੱਖਾਂ ਰੁੱਖ ਲੱਗੇ ਹੋਏ ਹਨ, ਜੋ ਕਿ ਚਿੜੀਆਂ ਘਰ ਦੇ ਨੇੜੇ ਦਰਿਆ ਕਿਨਾਰੇ ਉੱਚੇ ਥਾਂ ਵੇਖਣ ਤੋਂ ਬਹੁਤ ਸੋਹਣੇ ਲੱਗਦੇ ਹਨ। ਕੈਲਗਰੀ ਦੇ ਨੇੜੇ ਹੀ ਵਸਿਆ ਹੋਇਆ ਹੈ ਸ਼ਹਿਰ ਥ੍ਰੀ ਹਿਲਜ਼। ਇਸ ਸ਼ਹਿਰ ਵਿੱਚ ਵੀ ਪੰਜਾਬੀ ਪਰਿਵਾਰ ਕਾਫ਼ੀ ਗਿਣਤੀ ਵਿੱਚ ਰਹਿੰਦੇ ਹਨ ਪਰ ਥ੍ਰੀ ਹਿਲਜ਼ ਵਿੱਚ ਭਾਰਤੀ ਦਾਲਾਂ ਤੇ ਸਬਜ਼ੀਆਂ ਤੇ ਪੰਜਾਬ ਵਿੱਚ ਵਰਤਿਆਂ ਜਾਂਦਾ ਹੋਰ ਸਮਾਨ ਨਹੀਂ ਮਿਲਦਾ, ਇਸ ਲਈ ਥ੍ਰੀ ਹਿਲਜ਼ ਦੇ ਪੰਜਾਬੀ ਪਰਿਵਾਰ ਕੈਲਗਰੀ ਜਾਂ ਐਡਮਿੰਟਨ ਜਾ ਕੇ ਵੱਡੇ ਸਟੋਰਾਂ ਤੇ ਸ਼ੋ-ਰੂਮਾਂ ਵਿੱਚ ਆਪਣੀ ਲੋੜ ਅਨੁਸਾਰ ਵਰਤੋਂ ਦਾ ਸਮਾਨ ਲੈ ਆਉਂਦੇ ਹਨ। ਥ੍ਰੀ ਹਿਲਜ਼ ਸ਼ਹਿਰ ਅਸਲ ਵਿੱਚ ਤਿੰਨ ਪਹਾੜੀਆਂ ਕਰਕੇ ਕਾਫ਼ੀ ਮਸ਼ਹੂਰ ਹੈ। ਕੈਲਗਰੀ ਤੋਂ ਇੱਕ ਘੰਟਾ ਕਾਰ ਦੇ ਸਫ਼ਰ ਰਾਹੀਂ ਥ੍ਰੀ ਹਿਲਜ਼ ਵਿੱਚ ਜਾਇਆ ਅਤੇ ਆਇਆ ਜਾ ਸਕਦਾ ਹੈ। ਥ੍ਰੀ ਹਿਲਜ਼ ਦੀ ਕੁਲ ਜਨਸੰਖਿਆ ਸਾਲ 2012 ਦੇ ਵਿੱਚ ਜਾਰੀ ਅੰਕੜਿਆਂ ਅਨੁਸਾਰ ਸਿਰਫ਼ 3,230 ਸੀ,ਜੋ ਕਿ ਹੁਣ ਕੁਝ ਫੀਸਦੀ ਵੱਧ ਗਈ ਹੈ। ਥ੍ਰੀ ਹਿਲਜ਼ ਵੀ ਬਹੁਤ ਹੀ ਰਮਣੀਕ ਸ਼ਹਿਰ ਹੈ ਅਤੇ ਸਫ਼ਰ ਸਪਾਟਾ ਕਰਨ ਲਈ ਢੁਕਵਾਂ ਸ਼ਹਿਰ ਹੈ। ਸ਼ਾਂਤ ਵਾਤਾਵਰਣ ਇਸ ਸ਼ਹਿਰ ਦੀ ਸੁੰਦਰਤਾ ਵਿੱਚ ਚਾਰ ਚੰਨ ਲਾਉਂਦਾ ਹੈ। ਤਾਜ਼ੀ ਰੁਮਕਦੀ ਹਵਾ ਕਈ ਵਾਰ ਛੇੜਖਾਨੀਆਂ ਵੀ ਕਰ ਜਾਂਦੀ ਹੈ। ਅਕਸਰ ਹੀ ਕੈਲਗਰੀ ਘੁੰਮਣ ਆਏ ਪਰਵਾਸੀ ਲੋਕ ਥ੍ਰੀ ਹਿਲਜ਼ ਵਿੱਚ ਵੀ ਜਰੂਰ ਜਾਂਦੇ ਹਨ ਅਤੇ ਕੈਲਗਰੀ ਦਾ ਸਾਰਾ ਇਲਾਕਾ ਹੀ ਪਰਵਾਸੀਆਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ।







# ਹੁਣ ਅਮਰੀਕਾ ਦੇ ਵਿਦਿਆਰਥੀ ਕੈਨੇਡਾ ਦੀਆਂ ਯੂਨੀਵਰਸਿਟੀਆਂ 'ਚ ਦਾਖ਼ਲੇ ਲੈਣ ਲੱਗੇ......

## ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਕੈਂਪਸ ਦੇ ਅਧਿਕਾਰੀਆਂ ਵੱਲੋਂ ਅਕਾਦਮਿਕ ਸਾਲ ਤੋਂ ਸ਼ੁਰੂ ਹੋਣ ਵਾਲੇ ਕੋਰਸਾਂ ਲਈ ਅਮਰੀਕੀ ਨਾਗਰਿਕਾਂ ਤੋਂ ਗ੍ਰੈਜੂਏਟ ਅਰਜ਼ੀਆਂ 'ਚ 27% ਵਾਧਾ

ਵੈਨਕੂਵਰ /ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਕਾਰਨ ਵਿਦਿਆਰਥੀ ਵੱਡੇ ਪੱਧਰ 'ਤੇ ਪ੍ਰਭਾਵਿਤ ਹੋ ਰਹੇ ਹਨ। ਇਸ ਲਈ ਬਹੁਤ ਸਾਰੇ ਅਮਰੀਕੀ ਵਿਦਿਆਰਥੀ ਹੁਣ ਕੈਨੇਡੀਅਨ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਅਰਜ਼ੀ ਦੇ ਰਹੇ ਹਨ। ਅਜਿਹੇ ਵਿਦਿਆਰਥੀਆਂ ਦੀ ਗਿਣਤੀ ਵੀ ਵੱਧ ਰਹੀ ਹੈ ਜੋ ਹੁਣ ਅਮਰੀਕਾ ਦੀ ਬਜਾਏ ਕੈਨੇਡਾ ਵਿੱਚ ਪੜ੍ਹਾਈ ਕਰਨਾ ਚਾਹੁੰਦੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਯੂਨੀਵਰਸਿਟੀਆਂ ਨੂੰ ਸਰਕਾਰੀ ਫੰਡਿੰਗ ਰੋਕ ਦਿੱਤੀ ਹੈ ਜਦੋਂ ਕਿ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਦੇ ਵਿਦਿਆਰਥੀ ਵੀਜ਼ੇ ਰੱਦ ਕਰ ਦਿੱਤੇ ਹਨ। ਇਸ ਨਾਲ ਅਮਰੀਕਾ ਵਿੱਚ ਅਨਿਸ਼ਚਿਤਤਾ ਦਾ ਮਾਹੌਲ ਪੈਦਾ ਹੋ ਗਿਆ ਹੈ ਅਤੇ ਹੁਣ ਅਮਰੀਕੀ ਵਿਦਿਆਰਥੀ ਅਜਿਹੇ ਮਾਹੌਲ ਵਿੱਚ ਪੜ੍ਹਾਈ ਨਹੀਂ ਕਰਨਾ ਚਾਹੁੰਦੇ।



**ਅਰਜ਼ੀਆਂ ਵਿੱਚ 27% ਵਾਧਾ ਦਰਜ**

ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਕੈਂਪਸ ਦੇ ਅਧਿਕਾਰੀਆਂ ਨੇ 2025 ਅਕਾਦਮਿਕ ਸਾਲ ਤੋਂ ਸ਼ੁਰੂ ਹੋਣ ਵਾਲੇ ਕੋਰਸਾਂ ਲਈ ਅਮਰੀਕੀ ਨਾਗਰਿਕਾਂ ਤੋਂ ਗ੍ਰੈਜੂਏਟ ਅਰਜ਼ੀਆਂ ਵਿੱਚ 27% ਵਾਧਾ ਦਰਜ ਕੀਤਾ ਹੈ। ਇਹ ਅੰਕੜਾ 1 ਮਾਰਚ ਤੱਕ ਦਾ ਹੈ, ਜਦੋਂ ਕਿ ਇਸਦੀ ਤੁਲਨਾ 2024 ਦੇ ਪੂਰੇ ਸਾਲ ਨਾਲ ਕੀਤੀ ਜਾ ਰਹੀ ਹੈ। ਗ੍ਰੈਜੂਏਟ ਪ੍ਰੋਗਰਾਮਾਂ ਦੀ ਵਧਦੀ ਮੰਗ ਕਾਰਨ ਯੂ.ਬੀ.ਸੀ ਵੈਨਕੂਵਰ ਨੇ ਕੁਝ ਅਮਰੀਕੀ ਨਾਗਰਿਕਾਂ ਲਈ ਦਾਖਲੇ ਦੁਬਾਰਾ ਖੋਲ੍ਹ ਦਿੱਤੇ ਹਨ। ਉਨ੍ਹਾਂ ਲਈ ਫਾਸਟ-ਟਰੈਕ ਐਪਲੀਕੇਸ਼ਨ ਵੀ ਸ਼ੁਰੂ ਕੀਤੀ ਗਈ ਹੈ।

**ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਦੇ ਚਾਹਵਾਨ ਅਮਰੀਕੀ ਵਿਦਿਆਰਥੀ**

ਟੋਰਾਂਟੋ ਯੂਨੀਵਰਸਿਟੀ ਵਿਦਿਆਰਥੀਆਂ ਦੀ ਗਿਣਤੀ ਦੇ ਹਿਸਾਬ ਨਾਲ ਕੈਨੇਡਾ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੈ। ਇੱਥੇ ਵੀ ਜਨਵਰੀ ਦੀ ਆਖਰੀ ਮਿਤੀ ਤੱਕ 2025 ਦੇ ਕੋਰਸਾਂ ਲਈ ਅਮਰੀਕਾ ਨਾਲੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਵਾਟਰਲੂ ਯੂਨੀਵਰਸਿਟੀ ਦੇ ਬੁਲਾਰੇ ਨੇ ਕਿਹਾ ਕਿ ਕੈਂਪਸ ਵਿੱਚ ਸਤੰਬਰ ਤੋਂ ਅਮਰੀਕਾ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਅਤੇ ਵੈੱਬ ਟ੍ਰੈਫਿਕ ਵਿੱਚ ਵਾਧਾ ਹੋਇਆ ਹੈ। ਦੋਵਾਂ ਯੂਨੀਵਰਸਿਟੀਆਂ ਨੇ ਅਮਰੀਕੀ ਵਿਦਿਆਰਥੀਆਂ ਦੀ ਵਧਦੀ ਦਿਲਚਸਪੀ ਦਾ ਕਾਰਨ ਨਹੀਂ ਦੱਸਿਆ ਹੈ, ਪਰ ਯੂ.ਬੀ.ਸੀ ਨੇ ਇਸ ਲਈ ਟਰੰਪ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

**ਟਰੰਪ ਦੀਆਂ ਸਖ਼ਤ ਨੀਤੀਆਂ**

ਜ਼ਿਕਰਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਕਈ ਅਮਰੀਕੀ ਯੂਨੀਵਰਸਿਟੀਆਂ ਨੂੰ ਮਿਲਣ ਵਾਲੇ ਕਰੋੜਾਂ ਡਾਲਰ ਦੇ ਸਰਕਾਰੀ ਫੰਡਿੰਗ ਨੂੰ ਰੋਕ ਦਿੱਤਾ ਹੈ। ਯੂਨੀਵਰਸਿਟੀਆਂ 'ਤੇ ਆਪਣੀਆਂ ਨੀਤੀਆਂ ਬਦਲਣ ਲਈ ਦਬਾਅ ਪਾਇਆ ਗਿਆ ਹੈ। ਸਰਕਾਰ ਨੇ ਦੋਸ਼ ਲਗਾਇਆ ਹੈ ਕਿ ਸੰਸਥਾਵਾਂ ਕੈਂਪਸ ਵਿੱਚ ਯਹੂਦੀ ਵਿਰੋਧੀ ਭਾਵਨਾ ਨੂੰ ਰੋਕਣ ਵਿੱਚ ਅਸਫਲ ਰਹੀਆਂ ਹਨ। ਫਲਸਤੀਨ ਪੱਖੀ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ ਅਤੇ ਹੁਣ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੈਂਕੜੇ ਹੋਰ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਇਨ੍ਹਾਂ ਕਾਰਵਾਈਆਂ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਆਜ਼ਾਦੀ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਅਜਿਹੀ ਸਥਿਤੀ ਵਿੱਚ ਅਮਰੀਕੀ ਵਿਦਿਆਰਥੀ ਵੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਤੋਂ ਝਿਜਕ ਰਹੇ ਹਨ। ਉਨ੍ਹਾਂ ਨੂੰ ਡਰ ਹੈ ਕਿ ਪੜ੍ਹਾਈ ਤੋਂ ਇਲਾਵਾ ਹੋਰ ਚੀਜ਼ਾਂ ਵੀ ਕੈਂਪਸ ਵਿੱਚ ਹੋ ਰਹੀਆਂ ਹੋਣਗੀਆਂ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋਵੇਗੀ। ਫੰਡਿੰਗ ਬੰਦ ਹੋਣ ਕਾਰਨ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਾਪਤ ਕਰਨ ਵਿੱਚ ਵੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਦੇ ਨਾਲ ਹੀ ਕੈਨੇਡਾ ਨੇ ਲਗਾਤਾਰ ਦੂਜੇ ਸਾਲ ਦੇਸ਼ ਵਿੱਚ ਦਾਖਲ ਹੋਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰ ਦਿੱਤਾ ਹੈ, ਜਿਸਦਾ ਅਰਥ ਹੈ ਕਿ ਅਮਰੀਕਾ ਅਤੇ ਹੋਰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਘੱਟ ਥਾਵਾਂ ਹੋ ਸਕਦੀਆਂ ਹਨ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਨੇ ਕਿਹਾ ਕਿ ਉਹ ਉਮੀਦ ਕਰਦਾ ਹੈ ਕਿ ਸਿੱਖਿਆ ਸੰਸਥਾਵਾਂ ਸਿਰਫ਼ ਉਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਨੂੰ ਸਵੀਕਾਰ ਕਰਨਗੀਆਂ ਜਿਨ੍ਹਾਂ ਦਾ ਉਹ ਸਮਰਥਨ ਕਰ ਸਕਦੇ ਹਨ, ਜਿਸ ਵਿੱਚ ਰਿਹਾਇਸ਼ ਦੇ ਵਿਕਲਪ ਪ੍ਰਦਾਨ ਕਰਨਾ ਵੀ ਸ਼ਾਮਲ ਹੈ। ਮੰਤਰਾਲੇ ਨੇ ਕਿਹਾ ਕਿ ਸੂਬੇ ਅਤੇ ਪ੍ਰਦੇਸ਼ ਸੀਮਾ ਦੇ ਅਧੀਨ ਥਾਵਾਂ ਵੰਡਣ ਲਈ ਜ਼ਿੰਮੇਵਾਰ ਹਨ।

## ਅਮਰੀਕਾ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਵੱਡੀ ਗਿਣਤੀ 'ਚ ਰੱਦ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਹਾਲ ਹੀ ਵਿੱਚ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਲਗਭਗ 50 ਫ਼ੀਸਦੀ ਭਾਰਤ ਤੋਂ ਹਨ। ਇਹ ਜਾਣਕਾਰੀ ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਦੁਆਰਾ ਜਾਰੀ ਇੱਕ ਨਵੀਂ ਰਿਪੋਰਟ ਵਿੱਚ ਸਾਹਮਣੇ ਆਈ ਹੈ। ਏ.ਆਈ.ਐੱਲ.ਏ. ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੰਗਠਨ ਨੇ ਵਿਦਿਆਰਥੀਆਂ, ਵਕੀਲਾਂ ਅਤੇ ਯੂਨੀਵਰਸਿਟੀ ਅਧਿਕਾਰੀਆਂ ਤੋਂ 327 ਮਾਮਲਿਆਂ ਬਾਰੇ ਵਿਸਥਾਰਤ ਜਾਣਕਾਰੀ ਇਕੱਠੀ ਕੀਤੀ, ਜਿਨ੍ਹਾਂ ਵਿੱਚੋਂ ਲਗਭਗ ਅੱਧੇ ਭਾਰਤੀ ਵਿਦਿਆਰਥੀਆਂ ਦੇ ਸਨ, ਜਦੋਂਕਿ 14 ਫ਼ੀਸਦੀ ਵਿਦਿਆਰਥੀ ਚੀਨ ਤੋਂ ਸਨ। ਹੋਰ ਪ੍ਰਮੁੱਖ ਪ੍ਰਭਾਵਿਤ ਦੇਸ਼ਾਂ ਵਿੱਚ ਦੱਖਣੀ ਕੋਰੀਆ, ਨੇਪਾਲ ਅਤੇ ਬੰਗਲਾਦੇਸ਼ ਸ਼ਾਮਲ ਹਨ।

ਰਿਪੋਰਟ 'ਚ ਕੀ ਆਇਆ ਸਾਹਮਣੇ ?
50% ਵਿਦਿਆਰਥੀ ਭਾਰਤੀ ਹਨ।
14% ਵਿਦਿਆਰਥੀ ਚੀਨੀ ਹਨ।

ਜ਼ਿਆਦਾਤਰ ਵਿਦਿਆਰਥੀ ਓ.ਪੀ.ਟੀ. (ਆਪਟੀਨਲ ਪ੍ਰੈਕਟੀਕਲ ਟ੍ਰੇਨਿੰਗ) ਪ੍ਰੋਗਰਾਮ ਅਧੀਨ ਅਮਰੀਕਾ ਵਿੱਚ ਕੰਮ ਕਰ ਰਹੇ ਸਨ।

ਓ.ਪੀ.ਟੀ. ਇੱਕ ਅਜਿਹਾ ਪ੍ਰੋਗਰਾਮ ਹੈ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਤੋਂ ਬਾਅਦ 12 ਮਹੀਨਿਆਂ ਤੱਕ ਅਮਰੀਕਾ ਵਿੱਚ ਕੰਮ ਕਰਨ ਦੀ ਆਗਿਆ ਦਿੰਦਾ ਹੈ। ਐਸ.ਟੀ.ਈ.ਐਮ.(ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ) ਵਿੱਚ ਮੁਹਾਰਤ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ, ਇਸ ਮਿਆਦ ਨੂੰ 24 ਮਹੀਨਿਆਂ ਤੱਕ ਵਧਾਇਆ ਜਾ ਸਕਦਾ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਕਿਸਾਨੀ ਦਾ ਮੌਜੂਦਾ ਆਰਥਿਕ ਸੰਕਟ ਕਿਵੇਂ ਹਲ ਹੋਵੇ ?



ਡਾ. ਕੇਸਰ ਸਿੰਘ ਭੰਗੂ

ਅੱਜ ਵੀ ਪੰਜਾਬ ਦਾ ਕਿਸਾਨ ਭਾਰਤ ਦਾ ਅੰਨਦਾਤਾ ਹੈ, ਕਿਉਂਕਿ ਹੁਣ ਵੀ ਸੂਬਾ ਕੇਂਦਰੀ ਅੰਨ ਭੰਡਾਰ 'ਚ 40 ਪ੍ਰਤੀਸ਼ਤ ਤੋਂ ਜ਼ਿਆਦਾ ਕਣਕ ਦਾ ਅਤੇ 20 ਪ੍ਰਤੀਸ਼ਤ ਤੋਂ ਜ਼ਿਆਦਾ ਚੌਲਾਂ ਦਾ ਹਿੱਸਾ ਪਾ ਰਿਹਾ ਹੈ। ਪੰਜਾਬ ਦੀ ਖੇਤੀ ਇੱਕ ਖ਼ੁਸ਼ਹਾਲ ਖੇਤੀ ਸੀ, ਜਿਸ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੂਬਾ ਲੰਮੇ ਸਮੇਂ ਤੱਕ ਪ੍ਰਤੀ ਵਿਅਕਤੀ ਆਮਦਨ 'ਚ ਦੇਸ਼ 'ਚ ਮੋਹਰੀ ਰਿਹਾ ਹੈ, ਪਰ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਖੇਤੀ ਅਤੇ ਕਿਸਾਨ ਇੱਕ ਗਹਿਰੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਇਸ ਸੰਕਟ ਕਾਰਨ ਸੂਬੇ 'ਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਵਰਤਾਰਾ ਸਾਹਮਣੇ ਆਇਆ ਹੈ। ਇਸ ਵਰਤਾਰੇ ਨੇ ਪੰਜਾਬ ਦੀ ਖੇਤੀ ਖੁਸ਼ਹਾਲ ਹੋਣ ਦੇ ਬਾਵਜੂਦ, ਛੋਟੇ ਅਤੇ ਦਰਮਿਆਨੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਨੇ ਇੱਕ ਵਿਰੋਧਾਭਾਸ ਉਭਾਰ ਕੇ ਸਾਹਮਣੇ ਲਿਆਂਦਾ ਹੈ। ਇਸ ਵਰਤਾਰੇ ਨੇ ਖੇਤੀ ਮਾਹਿਰਾਂ ਅਤੇ ਹੋਰ ਬੁੱਧੀਜੀਵੀਆਂ ਨੂੰ ਵੀ ਹਲੂਣ ਕੇ ਰੱਖ ਦਿੱਤਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਮੌਜੂਦਾ ਕਿਸਾਨੀ ਦੇ ਆਰਥਿਕ ਸੰਕਟ ਲਈ ਜ਼ਿੰਮੇਵਾਰ ਕਾਰਨਾਂ ਅਤੇ ਧਿਰਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ।

ਸਭ ਤੋਂ ਪਹਿਲਾਂ ਜੇਕਰ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ ਸਾਹਮਣੇ ਆਏ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਵਰਤਾਰੇ ਦੀ ਗੱਲ ਕਰੀਏ ਤਾਂ ਕੁਝ ਧਿਰਾਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਇਹ ਖ਼ੁਦਕੁਸ਼ੀਆਂ ਦੇ ਕਾਰਨ ਘਰੇਲੂ ਜਾਂ ਸਮਾਜਿਕ ਝਗੜੇ ਜਾਂ ਇਸ ਕਿਸਮ ਦੀਆਂ ਹੋਰ ਸਮੱਸਿਆਵਾਂ ਹਨ, ਪਰ ਜਦੋਂ ਇਸ ਸੰਬੰਧੀ ਹੋਈਆਂ ਖੋਜਾਂ ਜਾਂ ਸਰਵੇਖਣਾਂ ਉੱਤੇ ਨਜ਼ਰ ਮਾਰਦੇ ਹਾਂ ਤਾਂ ਸਪੱਸ਼ਟ ਪਤਾ ਲੱਗਦਾ ਹੈ ਕਿ ਇਨ੍ਹਾਂ ਖ਼ੁਦਕੁਸ਼ੀਆਂ ਦਾ ਸਭ ਤੋਂ ਵੱਡਾ ਕਾਰਨ ਛੋਟੀ ਅਤੇ ਦਰਮਿਆਨੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਖੇਤੀ ਦੇ ਸੰਕਟ ਕਾਰਨ, ਗਹਿਰਾ ਹੋ ਰਿਹਾ ਆਰਥਿਕ ਸੰਕਟ ਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜਿਆਂ ਮੁਤਾਬਿਕ ਪਿਛਲੇ ਸਾਲਾਂ 'ਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ 'ਚ ਵਾਧਾ ਵੀ ਹੋਇਆ ਹੈ ਅਤੇ ਇਹ ਦਰ ਪੂਰੀ ਆਬਾਦੀ ਦੀਆਂ ਖ਼ੁਦਕੁਸ਼ੀਆਂ ਦੀ ਦਰ ਤੋਂ ਵੱਧ ਹੋ ਗਈ ਹੈ। ਕਿਸਾਨੀ ਦੇ ਇਸ ਆਰਥਿਕ ਸੰਕਟ ਲਈ ਮੁੱਖ ਤੌਰ 'ਤੇ ਸਰਕਾਰ ਅਤੇ ਸਰਕਾਰੀ ਅਦਾਰਿਆਂ/ਏਜੰਸੀਆਂ ਦੀਆਂ ਖੇਤੀ ਅਤੇ ਕਿਸਾਨਾਂ ਨਾਲ ਸੰਬੰਧਿਤ ਨੀਤੀਆਂ, ਪੰਜਾਬ ਪੇਂਡੂ ਸਮਾਜ ਦਾ ਸਮਾਜਿਕ ਤਾਣਾ-ਬਾਣਾ ਅਤੇ ਕਿਸਾਨਾਂ 'ਚ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜ ਜ਼ਿੰਮੇਵਾਰ ਹਨ। ਹਰੇ ਇਨਕਲਾਬ ਨਾਲ ਪੰਜਾਬ ਦੇ ਖੇਤੀ ਉਤਪਾਦਨ ਅਤੇ ਉਤਪਾਦਕਤਾ 'ਚ ਹੈਰਾਨੀਜਨਕ ਵਾਧੇ ਨਾਲ ਕਿਸਾਨਾਂ, ਖ਼ਾਸ ਕਰਕੇ ਵੱਡੀ ਅਤੇ ਧਨੀ ਕਿਸਾਨੀ ਦੀ ਆਮਦਨ 'ਚ ਭਾਰੀ ਵਾਧਾ ਹੋਇਆ ਹੈ। ਇਸ ਸਮੇਂ ਦੌਰਾਨ ਸਰਕਾਰ ਦਾ ਮੁੱਖ ਮੰਤਵ ਖੇਤੀ ਪੈਦਾਵਾਰ ਨੂੰ ਵਧਾ ਕੇ ਦੇਸ਼ 'ਚ ਅਨਾਜ ਦੇ ਸੰਕਟ ਨੂੰ ਦੂਰ ਕਰਨਾ ਸੀ। ਖੇਤੀ ਦੀਆਂ ਨਵੀਆਂ ਤਕਨੀਕਾਂ ਮਹਿੰਗੀਆਂ ਹੋਣ ਕਾਰਨ ਸ਼ੁਰੂ 'ਚ ਇਨ੍ਹਾਂ ਨੂੰ ਵੱਡੀ ਅਤੇ ਧਨੀ ਕਿਸਾਨੀ ਨੇ ਹੀ ਅਪਣਾਇਆ, ਪਰ ਸਰਕਾਰ ਅਤੇ ਸਰਕਾਰੀ ਖੇਤੀ ਏਜੰਸੀਆਂ ਵਲੋਂ ਅਪਣਾਈਆਂ ਨੀਤੀਆਂ, ਜਿਸ ਅਧੀਨ ਟਰੈਕਟਰਾਂ, ਥਰੈਸ਼ਰਾਂ, ਟਿਊਬਵੈੱਲਾਂ, ਇੱਥੋਂ ਤੱਕ ਕਿ ਖਾਦਾਂ 'ਤੇ ਬੀਜਾਂ ਲਈ ਵੀ ਕਰਜ਼ੇ ਦੇਣ ਕਾਰਨ ਛੋਟੀ ਅਤੇ ਦਰਮਿਆਨੀ ਕਿਸਾਨੀ ਨੂੰ ਵੀ ਹਰੇ ਇਨਕਲਾਬ ਭਾਵ ਨਵੀਂ ਖੇਤੀ ਤਕਨੀਕ ਦੇ ਘੇਰੇ 'ਚ ਲਿਆਂਦਾ ਗਿਆ। ਇਸ ਤਕਨੀਕ ਅਧੀਨ ਸਾਰੇ ਦਾ ਸਾਰਾ ਧਿਆਨ ਵੱਧ ਤੋਂ ਵੱਧ ਖਾਦਾਂ, ਮਹਿੰਗੇ ਤੇ ਚੰਗੇ ਬੀਜ ਵਰਤ ਕੇ ਅਤੇ ਖੇਤੀ ਮਸ਼ੀਨਾਂ ਦੀ ਜ਼ਿਆਦਾ ਵਰਤੋਂ ਕਰਕੇ, ਖੇਤੀ ਉਤਪਾਦਨ ਅਤੇ ਉਤਪਾਦਕਤਾ ਵਧਾਉਣ ਵੱਲ ਲਗਾ ਦਿੱਤਾ ਤਾਂ ਕਿ ਦੇਸ਼ ਨੂੰ ਲੋੜੀਂਦੀ ਅੰਨ ਸੁਰੱਖਿਆ ਪ੍ਰਦਾਨ ਕਰਵਾਈ ਜਾ ਸਕੇ, ਪਰ ਸਰਕਾਰ ਅਤੇ ਹੋਰ ਸੰਬੰਧਿਤ ਅਦਾਰਿਆਂ ਨੇ ਖੇਤੀ ਉਤਪਾਦਨ ਦੀਆਂ ਲਾਗਤਾਂ ਨੂੰ ਸੀਮਤ ਰੱਖਣ, ਸਥਿਰ ਰੱਖਣ ਜਾਂ ਘਟਾਉਣ ਬਾਰੇ ਨਹੀਂ ਸੋਚਿਆ। ਇਸ ਦੇ ਨਾਲ ਹੀ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਵੀ ਕੁਝ ਨਹੀਂ ਕੀਤਾ ਗਿਆ। ਨਤੀਜੇ ਵਜੋਂ ਹੁਣ ਪੰਜਾਬ ਦਾ ਖੇਤੀ ਸੈਕਟਰ ਅਤੇ ਕਿਸਾਨੀ ਬਹੁਤ ਗਹਿਰੇ ਆਰਥਿਕ ਸੰਕਟ 'ਚ ਫਸ ਗਏ ਹਨ।

ਪ੍ਰਚੱਲਿਤ ਖੇਤੀ ਸੰਕਟ ਦੌਰਾਨ ਇਹ ਵੇਖਣ 'ਚ ਆਇਆ ਹੈ ਕਿ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਬਹੁਤੀਆਂ ਖ਼ੁਦਕੁਸ਼ੀਆਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਵਲੋਂ ਹੀ ਕੀਤੀਆਂ ਗਈਆਂ ਹਨ। ਇਨ੍ਹਾਂ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਕਿਸਾਨਾਂ ਦੇ ਇਸ ਵਰਗ ਸਿਰ ਕਰਜ਼ੇ ਦੀ ਭਾਰੀ ਪੰਡ ਦਾ ਹੋਣਾ ਹੀ ਸੀ, ਕਿਉਂਕਿ ਰਿਪੋਰਟਾਂ ਨੇ ਸਾਹਮਣੇ ਲਿਆਂਦਾ ਹੈ ਕਿ ਸੂਬੇ 'ਚ ਕਿਸਾਨਾਂ ਸਿਰ 10-10 ਲੱਖ ਰੁਪਏ ਦਾ ਕਰਜ਼ਾ ਹੈ। ਇੰਨੀ ਵੱਡੀ ਮਾਤਰਾ 'ਚ ਕਰਜ਼ਾ ਵਾਪਸ ਕਰਨਾ ਸੰਭਵ ਹੀ ਨਹੀਂ, ਬਲਕਿ ਨਾਮੁਮਕਿਨ ਹੈ, ਕਿਉਂਕਿ ਕਿਸਾਨਾਂ ਦੀ ਖੇਤੀ ਤੋਂ ਆਮਦਨ ਘੱਟ ਹੁੰਦੀ ਹੈ। ਨਤੀਜੇ ਵਜੋਂ ਕਿਸਾਨੀ ਦੇ ਇਸ ਵਰਗ ਨੂੰ ਖ਼ੁਦਕੁਸ਼ੀਆ ਬਾਰੇ ਸੋਚਣਾ ਪਿਆ ਜਾਂ ਕਰਨ ਲਈ ਮਜਬੂਰ ਹੋਣਾ ਪਿਆ, ਜੋ ਕਿ ਮਸਲੇ ਦਾ ਹੱਲ ਨਹੀਂ ਹੈ। ਇਸ ਕਿਸਾਨੀ ਦੇ ਵਰਗ 'ਤੇ ਕਰਜ਼ੇ ਦਾ ਹੱਦੋਂ ਵੱਧ ਜਾਣ ਦਾ ਇਕ ਮੋਟਾ ਤੇ ਮੁੱਖ ਕਾਰਨ ਇਨ੍ਹਾਂ ਦੀਆਂ ਜ਼ਮੀਨ ਦੀਆਂ ਜੋਤਾਂ ਦਾ ਆਕਾਰ ਏਨਾ ਛੋਟਾ ਹੈ ਕਿ ਆਧੁਨਿਕ ਤਰੀਕਿਆਂ ਨਾਲ ਖੇਤੀ ਸੰਭਵ ਹੀ ਨਹੀਂ, ਪਰ ਹਰੇ ਇਨਕਲਾਬ ਦੀ ਹੋੜ 'ਚ ਵੱਡੇ ਤੇ ਧਨੀ ਕਿਸਾਨਾਂ ਦੀ ਰੀਸੋ-ਰੀਸ ਇਨ੍ਹਾਂ ਕਿਸਾਨਾਂ ਨੇ ਵੀ ਖੇਤੀ ਪੂਰੇ ਮਸ਼ੀਨੀਕਰਨ ਤੇ ਆਧੁਨਿਕ ਢੰਗਾਂ ਨਾਲ ਸ਼ੁਰੂ ਕਰ ਦਿੱਤੀ, ਜਿਹੜੀ ਕਿ ਇਨ੍ਹਾਂ ਕਿਸਾਨਾਂ ਨੂੰ ਬਹੁਤ ਮਹਿੰਗੀ ਪਈ ਅਤੇ ਪੈ ਰਹੀ ਹੈ, ਕਿਉਂਕਿ ਛੋਟੀ ਤੇ ਦਰਮਿਆਨੀ ਕਿਸਾਨੀ ਵੱਲੋਂ ਸਾਰੀ ਮਸ਼ੀਨਰੀ, ਉਪਕਰਨ, ਖਾਦਾਂ ਅਤੇ ਬੀਜ ਕਰਜ਼ਾ ਲੈ ਕੇ ਹੀ ਖ਼ਰੀਦੇ ਜਾ ਰਹੇ ਹਨ, ਪਰ ਜੋਤਾਂ ਛੋਟੀਆਂ ਹੋਣ ਕਾਰਨ ਇਨ੍ਹਾਂ ਦੀ ਪੂਰੀ ਵਰਤੋਂ ਨਾ ਹੋਣ ਕਾਰਨ ਅਤੇ ਖੇਤੀ ਤੋਂ ਆਮਦਨ ਘੱਟ ਹੋਣ ਕਾਰਨ, ਖੇਤੀ ਇਸ ਵਰਗ ਲਈ ਘਾਟੇਵੰਦਾ ਧੰਦਾ ਬਣ ਚੁੱਕੀ ਹੈ।

ਕਿਸਾਨੀ ਦੇ ਆਰਥਿਕ ਸੰਕਟ ਦੇ ਡੂੰਘੇ ਹੋਣ ਦਾ ਇੱਕ ਮਹੱਤਵਪੂਰਨ ਕਾਰਨ ਖੇਤੀ ਜਿਣਸਾਂ ਦੇ ਘਾਟੇਵੰਦ ਭਾਅ ਵੀ ਹਨ। ਸਰਕਾਰ ਨੇ ਭਾਵੇਂ ਘੱਟੋ-ਘੱਟ ਸਮਰਥਨ ਮੁੱਲ ਦੀ ਨੀਤੀ ਅਪਣਾਈ ਹੋਈ ਹੈ, ਪਰ ਫ਼ਸਲਾਂ ਦੀ ਮੰਡੀ 'ਚ ਆਮਦ ਵੇਲੇ, ਸੀਜ਼ਨ ਦੌਰਾਨ, ਵਪਾਰੀ ਆਨੇ-ਬਹਾਨੇ ਲਾਗੂ ਘੱਟੋ-ਘੱਟ ਭਾਅ ਤੋਂ ਹੇਠਾਂ ਖ਼ਰੀਦ ਕਰਦੇ ਹਨ ਅਤੇ ਸਰਕਾਰੀ ਏਜੰਸੀਆਂ ਹੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦ ਕਰਦੀਆਂ ਹਨ। ਫ਼ਸਲਾਂ ਦਾ ਸੀਜ਼ਨ ਲੰਘ ਜਾਣ ਤੋਂ ਬਾਅਦ ਇਨ੍ਹਾਂ ਹੀ ਫ਼ਸਲਾਂ ਦੇ ਭਾਅ ਛੜੱਪੇ ਮਾਰ-ਮਾਰ ਵਧ ਜਾਂਦੇ ਹਨ। ਸੂਬੇ 'ਚ ਬਹੁਤੀ ਵੱਡੀ ਗਿਣਤੀ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਹੋਣ ਕਾਰਨ ਉਨ੍ਹਾਂ ਦੀਆਂ ਦੇਣਦਾਰੀਆਂ ਅਤੇ ਕਰਜ਼ੇ ਦੀਆਂ ਮਜਬੂਰੀਆਂ ਕਾਰਨ, ਉਨ੍ਹਾਂ ਨੂੰ ਆਪਣੀਆਂ ਜਿਣਸਾਂ ਘਾਟੇਵੰਦ ਭਾਅ 'ਤੇ ਹੀ ਵੇਚਣੀਆਂ ਪੈਂਦੀਆਂ ਹਨ, ਜਿਸ ਨਾਲ ਉਨ੍ਹਾਂ ਦੇ ਖੇਤੀ ਦੇ ਖਰਚੇ ਹੀ ਪੂਰੇ ਨਹੀਂ ਹੁੰਦੇ, ਲਾਭ ਤਾਂ ਦੂਰ ਦੀ ਗੱਲ ਹੈ। ਸੋ, ਇਸ ਸੰਕਟ ਲਈ ਸਰਕਾਰਾਂ ਅਤੇ ਸਰਕਾਰੀ ਏਜੰਸੀਆਂ ਕਿਸਾਨਾਂ ਨੂੰ ਘਾਟੇਵੰਦ ਭਾਅ ਦਿਵਾਉਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਕਿਉਂਕਿ ਖੇਤੀ ਜਿਣਸਾਂ ਲਈ ਢੁਕਵੀਂ ਅਤੇ ਲਾਹੇਵੰਦ ਕੀਮਤ ਨੀਤੀ ਨਾ ਹੋਣ ਕਾਰਨ ਕਿਸਾਨੀ ਦਾ ਇਹ ਵਰਗ ਲਗਾਤਾਰ ਕਰਜ਼ੇ 'ਚ ਧਸਦਾ ਜਾ ਰਿਹਾ ਹੈ। ਜੇਕਰ ਇਹੀ ਨੀਤੀ ਹੋਰ ਸਮੇਂ ਲਈ ਲਾਗੂ ਰਹਿੰਦੀ ਹੈ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਰੀ ਦੀ ਸਾਰੀ ਛੋਟੀ ਅਤੇ ਦਰਮਿਆਨੀ ਕਿਸਾਨੀ ਇਸ ਸੰਕਟ ਦੀ ਲਪੇਟ 'ਚ ਆ ਜਾਵੇਗੀ।

ਪੰਜਾਬ 'ਚ ਪੈਦਾ ਹੋਏ ਅਤੇ ਜਾਰੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਰੁਝਾਨ ਲਈ ਕਿਸਾਨਾਂ ਦੁਆਲੇ ਦਾ ਸਮਾਜਿਕ ਤਾਣਾ-ਬਾਣਾ, ਉਨ੍ਹਾਂ 'ਚ ਪ੍ਰਚਲਿਤ ਸਮਾਜਿਕ ਕਦਰਾਂ-ਕੀਮਤਾਂ, ਫ਼ੋਕੀ ਸ਼ੁਹਰਤ ਲਈ ਨਿਭਾਏ ਜਾਂਦੇ ਰੀਤੀ-ਰਿਵਾਜ ਅਤੇ ਕਿਸਾਨਾਂ ਵਲੋਂ ਅਪਣਾਇਆ ਗਿਆ ਖਪਤ ਸੱਭਿਆਚਾਰ ਵੀ ਜ਼ਿੰਮੇਵਾਰ ਹਨ। ਖਪਤ ਦੇ ਇੱਕ ਸਿਧਾਂਤ ਮੁਤਾਬਿਕ ਵਿਅਕਤੀ ਖਪਤ ਦੇ ਮਾਮਲੇ 'ਚ ਆਪਣੇ ਅਮੀਰ ਗੁਆਂਢੀ ਦੀ ਰੀਸ ਤੇ ਨਕਲ ਕਰਦਾ ਹੈ। ਖਪਤ ਦੇ ਇੱਕ ਹੋਰ ਸਿਧਾਂਤ ਮੁਤਾਬਿਕ ਖਪਤ ਖ਼ਰਚ ਨੂੰ ਪਹਿਲੋਂ ਵਧਣੋਂ ਰੋਕਿਆ ਜਾ ਸਕਦਾ ਹੈ, ਪਰ ਵਧੇ ਹੋਏ ਖ਼ਰਚ ਨੂੰ ਘਟਾਉਣਾ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਖਪਤ ਦੇ ਮਾਮਲੇ 'ਚ ਪੰਜਾਬ ਦੇ ਕਿਸਾਨਾਂ ਨੇ ਸਾਰੇ ਹੱਦਾਂ-ਬੰਨੇ ਪਾਰ ਕਰ ਲਏ ਹਨ ਅਤੇ ਕਿਸਾਨ ਏਨੇ ਖ਼ਰਚੀਲੇ ਬਣ ਗਏ ਹਨ ਕਿ ਫਜ਼ੂਲ ਚੀਜ਼ਾਂ ਵੀ ਉਨ੍ਹਾਂ ਨੂੰ ਆਪਣੀਆਂ ਲੋੜਾਂ ਮਹਿਸੂਸ ਹੋਣ ਲੱਗ ਪਈਆਂ ਹਨ। 1991 ਦੇ ਆਰਥਿਕ ਸੁਧਾਰਾਂ ਨੇ ਪਹਿਲਾਂ ਤੋਂ ਹੀ ਕਿਸਾਨਾਂ ਦੀ ਮਾੜੀ ਆਰਥਿਕਤਾ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਇੱਥੇ ਹੀ ਬਸ ਨਹੀਂ, ਪੇਂਡੂ ਅਮੀਰ ਵਰਗ ਸਮੇਤ ਵੱਡੀ ਅਤੇ ਧਨੀ ਕਿਸਾਨੀ ਵਲੋਂ ਸਥਾਪਿਤ ਅਤੇ ਨਿਭਾਈਆਂ ਜਾਂਦੀਆਂ ਸਮਾਜਿਕ ਰਸਮਾਂ (ਵਿਆਹ, ਮੰਗਣੇ, ਜਨਮ ਦਿਨ, ਮਰਨੇ ਦੇ ਭੋਗ, ਆਦਿ ਆਦਿ) ਨੂੰ ਕਿਸਾਨੀ ਦਾ ਇਹ ਵਰਗ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਕਰਜ਼ਾ ਲੈ ਕੇ ਵਿਤੋਂ ਬਾਹਰ ਹੋ ਕੇ ਪੂਰੀਆਂ ਕਰ ਰਿਹਾ ਹੈ। ਕਿਸਾਨਾਂ ਨੇ ਘਰਾਂ ਦੇ ਖਪਤ ਖ਼ਰਚ ਵੀ ਬਹੁਤ ਵਧਾ ਲਏ ਹਨ, ਜਿਸ ਦਾ ਮੁੱਖ ਕਾਰਨ ਕਿਸਾਨਾਂ ਦਾ ਵਸਤੂ ਖਪਤ ਸੱਭਿਆਚਾਰ ਦੀ ਲਪੇਟ 'ਚ ਆ ਜਾਣਾ ਹੀ ਹੈ। ਇਹ ਸਾਰਾ ਕੁਝ ਕਿਸਾਨ ਨਾ ਚਾਹੁੰਦੇ ਹੋਏ ਵੀ ਫ਼ੋਕੀਆਂ ਅਤੇ ਖੋਖਲੀਆਂ ਸਮਾਜਿਕ ਕਦਰਾਂ ਕੀਮਤਾਂ, ਨੱਕ ਨਾ ਵੱਢੇ ਜਾਣ ਦੇ ਡਰ ਕਾਰਨ, ਮੁਕਾਬਲੇਬਾਜ਼ੀ ਜਾਂ ਫ਼ੋਕੀ ਸ਼ੁਹਰਤ ਹਾਸਿਲ ਕਰਨ ਲਈ ਕਰੀ ਜਾ ਰਹੇ ਹਨ। ਇਹ ਸਾਰੇ ਅਣ-ਉਪਜਾਊ ਖਰਚਿਆਂ ਅਤੇ ਕਰਜ਼ਿਆਂ ਨੇ ਕਿਸਾਨੀ ਦੇ ਇਸ ਵਰਗ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ। ਇਸ ਸਮੱਸਿਆ ਦੇ ਹੱਲ ਲਈ ਇਨ੍ਹਾਂ ਫ਼ੋਕੇ ਅਤੇ ਖੋਖਲੇ ਰੀਤੀ ਰਿਵਾਜਾਂ ਦੇ ਖ਼ਿਲਾਫ਼ ਲੜਾਈ ਸੱਭਿਆਚਾਰਕ ਫਰੰਟ ਤੋਂ ਲੜਨ ਦੀ ਲੋੜ ਹੈ।

ਉਪਰੋਕਤ ਵਿਖਿਆਨ ਤੋਂ ਇਹ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਕਿਸਾਨੀ ਦੇ ਮੌਜੂਦਾ ਆਰਥਿਕ ਸੰਕਟ ਦੇ ਹੱਲ ਲਈ ਨੀਤੀਆਂ ਦੋ ਮੁੱਦਿਆਂ ਨੂੰ ਸੰਬੋਧਿਤ ਹੋਣੀਆਂ ਚਾਹੀਦੀਆਂ ਹਨ। ਪਹਿਲਾਂ, ਸਰਕਾਰ ਅਤੇ ਸਰਕਾਰੀ ਏਜੰਸੀਆਂ ਨੂੰ ਚਾਹੀਦਾ ਹੈ ਕਿ ਉਹ ਕਿਸਾਨ ਮਾਰੂ ਖੇਤੀ ਅਤੇ ਆਰਥਿਕ ਨੀਤੀਆਂ 'ਚ ਬਦਲਾਅ ਕਰ ਕੇ ਇਨ੍ਹਾਂ ਨੂੰ ਕਿਸਾਨੀ ਅਤੇ ਖੇਤੀ ਪੱਖੀ ਬਣਾਏ, ਇਸ ਸੰਬੰਧੀ ਖੇਤੀ ਵਿਗਿਆਨੀਆਂ, ਆਰਥਿਕ ਮਾਹਿਰਾਂ ਅਤੇ ਬੁੱਧੀਜੀਵੀਆਂ ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ।

(**ਬਾਕੀ ਸਫ਼ਾ** 30 'ਤੇ)




# ਮਨੁੱਖੀ ਸ਼ਖ਼ਸੀਅਤ ਉਸਾਰੀ ’ਚ ਤਿੰਨ ਮਾਵਾਂ ਦਾ ਯੋਗਦਾਨ





ਡਾ. ਇੰਦਰਜੀਤ ਸਿੰਘ ਗੋਗੋਆਣੀ

‘ਮਾਂ’ ਸ਼ਬਦ ਆਪਣੇ ਆਪ ’ਚ ਏਨਾ ਮਮਤਾਮਈ, ਅਪਣੱਤ ਭਰਿਆ ਤੇ ਸ਼ਕਤੀਸ਼ਾਲੀ ਹੈ ਕਿ ਜਾਣੀ ਦੁਨੀਆਂ ਦੇ ਸਾਰੇ ਸੁੱਖ, ਵਡਿਆਈਆਂ, ਮਾਨਤਾਵਾਂ, ਕਲਾਵਾਂ ਆਦਿ ਦਾ ਮੁੱਖ ਆਧਾਰ ਇਹੋ ਐ। ਜਿਊਂਦੀ ਦਾ ਮੋਹ ਤੇ ਵਿਛੜੀ ਦਾ ਵਿਛੋੜਾ ਕਦੀ ਸ਼ਬਦਾਂ ਦੇ ਕਲਾਵੇ ’ਚ ਨਹੀਂ ਆਉਂਦਾ। ਜਿਵੇਂ ਅਨੰਦ, ਵਿਸਮਾਦ, ਰਜ਼ਾ, ਦੁਖ-ਸੁਖ ਕੇਵਲ ਕਹਿਣੀ ਜਾਂ ਕਥਨੀ ਦੇ ਮੁਹਤਾਜ਼ ਨਹੀਂ, ਸਗੋਂ ਅਨੁਭਵਤਾ ਤੇ ਮਹਿਸੂਸਤਾ ਦੇ ਵਿਸ਼ੇ ਹਨ, ਇਸੇ ਤਰ੍ਹਾਂ ਮਾਂ ਸ਼ਬਦ ’ਚ ਸੂਖਮ ਅਹਿਸਾਸ ਤੇ ਅਨੁਭਵਤਾ ਦੀਆਂ ਰਮਜ਼ਾਂ ਹਨ। ‘ਸ੍ਰੀ ਗੁਰੂ ਗ੍ਰੰਥ ਕੋਸ਼’ ਅਨੁਸਾਰ ਮਾਂ- ਸੰਸਕ੍ਰਿਤ ਦਾ ਸ਼ਬਦ ਹੈ ਅਤੇ ਅੱਗੇ ਸਮ ਅਰਥ ਕੋਸ਼ ’ਚ ਇਸ ਦੇ ਲਈ ਬੇਅੰਤ ਸ਼ਬਦ ਹਨ ਜਿਵੇਂ ਮਾਂ, ਅੱਕਾ, ਅੰਬਾ, ਅੰਮਾ, ਸਾਵਿਤ੍ਰੀ, ਗੋ, ਜਾਣੇਦੀ, ਜਨਤਿ, ਜਨਨੀ, ਝਾਈ, ਬੇਬੇ, ਮਹਤਰੀਆ, ਮਦਰ, ਮਾਉ, ਮਾਇ, ਮਾਇਆ, ਮਾਈ, ਮਾਤ, ਮਾਤਾ ਮਾਤ੍ਰੀ, ਮਾਦਰ ਆਦਿ।

ਮਨੁੱਖੀ ਜੀਵਨ ਦਾ ਸੱਚ ਹੈ ਕਿ ਹਰੇਕ ਸ਼ਖ਼ਸ ਦੀ ਸ਼ਖ਼ਸੀਅਤ ਦੀ ਉਸਾਰੀ ਜਾਂ ਘਾੜਤ ’ਚ ਤਿੰਨ ਮਾਵਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਸ ਸੰਸਾਰ ’ਚ ਜੀਵਨ ਜਿਊਣਾ ਜਾਂ ਜੂਨ ਹੰਢਾਉਣਾ ਦੋਵਾਂ ਸ਼ਬਦਾਂ ’ਚ ਬਹੁਤ ਵੱਡਾ ਅੰਤਰ ਹੈ। ਮਨੁੱਖ ਦੇ ਸਰਬਪੱਖੀ ਵਿਕਾਸ ਤੇ ਸ਼ਖ਼ਸੀਅਤ ਦੀ ਉਸਾਰੀ ’ਚ ਘਾੜਤ ਘੜਨ ਵਾਲੀਆਂ ਤਿੰਨ ਮਾਵਾਂ ਕੌਣ ਹਨ? ਦਾਨਸ਼ਵਰਾਂ ਅਨੁਸਾਰ ਇਹ ਹਨ:- (ੳ) ਮਾਂ ਜਨਨੀ (ਅ) ਮਾਂ ਧਰਤੀ (ੲ) ਮਾਂ ਬੋਲੀ। ਆਓ, ਇਨ੍ਹਾਂ ਸੰਬੰਧੀ ਸਰਲਤਾ ਤੇ ਸੰਖੇਪਤਾ ’ਚ ਵਿਚਾਰ ਕਰੀਏ।

**ਮਾਂ ਜਨਨੀ:-** ਦਾਨਿਆਂ ਨੇ ਧਰਤੀ ਨੂੰ ਮਾਂ ਅਤੇ ਮਾਂ ਨੂੰ ਧਰਤੀ ਨਾਲ ਤੁਲਨਾ ਦਿੱਤੀ ਹੈ ਜਾਂ ਕਹਿ ਲਓ ਧਰਤੀ ਵੱਡੀ ਮਾਂ ਹੈ ਅਤੇ ਮਾਂ ਛੋਟੀ ਧਰਤੀ ਹੈ। ਕਰਤੇ ਨੇ ਦੋਹਾਂ ਨੂੰ ਉਗਵਣ ਦੀ, ਮੌਲਣ ਦੀ ਤੇ ਵਿਗਸਣ ਦੀ ਸ਼ਕਤੀ ਪ੍ਰਦਾਨ ਕੀਤੀ ਹੈ। ਬਾਨਸਪਤੀ ਦਾ ਹਰ ਬੂਟਾ ਧਰਤੀ ਦੀ ਸ਼ਕਤੀ ਦਾ ਪ੍ਰਗਟ ਰੂਪ ਹੈ। ਇਸੇ ਤਰ੍ਹਾਂ ਹਰ ਸ਼ਖ਼ਸ ਦੀ ਸ਼ਖ਼ਸੀਅਤ ਉਸਾਰੀ ’ਚ ਜਨਨੀ ਦਾ ਜਲੌਅ ਪ੍ਰਗਟਦਾ ਹੈ। ਬਾਬਾ ਫਰੀਦ ਜੀ ਨੇ ਵਰਣਨ ਕੀਤਾ ਹੈ, ‘ਤਿਨ ਧੰਨੁ ਜਾਣੇਦੀ ਮਾਉ ਆਏ ਸਫਲੁ ਸੇ’। ਰੂਹਾਨੀ ਮੰਡਲ ’ਚ ਵੀ ਸਾਰੇ ਦੁਖ-ਸੁਖ ਮਾਂ ਨਾਲ ਹਨ, ਇਸ ਦੇ ਭਾਵ ਅਰਥ ਸ਼ਬਦਾਂ ਦੇ ਸੰਦਰਭ ’ਚ ਇਉਂ ਵੀ ਆਏ ਹਨ ‘ਅਨੰਦੁ ਭਇਆ ਮੇਰੀ ਮਾਏ’ -ਵਿਸਮਾਦੀ ਰੰਗ ਦਾ ਪ੍ਰਗਟਾਵਾ ਹੈ। ‘ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ’- ਰੂਹਾਨੀ ਵਿਯੋਗ ਦੀ ਬਿਹਬਲਤਾ ਦਾ ਵਰਣਨ ਹੈ। ‘ਹੁਣਿ ਨਹੀ ਸੰਦੇਸਰੋ ਮਾਇਓ’ ਵੈਰਾਗ ਦੀ ਸਿਖਰ ਹੈ। ‘ਸੋ ਕਿਉ ਵਿਸਰੈ ਮੇਰੀ ਮਾਇ’ ਪਰਪੱਕਤਾ ਤੇ ਸਮਰਪਿਤ ਭਾਵਨਾ ਦਾ ਗੁਣਗਾਨ ਹੈ। ਪੰਥਕ ਅਰਦਾਸ ’ਚ ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਉਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਉਚਾਰਿਆ ਜਾਂਦਾ ਹੈ। ਮਾਂ ਨੂੰ ਰੱਬ ਦਾ ਦੂਜਾ ਨਾਂਅ ਅਤੇ ਮਾਂ ਦੀ ਪੂਜਾ ਰੱਬ ਦੀ ਪੂਜਾ ਕਹਿ ਕੇ ਸਤਿਕਾਰਿਆ ਗਿਆ ਹੈ। ਸੰਸਾਰ ਦਾ ਵਿਕਾਸ ਤੇ ਕੌਮਾਂ ਦੀ ਚੜ੍ਹਦੀ ਕਲਾ ਦਾ ਮੁੱਖ ਆਧਾਰ ਮਾਵਾਂ ਦੇ ਸੰਸਕਾਰ ਹੁੰਦੇ ਹਨ। ਪ੍ਰੋ. ਮੋਹਨ ਸਿੰਘ ਵਰਗਾ ਕਵੀ ਕੂਕਦਾ ਹੈ, ‘ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ। ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ।’ ਮੁੱਖ ਕਾਰਨ ਕਿ ਦੁਨੀਆਂ ਦੇ ਕੁੱਲ ਬੂਟੇ ਜੜ੍ਹ ਸੁੱਕਿਆਂ ਸੁੱਕ ਜਾਂਦੇ ਐ ਪਰ ਮਾਂ ਇੱਕ ਐਸਾ ਬੂਟਾ ਹੈ ਜੇ ਇਸ ਦੇ ਸੰਤਾਨ ਰੂਪੀ ਫੁੱਲ ਕੁਮਲਾ ਜਾਣ ਤਾਂ ਬੂਟਾ ਸੁੱਕ ਜਾਂਦਾ ਹੈ। ਭਾਵ ਮਾਂ ਰੂਪੀ ਬੂਟੇ ਦੀ ਜੜ੍ਹ ਦੀ ਤਾਕਤ ਉਸ ਦੀ ਸੰਤਾਨ ਹੁੰਦੀ ਹੈ ਅਤੇ ਸੰਤਾਨ ਰੂਪੀ ਫੁੱਲ ਮਾਂ ਰੂਪੀ ਬੂਟੇ ਦੇ ਮੌਲਦੇ ਵਿਗਸਦੇ ਗਵਾਹ ਹੁੰਦੇ ਨੇ। ਮਾਂ ਦੀ ਸੋਚ, ਸੇਵਾ ਸੰਭਾਲ ਤੇ ਉਤਮ ਸੰਸਕਾਰ ਬੱਚੇ ਦੀ ਸ਼ਖ਼ਸੀਅਤ ਘੜਦੇ ਹਨ। ਨਵੀਨ ਖੋਜਾਂ ਪ੍ਰੇਰਦੀਆਂ ਹਨ ਕਿ ਗਰਭ ਸਮੇਂ ਮਾਂ ਦੀਆਂ ਭਾਵਨਾਵਾਂ, ਪੂਜਾ ਪਾਠ, ਆਲੇ-ਦੁਆਲੇ ਸ਼ਖ਼ਸੀ ਤਸਵੀਰਾਂ, ਅਰਦਾਸ-ਜੋਦੜੀ, ਸਰੀਰਕ ਤੇ ਮਾਨਸਿਕ ਖਾਧ ਖੁਰਾਕ ਬੱਚੇ ਦੀ ਸ਼ਖ਼ਸੀਅਤ ’ਤੇ ਪ੍ਰਭਾਵ ਪਾਉਂਦੀ ਹੈ ਅਤੇ ਕੋਈ ਇਨਸਾਨ ਮਾਂ ਦੀ ਇਸ ਕੁਰਬਾਨੀ ਦੀ ਕੀਮਤ ਵੀ ਨਹੀਂ ਤਾਰ ਸਕਦਾ।

**ਮਾਂ ਧਰਤੀ:-** ਕਿਸੇ ਇਨਸਾਨ ਦਾ ਜਿਸ ਧਰਤੀ ’ਤੇ ਜਨਮ ਹੋਇਆ, ਖੇਡਿਆ, ਪਲਿਆ, ਜਵਾਨ ਹੋਇਆ-ਉਸ ਦੀਆਂ ਭਾਵਕ ਯਾਦਾਂ ਉਸ ਧਰਤੀ ਨਾਲ ਜੁੜ ਜਾਂਦੀਆਂ ਹਨ। ਇਸ ਨੂੰ ਮਿੱਟੀ ਦਾ ਮੋਹ ਕਿਹਾ ਜਾਂਦਾ ਹੈ। ਪ੍ਰਦੇਸੀਆਂ ਦੇ ਸ਼ਬਦ ਇਸੇ ਲਈ ਵੈਰਾਗ ਭਿੱਜੇ ਹੁੰਦੇ ਹਨ ਕਿ ਮਿੱਟੀ ’ਵਾਜਾਂ ਮਾਰਦੀ ਹੈ। 1947 ਦੀ ਵੰਡ ਤੋਂ ਬਾਅਦ ਉਜੜ ਕੇ ਆਏ ਤੇ ਗਏ ਸਭ ਆਪਣੀ ਧਰਤੀ ਨੂੰ ਵਿਰਲਾਪਦੇ ਰਹੇ। ਜਦ ਸਰਹੱਦਾਂ ਤੋਂ ਪਾਰ ਜਾਣ ਦਾ ਸਬੱਬ ਬਣਿਆ ਤਾਂ ਦੋਵੇਂ ਇੱਧਰ ਵਾਲੇ ਉੱਧਰੋਂ ਤੇ ਉੱਧਰ ਵਾਲੇ ਇੱਧਰੋਂ ਆਪਣੇ ਖੇਤਾਂ ਦੀ ਮਿੱਟੀ ਲੈ ਕੇ ਗਏ। ਦਰਅਸਲ ਹਰ ਧਰਤੀ ਦਾ ਇੱਕ ਆਪਣਾ ਨਿਆਰਾ ਵਜੂਦ ਤੇ ਸੱਭਿਆਚਾਰ ਹੁੰਦਾ। ਖੇਤ ਬੰਨੇ, ਖੂਹ ਟੋਭੇ, ਟਾਹਲੀਆਂ ਪਿੱਪਲ ਬੋਹੜ ਆਦਿ ਸਭ ਭਾਵਕ ਸਾਂਝ ਸਿਰਜਦੇ ਹਨ। ਉੱਥੋਂ ਦਾ ਸਾਹਿਤ ਤੇ ਇਤਿਹਾਸ ਸਵੈਮਾਣ ਪੈਦਾ ਕਰਤਾ ਹੈ। ਧਰਤੀ ਦੀ ਮੇਰ ਤੇ ਆਪਣਾਪਨ ਡੋਲਦੇ ਮਨਾ ਦਾ ਦਿਲਾਸਾ ਬਣ ਕੇ ਚੜ੍ਹਦੀ ਕਲਾ ਦਾ ਸਬਕ ਦ੍ਰਿੜਾ ਜਾਂਦਾ ਹੈ। ਜਦ 1853 ਈ. ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਇੱਕ ਸਾਜਿਸ਼ ਤੇ ਕਪਟ ਨਾਲ ਇਸਾਈ ਬਣਾ ਲਿਆ ਤਾਂ ਇਹ ਗੱਲ ਪ੍ਰਚੱਲਤ ਹੋਈ ਕਿ ਉਸ ਦੇ ਵਲੋਂ ਸਿੱਖੀ ਤਿਆਗਣ ਦਾ ਮੁੱਖ ਕਾਰਨ ਤਿੰਨ ਮਾਵਾਂ ਤੋਂ ਦੂਰੀ ਸੀ। ਉਹ ਮਾਂ ਜਨਨੀ ਤੋਂ ਵਿਛੋੜ ਦਿੱਤਾ ਗਿਆ। ਉਹ ਮਾਂ ਧਰਤੀ ਤੋਂ ਵੀ ਦੂਰ ਬੇਗਾਨੀ ਧਰਤੀ ’ਤੇ ਸੀ ਅਤੇ ਬੇਗਾਨੇ ਸੱਭਿਆਚਾਰ ਨੇ ਉਸ ਉੱਤੇ ਪ੍ਰਭਾਵ ਪਾ ਲਿਆ। ਤੀਜੀ ਵੱਡੀ ਗੱਲ ਕਿ ਉਸ ਪਾਸ ਮਾਂ ਬੋਲੀ ਵੀ ਨਹੀਂ ਸੀ। ਬੇਗਾਨੀ ਧਰਤੀ, ਬੇਗਾਨੀ ਬੋਲੀ ਉਸ ਦੇ ਧਰਮ ਕਰਮ ਨੂੰ ਬਚਾ ਨਹੀਂ ਸਕੀ। ਇਸ ਲਈ ਮਾਂ ਧਰਤੀ ਕਿਸੇ ਸ਼ਖ਼ਸ ਦੀ ਸ਼ਖ਼ਸੀਅਤ ਦੀ ਘਾੜਤ ’ਚ ਵੱਡਾ ਯੋਗਦਾਨ ਪਾਉਂਦੀ ਹੈ।

**ਮਾਂ ਬੋਲੀ:-** ਪੰਜਾਬੀ ਲੋਕ ਮੁਹਾਵਰਾ ਹੈ ਕਿ ਖੇਡਾਂ ਤੇ ਮਾਵਾਂ ਮੁੱਕਣ ’ਤੇ ਹੀ ਚੇਤੇ ਆਉਂਦੀਆਂ ਹਨ। ਕਈ ਵਾਰ ਅਸੀਂ ਮਾਂ ਤੇ ਮਾਂ ਬੋਲੀ ਦਾ ਰੁਤਬਾ ਤੇ ਪ੍ਰਭਾਵ ਨਹੀਂ ਵੀ ਜਾਣਦੇ ਹੁੰਦੇ। ਅਜੋਕੇ ਸਮੇਂ ਦੀ ਖੋਜ ਇਹ ਮੰਨਦੀ ਹੈ ਕਿ ਬੱਚੇ ਦੇ ‘ਸਰਵਪੱਖੀ ਵਿਕਾਸ ਲਈ ਮਾਂ ਬੋਲੀ ਹੀ ਧਿਰ ਤੇ ਧੁਰਾ ਹੁੰਦੀ ਹੈ। ਮਾਂ ਬੋਲੀ ਦੀ ਮੁਹਾਰਤ ਵਾਲਾ ਦੂਜੀਆਂ ਭਾਸ਼ਾਵਾਂ ਵੀ ਅਸਾਨੀ ਨਾਲ ਸਿੱਖ ਤੇ ਸਮਝ ਸਕਦਾ ਹੈ। ਮਾਂ ਇੱਕ ਹੀ ਹੁੰਦੀ ਹੈ ਤੇ ਮਾਸੀਆਂ ਵਧੀਕ ਹੋ ਸਕਦੀਆਂ, ਬਸ ਇਹੋ ਮਾਂ ਬੋਲੀ ਤੇ ਹੋਰ ਭਾਸ਼ਾਵਾਂ ਦਾ ਸੰਬੰਧ ਹੁੰਦਾ ਹੈ। ਵੱਧ ਤੋਂ ਵੱਧ ਭਾਸ਼ਾਵਾਂ ਸਿੱਖਣਾ ਬਹੁਤ ਚੰਗੀ ਗੱਲ ਹੈ ਪਰ ਮਾਂ ਬੋਲੀ ਵਿਸਾਰ ਕੇ ਨਹੀਂ। ਮਾਤ ਭਾਸ਼ਾ ਕੇਵਲ ਸ਼ਬਦਾਂ ਦਾ ਅਦਾਨ ਪ੍ਰਦਾਨ ਨਹੀਂ ਹੁੰਦੀ, ਸਗੋਂ ਉਸ ਵਿੱਚ ਜੀਵਨ ਜੀਊਣ ਦੇ ਤੌਰ ਤਰੀਕੇ, ਹਾਵ ਭਾਵ, ਵਲਵਲੇ ਤੇ ਸੂਖਮ ਸੰਦੇਸ਼ ਹੁੰਦੇ ਹਨ। ਮਾਤ ਭਾਸ਼ਾ ’ਚ ਰਚਿਆ ਸਾਹਿਤ ਖ਼ੁਸ਼ੀ, ਗ਼ਮੀ, ਬੀਰਤਾ, ਹੁਲਾਸ, ਅਹਿਸਾਸ, ਅਕਲ ਤੇ ਜੀਵਨ ਤਜਰਬਿਆਂ ਦਾ ਬਹੁਮੁੱਲਾ ਭੰਡਾਰ ਹੁੰਦਾ ਹੈ। ਕੋਈ ਹੋਰ ਭਾਸ਼ਾ ਰੁਜ਼ਗਾਰ ਲਈ ਤਾਂ ਸਹਾਈ ਹੋ ਸਕਦੀ ਹੈ ਪਰ ਜੀਵਨ ਦੀਆਂ ਕਦਰਾਂ ਕੀਮਤਾਂ ਦਾ ਖ਼ਜ਼ਾਨਾ ਮਾਤ ਭਾਸ਼ਾ ਹੀ ਹੁੰਦੀ ਹੈ। ਇਹ ਅਖਾਣ, ਮੁਹਾਵਰੇ, ਬੁਝਾਰਤਾਂ, ਕਥਾ-ਕਹਾਣੀਆਂ, ਮਾਂ ਧਰਤੀ ਨਾਲ ਜੁੜੀਆਂ ਕਲਾਵਾਂ, ਅਮੀਰ ਵਿਰਸਾ, ਇਤਿਹਾਸ ਆਦਿ ਰੂਹ ਦਾ ਸਕੂਨ ਮਾਤ ਭਾਸ਼ਾ ਦੇ ਰੰਗਾਂ ’ਚੋਂ ਹੀ ਮਾਣਿਆਂ ਜਾ ਸਕਦਾ ਹੈ। ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਗੁਰਮੁਖੀ ਦੇ ਗਿਆਨ ਤੋਂ ਬਗੈਰ ਗੁਰਬਾਣੀ ਪਾਠ, ਕੀਰਤਨ, ਕਥਾ ਦਾ ਅਨੰਦ ਹੀ ਨਹੀਂ ਮਾਣਿਆਂ ਜਾ ਸਕਦਾ। ਕਿਸੇ ਹੋਰ ਲਿੱਪੀ ’ਚ ਰੂਪਾਂਤਰਣ ਹੋਏ ਸ਼ਬਦ, ਸ਼ੁੱਧਤਾ, ਸਪੱਸ਼ਟਤਾ ਤੇ ਭਾਵਨਾ ਤੋਂ ਵਿਹੂਣੇ ਹੁੰਦੇ ਹਨ। ਸਾਡੇ ਪੁਰਖਿਆਂ ਨੇ ਜਦ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ ਤਾਂ ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਦਰਜ ਹੈ:-

‘ਸਿੱਖ ਲਈ ਗੁਰਮੁਖੀ ਵਿੱਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿੱਦਿਆ ਭੀ ਪੜ੍ਹੇ।’

ਗੁਰਮੁਖੀ ਦੇ ਗਿਆਨ ਤੋਂ ਬਗੈਰ ਅਸੀਂ ਆਪਣੇ ਵਿਰਸੇ ਅਤੇ ਵਿਰਾਸਤ ਦਾ ਮਾਣ ਨਹੀਂ ਕਰ ਸਕਦੇ। ਇਸ ਦੇ ਗਿਆਨ ਤੋਂ ਬਗੈਰ ਸਾਡਾ ਵਿਅਕਤਿੱਤਵ ਅਧੂਰਾ ਰਹੇਗਾ। ਇੱਕ ਪੁਰਾਤਨ ਕਥਾ ਹੈ ਕਿ ਇੱਕ ਪੰਜਾਬਣ ਦਾ ਪੁੱਤਰ ਫ਼ਾਰਸੀ ਪੜ੍ਹ ਗਿਆ ਅਤੇ ਉਸ ਨੇ ਮਾਂ ਬੋਲੀ ਤਿਆਗ ਦਿੱਤੀ। ਇੱਕ ਵਾਰ ਉਹ ਬਹੁਤ ਬਿਮਾਰ ਹੋ ਗਿਆ ਤੇ ਬੇਸੁਰਤੀ ’ਚ ਪਿਆਸ ਬੁਝਾਉਣ ਲਈ ਪਾਣੀ ਦੀ ਮੰਗ ਕਰਦਿਆਂ ਆਬ-ਆਬ (ਫ਼ਾਰਸੀ- ਆਬ = ਪਾਣੀ) ਪੁਕਾਰਦਾ ਰਿਹਾ। ਮਾਂ ਨੂੰ ਸਮਝ ਨਾ ਆਈ ਤੇ ਜਵਾਨ ਦੀ ਮੌਤ ਹੋ ਗਈ। ਜਦ ਕਿਸੇ ਸਿਆਣੇ ਨੇ ਆ ਕੇ ਪੁੱਛਿਆ ਕਿ ਉਸ ਨੇ ਅੰਤਲੇ ਸਮੇਂ ਕੁਝ ਮੰਗਿਆ ਨਹੀਂ, ਤਾਂ ਮਾਂ ਕਹਿੰਦੀ ਉਹ ਆਬ-ਆਬ ਕਰਦਾ ਸੀ। ਸਿਆਣੇ ਨੇ ਕਿਹਾ ਕਿ ਫਿਰ ਤਾਂ ਉਹ ਪਾਣੀ-ਪਾਣੀ ਪੁਕਾਰਦਾ ਸੀ, ਜੋ ਤੂੰ ਦਿੱਤਾ ਨਹੀਂ। ਤੂੰ ਪਾਣੀ ਪਿਆ ਦਿੰਦੀ ਤਾਂ ਉਸ ਨੇ ਬਚ ਜਾਣਾ ਸੀ। ਫਿਰ ਮਾਂ ਦੇ ਹਿਰਦੇ ਵਿਚੋਂ ਕੂਕ ਨਿਕਲੀ:

ਆਬ-ਆਬ ਕਰ ਮੋਇਉਂ ਪੁੱਤਾ,
ਫ਼ਾਰਸੀਆਂ ਘਰ ਗਾਲੇ।
ਜੇ ਜਾਣਾ ਪੁੱਤ ਪਾਣੀ ਮੰਗਦਾ,
ਭਰ ਭਰ ਦਿੰਦੀ ਪਿਆਲੇ।

ਇਹ ਸਾਡੇ ਸਭਨਾ ਲਈ ਸਿੱਖਿਆ ਹੈ ਕਿ ਮਾਂ ਬੋਲੀ ਨੂੰ ਵਿਸਾਰੀ ਦਾ ਨਹੀਂ, ਸਗੋਂ ਪਿਆਰੀ ਦਾ ਤੇ ਸਤਿਕਾਰੀ ਦਾ ਹੈ। ਆਖਰ ਇੱਕ ਸਵਾਲ ਕਿ ਅਸੀਂ ਆਪਣੀ ਮਾਂ ਬੋਲੀ ਦੇ ਪ੍ਰਚਾਰ ਪਸਾਰ ਲਈ ਕੀ ਯੋਗਦਾਨ ਪਾ ਸਕਦੇ ਹਾਂ। ਇਕੋ ਜਵਾਬ ਕਿ ਅਸੀਂ ਆਪਣੇ ਘਰਾਂ ਦੀਆਂ ਨੇਮ ਪਲੇਟਾਂ, ਦੁਕਾਨਾਂ ਦੇ ਬੋਰਡ, ਵਿੱਦਿਅਕ ਸੰਸਥਾਵਾਂ ਦੇ ਬੋਰਡ, ਵਿਜ਼ਟਿੰਗ ਕਾਰਡ, ਖ਼ੁਸ਼ੀ-ਗ਼ਮੀ ਦੇ ਕਾਰਡ ਤੇ ਸੁਨੇਹੇ, ਮੋਬਾਈਲ ਦੇ ਸੁਨੇਹੇ ਗੁਰਮੁਖੀ ’ਚ ਭੇਜ ਸਕਦੇ ਹਾਂ। ਹਰ ਪੱਧਰ ਦੇ ਵਿੱਦਿਅਕ ਸਿਲੇਬਸ ’ਚ ਪੰਜਾਬੀ ਨੂੰ ਸਤਿਕਾਰਤ ਸਥਾਨ ਦੇਈਏ। ਇਹ ਰੁਜ਼ਗਾਰ ਦੀ ਭਾਸ਼ਾ ਵੀ ਬਣੇ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ’ਚ ਬੋਲਦੇ ਸ਼ਰਮਾਈਏ ਨਾ। ਇਸ ਦੀ ਅਮੀਰੀ ਤੇ ਸ਼ਾਨ ’ਚ ਹੋਰ ਵਾਧਾ ਕਰੀਏ। ਪੰਜਾਬੀ ਦੀਆਂ ਪੁਸਤਕਾਂ, ਅਖ਼ਬਾਰ, ਮੈਗਜ਼ੀਨ ਆਦਿ ਨੂੰ ਵੀ ਘਰਾਂ, ਲਾਇਬ੍ਰੇਰੀਆਂ ਅਤੇ ਆਪਣੇ ਹਿਰਦਿਆਂ ’ਚ ਥਾਂ ਦੇਈਏ। ਸਭ ਤੋਂ ਵਿਸ਼ੇਸ਼ ਕਿ ਪਹਿਲੇ ਨੰਬਰ ’ਤੇ ਮਾਂ ਬੋਲੀ ਨੂੰ ਰੱਖੀਏ ਬਾਕੀ ਵੱਧ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਹੋਣਾ ਬਹੁਤ ਚੰਗੀ ਸੋਚ ਹੈ। ਨਫ਼ਰਤ ਕਿਸੇ ਨਾਲ ਨਹੀਂ, ਸਤਿਕਾਰ ਸਭ ਦਾ ਕਰਨਾ ਸਾਡਾ ਫ਼ਰਜ਼ ਹੈ। ਤੱਤਸਾਰ ਕਿ ਜਿਸ ਭਾਸ਼ਾ ’ਚ ਵਿਸ਼ਵ ਦੇ ਰਹਿਬਰ ਸਾਹਿਬ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਖਸਮ ਕੀ ਬਾਣੀ ਬਖ਼ਸ਼ਿਸ਼ ਕੀਤੀ ਹੋਵੇ, ਉਸ ਤੋਂ ਵੱਧ ਵਿਸ਼ਵ ਦੀ ਅਮੀਰ ਤੇ ਸਤਿਕਾਰਤ ਭਾਸ਼ਾ ਹੋਰ ਕਿਹੜੀ ਹੋ ਸਕਦੀ ਹੈ। ਇਸ ਨੂੰ ਬੋਲਣਾ, ਲਿਖਣਾ, ਪੜ੍ਹਨਾ, ਪਰਚਾਰਨਾ ਤੇ ਸਤਿਕਾਰਨਾ ਜੇ ਕਰ ਸੋਚ ਦਾ ਹਿੱਸਾ ਬਣ ਜਾਵੇ ਤਾਂ ਇਹ ਚੜ੍ਹਦੀ ਕਲਾ ਤੇ ਅਨੰਦਮਈ ਜੀਵਨ ਦਾ ਆਧਾਰ ਹੈ। ਇਹੋਂ ਸੋਚ ਉੱਚ ਦੁਮਾਲੜੀ ਸ਼ਖ਼ਸੀਅਤ ਦੀ ਘੜਨਹਾਰੀ ਤੇ ਸੰਵਾਰਨਹਾਰੀ ਹੈ, ਜੋ ਤਿੰਨਾਂ ਮਾਵਾਂ ਦੇ ਸਹਿਯੋਗ ਤੇ ਸਨੇਹ ਨਾਲ ਸੰਪੂਰਨ ਹੁੰਦੀ ਹੈ।

# ਪੈਸਾ ਜਿਵੇਂ ਨਚਾਈ ਜਾਂਦਾ, ਦੁਨੀਆਂ ਨੱਚੀ ਜਾਂਦੀ ਏ...

ਜਗਤਾਰ ਸਿੰਘ ਮਾਨਸਾ

ਇਸ ਗੱਲ ਸੱਚ ਹੈ ਕਿ ਮੁੱਢ ਕਦੀਮ ਹੀ ਲੜਾਈ ਦੇ ਤਿੰਨ ਕਾਰਨ ਜ਼ਰ, ਜ਼ੋਰੂ ਤੇ ਜ਼ਮੀਨ ਮੰਨੇ ਗਏ ਹਨ। ਜ਼ਰ ਮਤਲਬ ਧਨ ਦੌਲਤ, ਜ਼ੋਰੂ ਔਰਤ ਲਈ ਵਰਤਿਆ ਗਿਆ ਹੈ, ਜ਼ਮੀਨ ਭੂਮੀ ਦੀ ਮਲਕੀਅਤ ਕਰਕੇ ਲੜਾਈ ਹੁੰਦੀ ਹੈ। ਇਹਨਾਂ ਵਿਚੋਂ ਧਨ ਦੌਲਤ ਨੂੰ ਅੱਗੇ ਮੰਨਿਆ ਗਿਆ ਹੈ। ਕਹਿੰਦੇ ਨੇ ਬਾਕੀ ਸਭ ਇਸ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਅੱਜ ਹਰੇਕ ਵਿਅਕਤੀ ਚਾਹੁੰਦਾ ਹੈ ਕਿ ਮੇਰੇ ਕੋਲ ਧਨ ਦੌਲਤ ਹੋਵੇ। ਕੁਝ ਕਹਿੰਦੇ ਨੇ ਕਿ ਧਨ ਸਭ ਕੁਝ ਨਹੀਂ ਹੁੰਦਾ ਪਰ ਉਹ ਵੀ ਮੰਨਦੇ ਹਨ ਕਿ ਪੈਸਾ ਬਹੁਤ ਕੁਝ ਹੁੰਦਾ ਹੈ। ਇਸ ਨੂੰ ਹਾਸਲ ਕਰਨ ਲਈ ਮਨੁੱਖ ਹਰ ਹੱਦ ਤੱਕ ਜਾ ਰਿਹਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਠੱਗੀ, ਮਿਲਾਵਟਖੋਰੀ ਅਤੇ ਡਕੈਤੀ, ਕਤਲ ਸਭ ਕੁਝ ਜਾਇਜ਼ ਮੰਨਿਆ ਜਾਣ ਲੱਗਾ ਹੈ। ਕੋਈ ਅਹੁਦਾ ਜਿੱਤ ਕੇ ਲੁੱਟੋ ਬਸ ਲੁੱਟੋ ਸਭ ਦਾ ਇਹੀ ਮਕਸਦ ਹੈ। ਸਭ ਇਸ ਦੇ ਨਚਾਏ ਨੱਚੀ ਜਾਂਦੇ ਹਨ। ਤਾਂ ਹੀਂ ਕਿਹਾ ਜਾਂਦਾ ਹੈ ਕਿ ;

ਪੈਸਾ ਜਿਵੇਂ ਨਚਾਈ ਜਾਂਦਾ,
ਦੁਨੀਆਂ ਨੱਚੀ ਜਾਂਦੀ ਹੈ।

ਬਹੁਤ ਸਾਰੇ ਇਸ ਦੀ ਘਾਟ ਕਾਰਨ ਸਾਰੀ ਜ਼ਿੰਦਗੀ ਤੰਗੀ ਕਟਦੇ ਹਨ। ਇਸ ਦੇ ਵੱਧ ਆਉਣ ਨਾਲ ਇਸ ਪ੍ਰਤੀ ਤੁਸਟੀਗੁਣ ਨਹੀਂ ਘਟਦਾ, ਜਿੰਨ੍ਹਾਂ ਜ਼ਿਆਦਾ ਆਵੇ ਓਨੇ ਹੀ ਵੱਧ ਦੀ ਲਾਲਸਾ। ਕੁਝ ਕੋਲ ਕਿਸਮਤ ਛੱਪਰ ਪਾੜ ਕੇ ਪੈਸੇ ਦਿੰਦੀ ਹੈ। ਉਹ ਗੀਤ ਗਾਉਂਦੇ ਨੇ;

ਤੂੰ ਪੈਸਾ ਪੈਸਾ ਕਰਦੀ ਹੈ
ਪੈਸੇ ਦੀ ਲਗਾ ਦੂੰ ਢੇਰੀ



ਧਰਮ-ਕਰਮ, ਭੋਗ, ਵਿਆਹ ਹਰ ਰਸਮ ਪੈਸੇ ਨਾਲ ਬੱਝੀ ਹੁੰਦੀ ਹੈ। ਵਿਆਹ ਸ਼ਾਦੀਆਂ ਵਿੱਚ ਪੈਸੇ ਕਰਕੇ ਬੁਕਤ ਹੁੰਦੀ ਹੈ। ਅੰਬਾਨੀ ਦੇ ਵਿਆਹ ਸਭ ਨੇ ਦੇਖੇ ਕਿਸ ਤਰ੍ਹਾਂ ਪੈਸਾ ਪਾਣੀ ਵਾਂਗ ਵਹਾਇਆ ਗਿਆ।

ਕਿਸੇ ਦੀ ਦੋ ਡੰਗ ਦੀ ਰੋਟੀ ਨੀ ਪੱਕਦੀ ਕਿਸੇ ਨੂੰ ਇਹ ਨੀ ਪਤਾ ਕਿ ਕਿਵੇਂ ਖਰਚ ਕੀਤਾ ਜਾਵੇ। ਗਰੀਬ ਨੂੰ ਧੀ ਵਿਆਹਉਣ ਦਾ ਫ਼ਿਕਰ ਅਮੀਰ ਨੂੰ ਇਹ ਫ਼ਿਕਰ ਕਿ ਕਿਵੇਂ ਦਿਖਾਇਆ ਜਾਵੇ ਕਿ ਮੇਰੇ ਕੋਲ ਕਿੰਨਾ ਰੁਪਿਆ ਹੈ। ਧੀ ਬਾਪ ਨੂੰ ਵਿਆਹ ’ਤੇ ਪੈਸਾ ਲਾਉਣ ਨੂੰ ਕਹਿੰਦੀ ਹੈ।

ਦਾਜ ਦੇ ਦਈ ਬਾਬਲਾ ਰੱਜ ਕੇ
ਖੜ੍ਹ ਖੜ੍ਹ ਦੇਖੇ ਦੁਨੀਆਂ।

ਸ਼ਗਨ, ਸਾਕ,ਮੌਤ ਵਿਹਾਰ ਸਭ ਪੈਸੇ ਦੀ ਖੇਡ ਹੈ। ਪੰਜਾਬੀ ਵਿਆਹਾਂ ਵਿੱਚ ਤਾਂ ਭਾਂਤ ਭਾਂਤ ਦੀਆਂ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ।

ਸੰਸਾਰ ਨੂੰ ਵੀ ਮਾਇਆ ਕਿਹਾ ਗਿਆ ਹੈ। ਪੈਸਾ ਬੰਦਾ ਦਾ ਇੱਜ਼ਤ ਮਾਣ ਬਣਾ ਦਿੰਦਾ ਹੈ। ਉਸ ਨੂੰ ਸਲਾਮਾਂ ਹੁੰਦੀਆਂ ਹਨ।

ਮਾਇਆ ਤੇਰੇ ਤੀਨ ਨਾਮ
ਪਰਸ਼ੂ, ਪਰਸਾ,ਪਰਸਰਾਮ।

ਬਹੁਤਿਆਂ ਲਈ ਇਹ ਹੱਥਾਂ ਦੀ ਮੈਲ ਹੈ। ਉਹ ਕਹਿੰਦੇ ਨੇ ਤੰਦਰੁਸਤੀ , ਸੁੱਖ ਸ਼ਾਂਤੀ ਵੱਡੀ ਗੱਲ ਹੈ। ਪੈਸਾ ਆਉਂਦਾ ਜਾਂਦਾ ਰਹਿੰਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ

ਪੈਸਾ ਕਾਂ ਬਨੇਰੇ ਦਾ,
ਕਦੀ ਐਸ ਬਨੇਰੇ ਤੇ ਕਦੇ ਓਸ ਬਨੇਰੇ ਤੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੈਸੇ ਦੀ ਲਾਲਸਾ ਨੇ ਮਨੁੱਖ ਵਹਿਸ਼ੀ ਦਰਿੰਦਾ ਬਣਾ ਦਿੱਤਾ ਹੈ। ਅੱਜ ਇਸਨੇ ਸਮਾਜਿਕ ਤਾਣੇ ਬਾਣੇ ਨੂੰ ਉਲਝਾ ਦਿੱਤਾ ਹੈ। ਆਪਸੀ ਭਾਈਚਾਰੇ, ਮੋਹ ਪਿਆਰ ਸਾਡੇ ਕੋਲੋਂ ਦੂਰ ਚਲੇ ਗਏ ਹਨ। ਲੋਕ ਉਸ ਬੰਦੇ ਨੂੰ ਸਲਾਮਾਂ ਕਰਦੇ ਹਨ,ਜਿਸ ਕੋਲ ਪੈਸਾ ਹੁੰਦਾ ਹੈ। ਇਸ ਨੂੰ ਕਮਾਉਣ ਲਈ ਵਿਦੇਸ਼ ਭੱਜ ਰਹੇ ਹਨ। ਧਾਰਮਿਕ ਗ੍ਰੰਥ ਝੂਠੇ ਪਾ ਦਿੱਤੇ ਹਨ। ਲੋਕ ਭੈਣ ਭਾਈਆਂ ਨਾਲ ਵਿਆਹ ਕਰਵਾਕੇ ਬਾਹਰ ਜਾ ਰਹੇ ਹਨ। ਅਮੀਰ ਹੋਰ ਅਮੀਰ ਤੇ ਗਰੀਬ ਦੇ ਦਰਵਾਜ਼ੇ ਪੈਸਾ ਦਸਤਕ ਨਹੀਂ ਦੇ ਰਿਹਾ।

ਪੈਸਾ ਕਮਾਉਣ ਲਈ ਸੱਭਿਆਚਾਰਕ ਮੇਲੇ ਕਰਵਾਏ ਜਾਂਦੇ ਹਨ। ਸਟੇਜਾਂ ’ਤੇ ਕੁੜੀਆਂ ਨੱਚਣ ਪਿੱਛੇ ਵੀ ਪੈਸਾ ਹੀ ਮਜਬੂਰੀ ਬਣ ਜਾਂਦਾ ਹੈ।

ਵਪਾਰੀ ਕਾਲਾ ਬਾਜ਼ਾਰੀ ਕਰਕੇ ਦਿਨ ਰਾਤ ਅਮੀਰ ਹੋ ਰਹੇ ਹਨ। ਪ੍ਰਾਪਰਟੀ ਡੀਲਰ ਤੁਹਾਨੂੰ ਵੱਡੇ ਵੱਡੇ ਸੁਪਣੇ ਦਿਖਾ ਦਿਨੋਂ ਦਿਨ ਪਲਾਟਾਂ ਦੀ ਧੂੜ ਪੱਟੀ ਆਉਂਦੇ ਹਨ। ਮੈਡੀਕਲ ਲਾਇਨ ਵਿੱਚ ਤਾਂ ਬੇੜਾ ਗ਼ਰਕ ਗਿਆ ਹੈ। ਮੋਟੇ ਮੋਟੇ ਕਮੀਸ਼ਨ ਖਾਧੇ ਜਾਂਦੇ ਹਨ। ਲੋਕਾਂ ਦੀਆਂ ਮਰੀਜ਼ ਨੂੰ ਦੱਸੇ ਬਿਨਾਂ ਕਿਡਨੀਆਂ ਵੇਚਣ ਤੱਕ ਦੇ ਕਾਂਡ ਵਾਪਰ ਗਏ ਹਨ। ਐਵੇਂ ਵੱਡੇ ਵੱਡੇ ਅਪਰੇਸ਼ਨ ਕਰਕੇ ਲੁੱਟਿਆ ਜਾ ਰਿਹਾ ਹੈ। ਇਹ ਇੱਕ ਵੱਡਾ ਵਪਾਰ ਬਣ ਗਿਆ ਹੈ। ਦਵਾਈਆਂ, ਟੈਸਟ, ਅਪਰੇਸ਼ਨ ਕਰੋਨਾ ਕਾਲ ਵਿੱਚ ਆਹੂ ਲਾਹ ਦਿੱਤੇ ਗਏ। ਸਭ ਪੈਸੇ ਦੀ ਖੇਡ ਹੈ ਕਿ ਅਧਿਆਪਕ ਸਕੂਲ ਨਾ ਪੜ੍ਹਾਕੇ ਘਰ ਟਿਊਸ਼ਨਾਂ ’ਤੇ ਜ਼ੋਰ ਦੇ ਰਹੇ ਹਨ।

ਪੈਸਾ ਕਮਾਉਣ ਲਈ ਨਕਲੀ ਦਵਾਈਆਂ, ਸਬਜ਼ੀਆਂ, ਨਕਲੀ ਪਨੀਰ, ਨਕਲੀ ਮਠਿਆਈ, ਨਕਲੀ ਦੁੱਧ, ਘਿਓ ਹੋਂਦ ਵਿੱਚ ਆ ਗਏ ਹਨ। ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਖਮਿਆਜ਼ਾ ਭੁਗਤਣਗੀਆਂ। ਪੈਸੇ ਦੇ ਲਾਲਚ ਵਿੱਚ ਨਾ ਮਿੱਟੀ, ਨਾ ਪਾਣੀ ਤੇ ਨਾ ਵਾਤਾਵਰਨ ਸਾਫ ਛੱਡਿਆ ਹੈ।

ਸਰਕਾਰਾਂ ਦੀ ਸ਼ਹਿ ’ਤੇ ਬੈਂਕਾਂ ਦਾ ਪੈਸਾ ਲੈਕੇ ਭੱਜਣ ਵਾਲੇ ਲੋਕ ਬੈਂਕਾਂ ਦੀ ਰਾਮ ਰਾਮ ਸੱਤ ਕਰ ਗਏ ਹਨ। ਸਰਕਾਰਾਂ ਵਿੱਚ ਬੈਠਿਆਂ ਨੂੰ ਆਪਣੇ ਬੱਚਿਆਂ ਦੀ ਹੈ । ਹੋਰ ਕੋਈ ਮਰੇ ਕੋਈ ਜੀਵੇ ਕੋਈ ਫਰਕ ਨਹੀਂ ਪੈਂਦਾ। ਪੈਸੇ ਬਿਨਾਂ ਨਾ ਇਨਸਾਫ, ਨਾ ਕੋਈ ਕੰਮ ਪੂਰਾ ਹੁੰਦਾ ਹੈ। ਇੱਕ ਜੱਜ ਦੇ ਘਰੋਂ ਕਰੋੜਾਂ ਰੁਪਏ ਮਿਲਣਾ ਨਿਆਂ ਪਾਲਿਕਾ ਨੂੰ ਸ਼ੱਕ ਦੇ ਘੇਰੇ ਵਿੱਚ ਲੈਂਦਾ ਹੈ। ਕਿਧਰੇ ਤੋਪਾਂ ਦੇ ਘਪਲੇ, ਫੌਜੀਆਂ ਦੇ ਤਾਬੂਤ, ਯੂਰੀਆ ਦੀ ਠੱਗੀ, ਨਕਲੀ ਬੀਜ ਸਭ ਪੈਸੇ ਲਈ। ਇਲੈਕਸ਼ਨ ਜਿੱਤਣ ਲਈ ਦੱਬ ਕੇ ਪੈਸਾ ਵਹਾਇਆ ਜਾਂਦਾ ਹੈ। ਧਨਾਢ ਲੋਕ ਸਰਕਾਰਾਂ ਬਣਾਉਂਦੇ ਹਨ।

(ਬਾਕੀ ਸਫ਼ਾ 31 ’ਤੇ)

# ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦੀ ਲੋੜ



ਗੁਰਮੀਤ ਸਿੰਘ ਪਲਾਹੀ

ਅੱਜ ਜਿਵੇਂ ਸਿਆਸਤਦਾਨ ਇੱਕ-ਦੂਜੇ ਨਾਲ ਵਿਵਹਾਰ ਕਰਦੇ ਹਨ, ਇੱਕ-ਦੂਜੇ ਬਾਰੇ ਬੋਲਦੇ, ਤਾਹਨੇ-ਮੇਹਨੇ ਦਿੰਦੇ, ਇੱਕ-ਦੂਜੇ ਦੇ ਪੋਤੜੇ ਫੋਲਦੇ, ਇੱਕ-ਦੂਜੇ ਤੇ ਊਜਾਂ ਲਾਉਂਦੇ ਹਨ, ਕੀ ਇਹ ਕਿਸੇ ਸਿਖਿਅਤ ਸਖ਼ਸ਼ੀਅਤ ਦਾ ਵਿਵਹਾਰ ਹੈ? ਲੋਕਾਂ ਦੇ ਮਸਲਿਆਂ ਨੂੰ ਨਾ ਸਮਝਣਾ, ਕੁਰਸੀ ਯੁੱਧ ਨੂੰ ਅਹਿਮੀਅਤ ਦੇਣੀ, ਨੈਤਿਕਤਾ ਦਾ ਪੱਲਾ ਹੱਥੋਂ ਛੱਡ ਦੇਣਾ, ਕਿਸ ਕਿਸਮ ਦੀ ਸਿਆਸਤ ਹੈ? ਪੰਜਾਬ ਦੇ ਪੜ੍ਹੇ-ਲਿਖੇ ਕਿੰਨੇ ਸਿਆਸਤਦਾਨ, ਲੋਕਾਂ ਦਾ ਦਰਦ ਪਛਾਣਦੇ ਹਨ, ਲੋਕਾਂ ਦੇ ਮਸਲਿਆਂ ਦਾ ਹੱਲ ਲੱਭਣ ਲਈ ਡੂੰਘਾਈ 'ਚ ਅਧਿਐਨ ਕਰਦੇ ਹਨ, ਆਪਣੇ ਸੂਬੇ ਦਾ ਕੇਸ ਉਪਰਲੀ ਅਦਾਲਤ, ਜਾਂ ਉਪਰਲੀ ਸਰਕਾਰ ਤੱਕ ਲੈ ਕੇ ਜਾਂਦੇ ਹਨ?

ਕੀ ਸਿਆਸਤਦਾਨ ਪੰਜਾਬ ਦੀ ਆਪਣੀ ਖੇਤੀ ਨੀਤੀ ਬਣਾ ਸਕੇ ਜਾਂ ਵਿਦਵਾਨਾਂ, ਪੜਾਕੂਆਂ, ਪਾਰਖੂਆਂ ਤੋਂ ਬਣਵਾ ਸਕੇ? ਕੀ ਪੰਜਾਬ ਦੀ ਸਿੱਖਿਆ ਨੀਤੀ ਬਣਵਾ ਸਕੇ? ਜਿਸ ਦੀ ਲੋੜ ਅੱਜ ਦੇ ਸਮੇਂ 'ਚ ਵਧੇਰੇ ਹੈ ਪੰਜਾਬੀਆਂ ਨੂੰ। ਕੀ ਇਹ ਸਭ ਕੁਝ ਸਿੱਖਿਆ ਦੀ ਘਾਟ ਦਾ ਸਿੱਟਾ ਨਹੀਂ ਹੈ?

ਗੱਲ ਇਕੱਲੀ ਸਿਆਸਤਦਾਨਾਂ ਦੀ ਹੀ ਨਹੀਂ ਹੈ। ਗੱਲ ਧਾਰਮਿਕ ਸਖ਼ਸ਼ੀਅਤਾਂ ਅਤੇ ਸਮਾਜਕ ਸੇਵਕਾਂ ਨਾਲ ਵੀ ਜੁੜੀ ਹੋਈ ਹੈ। ਗੱਲ ਸੂਬੇ ਦੇ ਵਿਚਾਰਵਾਨਾਂ, ਲੇਖਕਾਂ, ਬੁੱਧੀਜੀਵੀਆਂ ਨਾਲ ਵੀ ਜੁੜੀ ਹੋਈ ਹੈ, ਜਿਹੜੇ ਆਪਣਾ ਬਣਦਾ-ਸਰਦਾ ਰੋਲ ਨਿਭਾਉਣ ਤੋਂ ਅੱਖਾਂ ਮੀਟਕੇ ਸਿਰਫ਼ ਆਪਣੇ 'ਰੋਟੀ ਪਾਣੀ' ਦੇ ਚੱਕਰ 'ਚ ਅੱਖਾਂ ਮੀਟੀ ਬੈਠੇ ਰਹੇ? ਕਿੰਨੇ ਕੁ ਨੀਤੀਵਾਨ, ਵਿਚਾਰਵਾਨ ਇਹੋ ਜਿਹੇ ਹਨ, ਜਿਹੜੇ ਗਰਕ ਹੋ ਰਹੇ, ਉਜੜ ਰਹੇ ਪੰਜਾਬ ਦੀਆਂ ਸਮੱਸਿਆਵਾਂ ਦੇ ਕਾਰਨਾਂ ਨੂੰ ਲੋਕਾਂ ਸਾਹਵੇਂ ਲਿਆ ਰਹੇ ਹਨ? ਜਿਹੜਾ ਕਿ ਉਹਨਾ ਦਾ ਫ਼ਰਜ਼ ਹੈ। ਯੂਨੀਵਰਸਿਟੀਆਂ ਸੁੱਤੀਆਂ ਪਈਆਂ ਹਨ। ਹਜ਼ਾਰਾਂ ਲੋਕ ਸਿਰਫ਼ ਖੋਜ਼ ਦੇ ਨਾਅ 'ਤੇ ਪੀ.ਐੱਚ.ਡੀ. ਕਰਦੇ ਹਨ, ਆਪਣਾ ਕੈਰੀਅਰ ਬਨਾਉਣ ਲਈ, ਪੈਸੇ ਕਮਾਉਣ ਲਈ ਅਤੇ ਬੱਸ ਸਰਖ਼ਰੂ ਹੋ ਜਾਂਦੇ ਹਨ। ਭੁੱਲ ਹੀ ਗਏ ਹਨ ਸਿੱਖਿਆ ਦੇ ਅਰਥ! ਭੁੱਲ ਹੀ ਗਏ ਹਨ ਕਿ ਵਿਦਵਾਨਾਂ, ਖੋਜ਼ੀਆਂ ਦਾ ਫਰਜ਼ ਲੋਕਾਂ ਨੂੰ ਚਾਨਣਾ ਦੇਣਾ ਹੈ, ਸਿਰਫ਼ ਵਾਹ ਵਾਹ ਖੱਟਣਾ ਜਾਂ ਚੇਲਿਆਂ, ਬਾਲਕਿਆਂ ਤੋਂ ਵਾਹ-ਵਾਹ ਕਰਵਾਉਣਾ ਨਹੀਂ।

ਆਜ਼ਾਦੀ ਉਪਰੰਤ ਪੰਜਾਬ ਦੋ ਹਿੱਸਿਆਂ 'ਚ ਵੰਡਿਆ ਗਿਆ। ਲੱਖਾਂ ਬੱਚੇ, ਸਕੂਲਾਂ ਤੋਂ ਬਾਂਝੇ ਹੋ ਗਏ। ਗਰਮ-ਸਰਦ ਸਮਿਆਂ 'ਚ ਪੰਜਾਬ ਦੀ ਸਿੱਖਿਆ ਮਧੋਲੀ ਗਈ। ਸਮਾਂ ਬੀਤਣ 'ਤੇ ਬੇਰੁਜ਼ਗਾਰੀ ਵਧੀ। ਪ੍ਰਵਾਸ ਵਧਿਆ। ਆਇਲਿਟਸ ਨੇ ਪੰਜਾਬ ਦੀ ਸਿੱਖਿਆ ਤੇ ਸਿੱਖਿਆ ਸੰਸਥਾਵਾਂ ਰੋਲ ਦਿੱਤੀਆਂ, ਬੰਦ ਕਰਵਾ ਦਿੱਤੀਆਂ। ਕਿਹੜੀ ਸਰਕਾਰ ਕਾਰਨ ਜਾਣ ਸਕੀ ਕਿ ਇਹ ਪ੍ਰਵਾਸ ਨੌਜਵਾਨਾਂ ਦੀ ਮਜ਼ਬੂਰੀ ਕਿਉਂ ਬਣ ਰਿਹਾ ਹੈ? ਬੇਰੁਜ਼ਗਾਰੀ, ਨਸ਼ਿਆਂ ਦਾ ਵਗਦਾ ਦਰਿਆ, ਸਿੱਖਿਆ ਦੀ ਘਾਟ ਦਾ ਹੀ ਤਾਂ ਸਿੱਟਾ ਹੈ। ਸਿੱਖਿਆ ਹੋਏਗੀ, ਚੰਗੀ ਖੇਤੀ ਹੋਏਗੀ। ਸਿੱਖਿਆ ਹੋਏਗੀ ਰੁਜ਼ਗਾਰ ਹੋਏਗਾ, ਕਾਰੋਬਾਰ ਹੋਏਗਾ। ਪਰ ਜੇਕਰ ਸਿੱਖਿਆ ਦੇ ਮੁੱਢਲੇ ਅਧਿਕਾਰ ਨੂੰ ਸਰਕਾਰਾਂ ਭੁੱਲਕੇ ਪਬਲਿਕ ਸਕੂਲਾਂ ਰਾਹੀਂ ਲੋਕਾਂ ਤੋਂ ਪੈਸਾ ਬਟੋਰਨ ਦੇ ਚੱਕਰ 'ਚ ਆਪਣਾ ਫ਼ਰਜ਼ ਹੀ ਭੁੱਲ ਜਾਣਗੀਆਂ ਤਾਂ ਉਸ ਖਿੱਤੇ ਦੇ ਲੋਕਾਂ ਦਾ ਆਖ਼ਰ ਹਾਲ ਕੀ ਹੋ ਜਾਏਗਾ? ਉਹੋ ਹਾਲ ਹੋਏਗਾ, ਜੋ ਪੰਜਾਬ ਦੇ ਲੋਕਾਂ ਦਾ ਇਸ ਵੇਲੇ ਹੋਇਆ ਪਿਆ ਹੈ। ਲੱਖ ਸਰਕਾਰ ਇਹ ਕਹੇ ਕਿ ਪੰਜਾਬ ਦੇ ਸਰਾਕਰੀ ਸਕੂਲਾਂ ਦਾ ਢਾਂਚਾ ਸੁਧਾਰ ਦਿੱਤਾ ਹੈ, ਇਸਨੂੰ ਪਬਲਿਕ ਸਕੂਲਾਂ ਦੇ ਹਾਣ ਦਾ ਕਰ ਦਿੱਤਾ ਹੈ ਕਹਿਣ ਨੂੰ ਇਹ ਸਿੱਖਿਆ ਕ੍ਰਾਂਤੀ ਹੈ ਪਰ ਅੱਜ ਵੀ ਸਰਕਾਰੀ ਸਕੂਲ ਆਮ ਆਦਮੀ ਦੀ ਆਖ਼ਰੀ ਮਜ਼ਬੂਰੀ ਬਣੇ ਹੋਏ ਹਨ, ਜਿਥੇ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਮਨੋ ਨਹੀਂ, ਬੇਬਸੀ 'ਚ ਭੇਜਦਾ ਹੈ। ਹਾਲ ਪਬਲਿਕ ਸਕੂਲਾਂ ਦਾ ਵੀ ਇਹੋ ਹੈ, ਜਿਥੇ ਸਿੱਖਿਆ ਦਿੱਤੀ ਨਹੀਂ ਜਾਂਦੀ, ਵੇਚੀ ਜਾਂਦੀ ਹੈ। ਹਾਲ ਪ੍ਰੋਫੈਸ਼ਨਲ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਪ੍ਰੋਫੈਸ਼ਨਲ ਕਾਲਜਾਂ ਦਾ ਵੀ ਇਹੋ ਹੈ। ਸਵਾਲ ਉੱਠਦਾ ਹੈ ਕਿ ਕੀ ਸਿੱਖਿਆ ਕੋਈ ਵੇਚਣ ਵਾਲੀ ਚੀਜ਼ ਹੈ? ਪੰਜਾਬ 'ਚ 17 ਯੂਨੀਵਰਸਿਟੀਆਂ ਹਨ, ਜੋ ਸਰਕਾਰੀ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਹਨ। 14 ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਹਨ। 8 ਮੈਡੀਕਲ ਕਾਲਜ ਹਨ। ਦਰਜਨਾਂ ਇੰਜੀਨੀਅਰਿੰਗ ਟੈਕਨੌਲੌਜੀ ਕਾਲਜ ਹਨ। ਆਰਟਸ ਕਾਲਜਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ। ਪਬਲਿਕ ਮਾਡਲ ਸਕੂਲ ਥਾਂ-ਥਾਂ ਖੁਲ੍ਹੇ ਹੋਏ ਹਨ। ਪਰ ਇਹਨਾ ਸਾਰਿਆਂ ਤੋਂ ਵੱਧ ਮਨਜ਼ੂਰਸ਼ੁਦਾ ਅਤੇ ਗ਼ੈਰ-ਮਨਜ਼ੂਰਸ਼ੁਦਾ ਆਇਲਿਟਸ ਸੈਂਟਰ ਹਨ। ਪਰ ਬਹੁਤ ਹੀ ਘੱਟ ਗਿਣਤੀ 'ਚ ਪੀ.ਸੀ.ਐੱਸ., ਆਈ.ਏ.ਐੱਸ., ਆਈ.ਪੀ.ਐੱਸ., ਕੰਪੀਟੀਸ਼ਨ ਦੀ ਤਿਆਰੀ ਕਰਵਾਉਣ ਵਾਲੇ ਸੈਂਟਰ ਹਨ।

ਲਗਭਗ ਹਰ ਪਿੰਡ ਅਤੇ ਹਰ ਸ਼ਹਿਰ 'ਚ ਸਰਕਾਰੀ ਪ੍ਰਾਇਮਰੀ ਸਕੂਲ ਹੈ, ਤੇ ਵੱਡੀ ਗਿਣਤੀ 'ਚ ਮਿਡਲ, ਹਾਈ, ਹਾਇਰ ਸੈਕੰਡਰੀ ਸਕੂਲ ਹਨ। ਉਸ ਸੂਬੇ 'ਚ ਜਿਥੇ ਸਕੂਲਾਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਦੀ ਭਰਮਾਰ ਹੋਵੇ ਉਥੇ ਇਹਨਾ ਵਿਦਿਅਕ ਸੰਸਥਾਵਾਂ 'ਚ ਜਦੋਂ ਅਸਲ ਸਿੱਖਿਆ ਦੀ ਘਾਟ ਹੋਵੇ, ਤਾਂ ਸਵਾਲ ਚੁੱਕਣਾ ਤਾਂ ਬਣਦਾ ਹੀ ਹੈ ਕਿ ਇਹ ਸਿੱਖਿਆ ਅਦਾਰੇ ਆਖ਼ਰ ਖੋਲ੍ਹੇ ਹੀ ਕਿਉਂ ਗਏ ਹੋਏ ਹਨ? ਕੀ ਇਹਨਾਂ ਦੇ ਖੋਲ੍ਹਣ ਪਿੱਛੇ ਸੇਵਾ ਭਾਵਨਾ ਹੈ, ਜਾਂ ਕਾਰੋਬਾਰੀ ਭਾਵਨਾ? ਕਦੇ ਮਿਸ਼ਨਰੀ ਲੋਕਾਂ ਨੇ ਪੰਜਾਬ ਨੂੰ ਸਿੱਖਿਅਤ ਕਰਨ ਲਈ ਆਰੀਆ, ਖ਼ਾਲਸਾ, ਕ੍ਰਿਸੀਚੀਅਨ ਸਕੂਲ ਖੋਲ੍ਹੇ ਸਨ। ਪਰ ਸਰਕਾਰੀ ਨੀਤੀਆਂ ਨੇ ਇਹਨਾਂ ਸੰਸਥਾਵਾਂ ਨੂੰ ਨਿਹੱਥੇ ਕਰ ਦਿੱਤਾ। ਪਬਲਿਕ ਸਕੂਲਾਂ, ਪ੍ਰੋਫੈਸ਼ਨਲ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਇਹ ਸੰਸਥਾਵਾਂ ਨੂੰ ਪਿੱਛੇ ਧੱਕ ਕੇ, ਸਰਕਾਰੀ ਸਕੂਲਾਂ, ਕਾਲਜਾਂ ਦੀ ਫੱਟੀ-ਵਸਤਾ ਵੀ ਪੋਚ ਦਿੱਤਾ।

ਅੱਜ ਸੂਬੇ ਦੇ ਸਿੱਖਿਆ ਪੱਖੋਂ ਹਾਲਾਤ ਮਾੜੇ ਹਨ। ਬਾਵਜੂਦ ਇਸ ਸਭ ਕੁਝ ਦੇ ਕਿ ਸਰਕਾਰ ਸਿੱਖਿਆ ਕ੍ਰਾਂਤੀ ਦੀ ਗੱਲ ਕਰ ਰਹੀ ਹੈ। ਸਕੂਲਾਂ 'ਚ ਟੀਚਰਾਂ ਦੀ ਘਾਟ ਹੈ। ਸਕੂਲਾਂ 'ਚ ਵਿਦਿਆਰਥੀਆਂ ਦੀ ਘਾਟ ਹੈ। ਸਕੂਲਾਂ 'ਚ ਬੁਨਿਆਦੀ ਢਾਂਚੇ ਦੀ ਕਮੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਕੂਲਾਂ ਵਿੱਚ ਕੱਚੇ, ਪੱਕੇ ਠੇਕੇ 'ਤੇ, ਕਮੇਟੀ ਵਾਲੇ ਟੀਚਰ ਪੜ੍ਹਾਈ ਕਰਵਾ ਰਹੇ ਹਨ। ਕਮੇਟੀ ਵਾਲੇ ਟੀਚਰਾਂ ਦੀ ਤਨਖ਼ਾਹ 2000 ਰੁਪਏ ਮਹੀਨਾ ਜਾਂ ਤਿੰਨ ਹਜ਼ਾਰ ਰੁਪਏ ਮਹੀਨਾ ਹੈ। ਇਹ ਕਿਸ ਕਿਸਮ ਦੀ ਪੜ੍ਹਾਈ ਪਰੋਸੀ ਜਾ ਰਹੀ ਹੈ? ਕਈ ਪ੍ਰਾਈਵੇਟ ਸਕੂਲ ਇਹੋ ਜਿਹੇ ਹਨ ਜਿਥੇ ਖਾਤਿਆਂ 'ਚ ਤਨਖ਼ਾਹਾਂ ਦੇਣ ਸਮੇਂ ਪੂਰਾ ਗ੍ਰੇਡ ਦਿੱਤਾ ਜਾ ਰਿਹਾ ਹੈ ਪਰ ਤਨਖ਼ਾਹਾਂ ਵਾਪਿਸ ਜਮ੍ਹਾਂ ਕਰਵਾਈਆਂ ਜਾ ਰਹੀਆਂ ਹਨ। ਇਹੋ ਜਿਹੇ ਅਧਿਆਪਕ ਕਿਹੋ ਜਿਹੀ ਸਿੱਖਿਆ ਦੇਣਗੇ? ਨਵੇਂ ਸਰਕਾਰੀ ਕਾਲਜ ਖੋਲ੍ਹੇ ਜਾ ਰਹੇ ਹਨ, ਟੀਚਰ ਇਥੇ ਵੀ ਠੇਕੇ 'ਤੇ ਹਨ।

ਅੱਜ ਪੰਜਾਬ 'ਚ ਸਿੱਖਿਆ ਦਾ ਹਾਲ ਕੀ ਹੈ? ਪ੍ਰਾਇਮਰੀ, ਮਿਡਲ ਸਰਕਾਰੀ ਸਕੂਲਾਂ 'ਚ ਟੀਚਰਾਂ ਦੀ ਘਾਟ ਹੈ। ਪੰਜ -ਪੰਜ ਕਲਾਸਾਂ ਲਈ ਇੱਕ ਅਧਿਆਪਕ। ਬੀਤੇ ਸਮਿਆਂ 'ਚ ਵਿਦਿਆਰਥੀ ਤੱਪੜ 'ਤੇ ਬੈਠਦੇ ਸੀ, ਚੰਗੇ ਗਿਆਨਵਾਨ ਟੀਚਰਾਂ ਤੋਂ ਪੜ੍ਹਦੇ ਸੀ। ਆਲੇ-ਦੁਆਲੇ ਨੂੰ ਵੇਖਦੇ ਸੀ, ਚੰਗੀ ਸੋਚ ਬਣਦੀ ਸੀ। ਹੁਣ ਸੋਚ ਉਤੇ ਪਰਦਾ ਪੈ ਗਿਆ ਹੈ। ਪਬਲਿਕ ਸਕੂਲ ਮਾਂ-ਬੋਲੀ ਪੰਜਾਬੀ ਤੋਂ ਪ੍ਰਹੇਜ ਕਰਦੇ ਹਨ, ਮਾਪੇ ਬੱਚਿਆਂ ਨੂੰ ਬਾਹਰਵੀਂ ਪਾਸ ਤੋਂ ਬਾਅਦ ਸਿੱਧਾ ਆਇਲਿਟਸ ਕਰਵਾਕੇ ਬੇਗਾਨੇ ਮੁਲਕਾਂ 'ਚ ਭੇਜ ਰਹੇ ਹਨ। ਬਰੇਨ ਡਰੇਨ ਹੋ ਰਿਹਾ, ਧੰਨ ਦੀ ਇਥੋਂ ਨਿਕਾਸੀ ਹੋ ਰਹੀ ਹੈ। ਇਥੇ ਖੋਲ੍ਹੇ ਆਰਟਸ ਕਾਲਜ, ਪ੍ਰੋਫੈਸ਼ਨਲ ਕਾਲਜ ਬੰਦ ਹੋ ਰਹੇ ਹਨ, ਸੀਟਾਂ ਨਹੀਂ ਭਰੀਆਂ ਜਾ ਰਹੀਆਂ। ਯੂਨੀਵਰਸਿਟੀਆਂ ਜਿਹਨਾ ਵਿਚਾਰਵਾਨ ਪੈਦਾ ਕਰਨੇ ਹਨ, ਪ੍ਰੋਫੈਸਰਾਂ, ਅਧਿਆਪਕਾਂ ਤੋਂ ਸੱਖਣੀਆਂ ਹਨ। ਸਰਕਾਰਾਂ ਨੇ, ਸਿੱਖਿਆ ਸਿਸਟਮ ਨੇ ਅਧਿਆਪਕਾਂ ਨੂੰ ਚੁੱਪ-ਚਾਪ ਦੁੱਖ ਸਹਿਣ ਵਾਲੇ ਮਜ਼ਦੂਰ ਬਣਾ ਦਿੱਤਾ ਹੈ।

ਪੰਜਾਬ ਨੂੰ ਸੱਚੀਂ-ਮੁੱਚੀ ਸਿੱਖਿਆ ਕ੍ਰਾਂਤੀ ਦੀ ਲੋੜ ਹੈ। ਪੰਜਾਬ 'ਸਿੱਖਿਆ ਦੇ ਖੇਤਰ' 'ਚ ਸੰਕਟ 'ਚ ਹੈ। ਉਸੇ ਕਿਸਮ ਦੇ ਸੰਕਟ 'ਚ ਜਿਵੇਂ ਦੇ ਸੰਕਟ 'ਚ ਪੰਜਾਬ ਦਾ ਸਭਿਆਚਾਰ ਹੈ। ਪੰਜਾਬ ਦੀ ਧਰਤੀ ਹੈ, ਜੋ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਅੱਗੇ ਵੱਧ ਰਹੀ ਹੈ। ਪੰਜਾਬੀ ਭਾਈਚਾਰੇ ਦਾ, ਪੰਜਾਬ ਦੀ ਧਰਤੀ ਦਾ ਮੂਲ ਸਿਧਾਂਤ ਪੰਚਾਇਤੀ ਸੱਥ ਟੁਟ ਚੁੱਕੀ ਹੈ। ਫ਼ੈਸਲੇ ਹੁਣ ਪਰਿਆ 'ਚ ਨਹੀਂ, ਅਦਾਲਤੀ, ਥਾਣਿਆਂ ਜਾਂ ਸਿਆਸੀ ਢੁੱਠਾ ਵਾਲੇ ਲੋਕਾਂ ਦੇ ਦਰਾਂ 'ਤੇ ਹੁੰਦੇ ਹਨ। ਆਪਸੀ ਵਿਚਾਰ ਵਟਾਂਦਰਾ ਸੱਥਾਂ 'ਚੋਂ ਗਾਇਬ ਕਰ ਦਿੱਤਾ ਗਿਆ ਹੈ। ਤਾਕਤ ਪੈਸਿਆਂ ਵਾਲਿਆਂ ਹੱਥ ਫੜਾ ਦਿੱਤੀ ਗਈ ਹੈ।

(ਬਾਕੀ ਸਫ਼ਾ 30 'ਤੇ)

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਪੰਜਾਬੀ ਪਹਿਰਾਵੇ ਦੀ ਪਛਾਣ

# ਫੁਲਕਾਰੀ





ਦਵਿੰਦਰ ਕੌਰ ਖੁਸ਼ ਧਾਲੀਵਾਲ

ਫੁਲਕਾਰੀ ਅਤੇ ਘੱਗਰੇ ਦਾ ਜ਼ਿਕਰ ਹਰ ਗੀਤ, ਕਾਵਿ ਵਿੱਚ ਸਾਨੂੰ ਆਸਾਨੀ ਨਾਲ ਮਿਲ ਜਾਂਦਾ ਹੈ। ਜਿਵੇਂ ਗਿੱਧਾ ਅਤੇ ਭੰਗੜਾ ਪੰਜਾਬੀ ਸੱਭਿਆਚਾਰ ਦੀ ਪਛਾਣ ਹਨ, ਉਵੇਂ ਹੀ ਫੁਲਕਾਰੀ ਅਤੇ ਘੱਗਰਾ ਪੰਜਾਬੀ ਪਹਿਰਾਵੇ ਦੀ ਪਛਾਣ ਹੈ। ਫੁਲਕਾਰੀ ਦੀ ਕਢਾਈ ਲਈ ਲਾਲ, ਸੰਤਰੀ, ਖੱਦਰ ਦੇ ਕੱਪੜੇ ਉੱਪਰ 'ਪਟ' ਦੇ ਧਾਗੇ ਦੀ ਵਰਤੋਂ ਕੀਤੀ ਜਾਂਦੀ ਹੈ। ਫੁੱਲਾਂ ਦੀ ਕਢਾਈ ਕਰਨ ਲਈ ਹਮੇਸ਼ਾਂ 'ਜਿਓਮੈਟਰੀਕਲ' ਡਿਜ਼ਾਈਨਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਉਸੇ ਤਰ੍ਹਾਂ ਘੱਗਰੇ ਦੇ ਵੀ ਡਿਜ਼ਾਇਨ ਦੇ ਨਾਮ ਵੱਖਰੇ ਵੱਖਰੇ ਹਨ। ਘੱਗਰਾ ਪੰਜਾਬੀ ਔਰਤਾਂ ਦੀ ਪੁਸ਼ਾਕ ਦਾ ਇੱਕ ਹਿੱਸਾ ਹੈ ਜਿਸ ਨੂੰ ਟਿਓਰ ਵੀ ਕਹਿੰਦੇ ਹਨ।

ਪਹਿਲੇ ਜ਼ਮਾਨੇ ਵਿੱਚ ਇਹ ਔਰਤਾਂ ਦੁਆਰਾ ਆਮ ਤੌਰ 'ਤੇ ਪਾਈ ਜਾਣ ਵਾਲੀ ਪੁਸ਼ਾਕ ਸੀ, ਪਰ ਹੁਣ ਇਹ ਪੰਜਾਬੀ ਔਰਤਾਂ ਦੁਆਰਾ ਖ਼ਾਸ ਮੌਕਿਆਂ 'ਤੇ ਹੀ ਪਾਇਆ ਜਾਂਦਾ ਹੈ। ਇਸ ਦੇ ਨਾਲ ਕੁੜਤਾ ਅਤੇ ਚੁੰਨੀ ਪਹਿਨੀ ਜਾਂਦੀ ਹੈ। ਫੁਲਕਾਰੀ ਅਤੇ ਘੱਗਰੇ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ, ਪਹਿਲੇ ਜ਼ਮਾਨੇ ਵਿੱਚ ਫੁਲਕਾਰੀ ਅਤੇ ਘੱਗਰੇ ਤੋਂ ਬਿਨਾਂ ਕੋਈ ਵੀ ਰਿਵਾਜ ਅਧੂਰਾ ਹੁੰਦਾ ਸੀ।

ਘੇਰਦਾਰ ਵਸਤਰ ਜੋ ਵਿਆਹੀਆਂ ਇਸਤਰੀਆਂ ਲੱਕ ਦੁਆਲੇ ਪਹਿਨਦੀਆਂ ਸਨ, ਉਸ ਨੂੰ ਘੱਗਰਾ ਕਹਿੰਦੇ ਹਨ। ਕਈ ਇਲਾਕਿਆਂ ਵਿੱਚ ਘੱਗਰੇ ਨੂੰ ਲਹਿੰਗਾ ਵੀ ਕਹਿੰਦੇ ਹਨ। ਪਹਿਲੇ ਸਮਿਆਂ ਵਿੱਚ ਪਿੰਡ ਦੀਆਂ ਬਹੂਆਂ ਦੀ ਪਛਾਣ ਘੱਗਰੇ ਤੋਂ ਹੁੰਦੀ ਸੀ। ਬਹੂਆਂ ਚਾਹੇ ਬੁੱਢੀਆਂ ਹੋ ਜਾਂਦੀਆਂ ਸਨ, ਪਰ ਉਹ ਘੱਗਰਾ ਪਾਉਂਦੀਆਂ ਸਨ। ਘੱਗਰੇ ਦਾਜ ਵਿੱਚ ਦਿੱਤੇ ਜਾਂਦੇ ਸਨ। ਸਾਟਨ, ਰੇਸ਼ਮੀ, ਸੰਘਈ, ਸੂਫ, ਟੂਲ ਆਦਿ ਦੇ ਗੋਟੇ ਕਿਨਾਰੀਆਂ ਵਾਲੇ, ਲੌਣ ਵਾਲੇ ਘੱਗਰੇ ਦਾਜ ਦਾ ਜ਼ਰੂਰੀ ਹਿੱਸਾ ਹੁੰਦੇ ਸਨ। ਕਾਲੀ ਸੂਫ ਦੇ ਘੱਗਰੇ ਜ਼ਿਆਦਾ ਵਰਤੇ ਜਾਂਦੇ ਸਨ। ਬੜੀ ਉਮਰ ਵਾਲੀਆਂ ਔਰਤਾਂ ਚਿੱਟੇ ਘੱਗਰੇ ਪਹਿਨਦੀਆਂ ਸਨ। ਇਸਤਰੀਆਂ ਦੇ ਪਹਿਨਣ ਵਾਲੇ ਕੱਪੜਿਆਂ ਵਿੱਚੋਂ ਸਭ ਤੋਂ ਜ਼ਿਆਦਾ ਕੱਪੜਾ ਘੱਗਰੇ ਉੱਪਰ ਲੱਗਦਾ ਸੀ। ਇਹ ਦਸ ਗਜ਼ ਤੋਂ ਲੈ ਕੇ ਵੀਹ ਗਜ਼ ਤੱਕ ਹੁੰਦਾ ਸੀ। ਨਵੀਆਂ ਬਹੂਆਂ ਦੇ ਘੱਗਰਿਆਂ ਵਿੱਚ ਸਿਲਮੇ ਸਿਤਾਰਿਆਂ ਵਾਲੇ ਰੇਸ਼ਮੀ ਨਾਲੇ ਪਾਏ ਹੁੰਦੇ ਸਨ। ਘੱਗਰੇ ਦਾ ਨਾਲਾ ਵੱਖੀ ਪਾਸੇ ਬੰਨ੍ਹਿਆਂ ਜਾਣ ਕਰ ਕੇ ਨਾਲਿਆਂ ਦਾ ਵਿਖਾਵਾ ਵੀ ਕੀਤਾ ਜਾਂਦਾ ਸੀ। ਹੁਣ ਨਾ ਕੋਈ ਨਵੀਂ ਵਿਆਹੀ ਵਹੁਟੀ ਅਤੇ ਨਾ ਹੀ ਬੁੱਢੀ ਘੱਗਰਾ ਪਾਉਂਦੀ ਹੈ। ਹਾਂ! ਸਟੇਜ ਉੱਪਰ ਗਿੱਧਾ ਪਾਉਂਦੀਆਂ ਕੁੜੀਆਂ ਦੇ ਪਾਏ ਘੱਗਰੇ ਕਦੇ-ਕਦੇ ਜ਼ਰੂਰ ਵੇਖੇ ਜਾਂਦੇ ਹਨ। ਘੱਗਰੇ ਹੁਣ ਅਜਾਇਬ ਘਰ ਦਾ ਸਿੰਗਾਰ ਬਣ ਗਏ ਹਨ।

ਘੱਗਰੇ ਦੀ ਸ਼ੁਰੂਆਤ ਗੁਪਤ ਕਾਲ ਤੋਂ ਹੋਈ ਅਤੇ ਇਸ ਨੂੰ ਕੰਡਾਟਕਾ ਕਿਹਾ ਜਾਂਦਾ ਸੀ ਜੋ ਕਿ ਮਰਦਾਨਾ ਅੱਧੀ ਪਤਲੂਨ ਹੁੰਦੀ ਸੀ, ਪਰ ਬਾਅਦ ਵਿੱਚ ਇਸ ਤੋਂ ਘੱਗਰੇ ਦੀ ਸ਼ੁਰੂਆਤ ਹੋਈ। ਕੰਡਾਟਕਾ ਸੱਤਵੀਂ ਸ਼ਤਾਬਦੀ ਵਿੱਚ ਔਰਤਾਂ ਦੀ ਇੱਕ ਮਸ਼ਹੂਰ ਪੁਸ਼ਾਕ ਮੰਨੀ ਜਾਂਦੀ ਸੀ। ਪਹਿਲੇ ਜ਼ਮਾਨੇ ਵਿੱਚ ਪੰਜਾਬੀ ਔਰਤਾਂ ਆਮ ਹੀ ਇਸ ਨੂੰ ਪਹਿਨਦੀਆਂ ਸਨ, ਪਰ ਹੁਣ ਇਹ ਖ਼ਾਸ ਮੌਕਿਆਂ 'ਤੇ ਹੀ ਪਾਇਆ ਜਾਂਦਾ ਹੈ। ਪੰਜਾਬ ਦੀਆਂ ਔਰਤਾਂ ਕੁੜਤੀ ਦੇ ਨਾਲ ਘੱਗਰੇ ਦੀ ਵਰਤੋਂ ਕਰਦੀਆਂ ਸਨ। ਘੱਗਰਾ ਵਿਆਹੀਆਂ ਹੋਈਆਂ ਸੁਆਣੀਆਂ ਦੀ ਇੱਜ਼ਤ ਦਾ ਪ੍ਰਤੀਕ ਸੀ। ਹਰ ਵਿਆਂਦੜ ਨੂੰ ਸਹੁਰੇ ਘਰ ਤੋਂ ਬਾਹਰ ਜਾਣ ਸਮੇਂ ਘੱਗਰਾ ਪਾਉਣਾ ਜ਼ਰੂਰੀ ਸੀ।

ਜਦੋਂ ਕੋਈ ਸੱਜ-ਵਿਆਹੀ ਮੁਟਿਆਰ ਸਹੁਰੇ ਪਿੰਡ ਦੀ ਜੂਹ ਵਿੱਚ ਪੁੱਜਦੀ ਤਾਂ ਘਰ ਜਾਂ ਸ਼ਰੀਕੇ ਦੀਆਂ ਦੋ-ਤਿੰਨ ਔਰਤਾਂ ਘੱਗਰਾ ਲੈ ਕੇ ਉਸ ਨੂੰ ਲੈਣ ਜਾਂਦੀਆਂ ਤੇ ਸਹੁਰਿਆਂ ਵੱਲੋਂ ਤਿਆਰ ਕਰਾਇਆ ਗੂੜ੍ਹਾ ਚਮਕਦਾਰ ਘੱਗਰਾ ਪਹਿਨਾਇਆ ਜਾਂਦਾ। ਫਿਰ ਉਹ ਮੁਟਿਆਰ ਘੱਗਰਾ ਪਾ ਕੇ ਘਰ ਆਉਂਦੀ ਕਿਉਂਕਿ ਨੂੰਹਾਂ ਲਈ ਘੱਗਰਾ ਪਹਿਨਣਾ ਜ਼ਰੂਰੀ ਸੀ। ਘੱਗਰੇ ਤੋਂ ਹੀ ਪਤਾ ਲੱਗਦਾ ਸੀ ਕਿ ਇਹ ਪਿੰਡ ਦੀ ਨੂੰਹ ਹੈ। ਉਦੋਂ ਕੁਆਰੀ ਕੁੜੀ ਨੂੰ ਘੱਗਰਾ ਪਾਉਣਾ ਵਰਜਿਤ ਸੀ। ਘੱਗਰੇ ਤੋਂ ਬਿਨਾਂ ਖੇਤ ਭੱਤਾ ਲੈ ਕੇ ਜਾਂਦੀ, ਖੂਹ ਤੋਂ ਪਾਣੀ ਭਰਦੀ, ਸੱਥ ਵਿੱਚੋਂ ਲੰਘਦੀ ਜਾਂ ਭਾਈਚਾਰਕ ਇਕੱਠ ਵਿੱਚ ਸ਼ਰੀਕ ਹੁੰਦੀ ਨੂੰਹ ਨੂੰ ਸਲੀਕੇਦਾਰ ਜਾਂ ਇੱਜ਼ਤਦਾਰ ਔਰਤ ਨਹੀਂ ਮੰਨਿਆ ਜਾਂਦਾ ਸੀ। ਘੱਗਰੇ ਆਮ ਤੌਰ 'ਤੇ ਕਾਲੀ ਸੂਫ, ਹਰੀ ਛੈਲ ਜਾਂ ਸਾਟਨ ਦੇ ਹੁੰਦੇ ਸਨ। ਖ਼ਾਸ ਕਰ ਜਾਗੋ ਵੇਲੇ ਨਾਨਕੀਆਂ ਵੱਲੋਂ ਕਾਲੇ ਸੂਫ ਦੇ ਘੱਗਰੇ ਪਾਏ ਜਾਂਦੇ ਸਨ ਤੇ ਸਿਰ 'ਤੇ ਖੱਦਰ ਤੇ ਹੱਥ ਨਾਲ ਕਢਾਈ ਕੀਤੇ ਹੋਏ ਬਾਗ ਲਏ ਜਾਂਦੇ ਸਨ।



ਫੁਲਕਾਰੀ ਇੱਕ ਤਰ੍ਹਾਂ ਦੀ ਕਢਾਈ ਹੁੰਦੀ ਹੈ ਜੋ ਚੁੰਨੀਆਂ/ਦੁਪੱਟਿਆਂ ਉੱਤੇ ਹੱਥਾਂ ਰਾਹੀਂ ਕੀਤੀ ਜਾਂਦੀ ਹੈ। ਫੁਲਕਾਰੀ ਸ਼ਬਦ 'ਫੁੱਲ' ਅਤੇ 'ਕਾਰੀ' ਤੋਂ ਬਣਿਆ ਹੈ ਜਿਸ ਦਾ ਮਤਲਬ ਫੁੱਲਾਂ ਦੀ ਕਾਰੀਗਰੀ ਹੈ। ਪਹਿਲੋਂ ਪਹਿਲ ਇਹ ਸ਼ਬਦ ਹਰ ਤਰ੍ਹਾਂ ਦੀ ਬੁਣਾਈ, ਕਢਾਈ ਲਈ ਵਰਤਿਆ ਜਾਂਦਾ ਸੀ, ਪਰ ਬਾਅਦ ਵਿੱਚ ਇਹ ਸ਼ਾਲਾਂ ਅਤੇ ਸਿਰ 'ਤੇ ਲੈਣ ਵਾਲੀਆਂ ਚਾਦਰਾਂ ਲਈ ਰਾਖਵਾਂ ਹੋ ਗਿਆ। ਪੰਜਾਬੀ ਲੋਕ ਸ਼ਿਲਪ ਕਲਾ ਦੀਆਂ ਵਿਭਿੰਨ ਵੰਨਗੀਆਂ ਵਿੱਚ ਫੁਲਕਾਰੀ ਕਲਾ ਦਾ ਅਹਿਮ ਸਥਾਨ ਹੈ। ਫੁਲਕਾਰੀ ਪੰਜਾਬਣ ਦਾ ਕੱਜਣ ਹੈ ਜੋ ਉਸ ਦੇ ਮਨ ਦੇ ਵਲਵਲਿਆਂ, ਰੀਝਾਂ ਅਤੇ ਸਿਰਜਣਸ਼ਕਤੀ ਦਾ ਪ੍ਰਤੀਕ ਰਹੀ ਹੈ।

ਪੁਰਾਣੇ ਸਮਿਆਂ ਵਿੱਚ ਬਚਪਨ ਵਿੱਚ ਹੀ ਧੀਆਂ ਧਿਆਣੀਆਂ ਨੂੰ ਚੱਜ ਸਲੀਕੇ ਦੀ ਸਿੱਖਿਆ ਦਿੱਤੀ ਜਾਣ ਲੱਗਦੀ ਤੇ ਸੁਰਤ ਸੰਭਾਲਦਿਆਂ ਹੀ ਉਨ੍ਹਾਂ ਨੂੰ ਚੁੱਲ੍ਹੇ ਚੌਂਕੇ ਦੇ ਕੰਮਾਂ ਤੋਂ ਇਲਾਵਾ ਕੱਢਣ, ਬੁਣਨ ਅਤੇ ਕੱਤਣ ਦਾ ਕੰਮ ਵੀ ਸਿਖਾਇਆ ਜਾਂਦਾ ਸੀ। ਕੁੜੀਆਂ ਸਹਿਜ-ਸਹਿਜ ਇਸ ਕਲਾ ਵਿੱਚ ਮਾਹਰ ਹੁੰਦੀਆਂ। ਪੰਜਾਬੀ ਸਮਾਜ ਵਿੱਚ ਲੜਕੀ ਨੂੰ ਵਿਆਹ ਸਮੇਂ ਦਿੱਤੇ ਜਾਣ ਵਾਲੇ ਦਾਜ ਵਿੱਚ ਕੁਝ ਵਸਤਾਂ ਲੜਕੀ ਆਪ ਤਿਆਰ ਕਰਦੀ। ਇਹ ਉਸ ਦੀ ਕਲਾ-ਕੁਸ਼ਲਤਾ ਦਾ ਪ੍ਰਮਾਣ ਹੁੰਦੀਆਂ ਸਨ। ਆਪਣੇ ਮਨ ਦੀਆਂ ਭਾਵਨਾਵਾਂ, ਮਨਇੱਛਤ ਹਮਸਫਰ ਦੀ ਤਾਂਘ, ਸੁਖਮਈ ਭਵਿੱਖ ਦੇ ਸੁਪਨੇ ਇਨ੍ਹਾਂ ਸਭ ਦਾ ਪ੍ਰਗਟਾਵਾ ਉਹ ਖੁੱਲ੍ਹ ਕੇ ਨਹੀਂ ਕਰ ਸਕਦੀ ਸੀ। ਆਪਣੀਆਂ ਇਨ੍ਹਾਂ ਭਾਵਨਾਵਾਂ ਦੇ ਪ੍ਰਗਟਾਵੇ ਲਈ ਉਸ ਨੇ ਕਲਾਕ੍ਰਿਤਾਂ ਵੀ ਇੱਕ ਪ੍ਰਮੁੱਖ ਮਾਧਿਅਮ ਬਣਾਈਆਂ। ਕਿਸੇ ਰੁਮਾਲ, ਚਾਦਰ, ਫੁਲਕਾਰੀ 'ਤੇ ਰੰਗ ਬਿਰੰਗੇ ਧਾਗਿਆਂ ਨਾਲ ਬਣਾਏ ਫੁੱਲ, ਕਲੋਲਾਂ ਕਰਦੇ ਪੰਛੀ, ਹਿਰਨ ਜਿੱਥੇ ਪਿਆਰ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ, ਉੱਥੇ ਡਾਰੋਂ ਵਿੱਛੜੀ ਕੂੰਜ ਦੇ ਵਿਛੋੜੇ ਅਤੇ ਮਨ ਦੀ ਉਦਾਸੀਨਤਾ ਨੂੰ ਇੱਕ ਇਕੱਲਾ ਦਰੱਖਤ ਪ੍ਰਗਟ ਕਰਦਾ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦੀਆਂ ਮੁਟਿਆਰਾਂ। ਕਿਰਤੀ ਵਰਗ ਦੀਆਂ ਮੁਟਿਆਰਾਂ ਵੱਲੋਂ ਚਿੱਤਰੇ ਆਕਾਰ ਰੰਗ ਰੂਪ ਵਧੇਰੇ ਜੀਵਤ ਸਨ ਕਿਉਂਕਿ ਘਰੋਗੀ ਥੁੜ੍ਹਾਂ ਦੀ ਸੁਪਨਸਾਜ਼ੀ ਕਰਨ ਲਈ ਉਨ੍ਹਾਂ ਕੋਲ ਇੱਕੋ-ਇੱਕ ਵਸੀਲਾ ਸੀ ਫੁਲਕਾਰੀ। ਆਪਣੇ ਮਨ ਦੀਆਂ ਭਾਵਨਾਵਾਂ ਅਤੇ ਰੀਝਾਂ ਦੇ ਪ੍ਰਗਟਾਵੇ ਲਈ ਸਿਰਫ਼ ਇੱਕ ਮੋਟੀ ਸੂਈ ਸੀ ਜਾਂ ਖੱਦਰ ਦਾ ਕੱਪੜਾ ਜਾਂ ਰੰਗ-ਬਿਰੰਗੇ ਧਾਗੇ।

ਫੁਲਕਾਰੀ ਦਾ ਉਪਯੋਗ ਪੰਜਾਬੀ ਕੁੜੀਆਂ ਦੁਆਰਾ ਵਿਆਹ ਅਤੇ ਤਿਉਹਾਰਾਂ ਦੇ ਮੌਕੇ ਉੱਤੇ ਕੀਤਾ ਜਾਂਦਾ ਹੈ। ਸ਼ਗਨਾਂ ਦੇ ਮੌਕਿਆਂ 'ਤੇ ਲੋਕ ਫੁਲਕਾਰੀਆਂ ਤੇ ਘੱਗਰੇ ਦੀ ਹੀ ਵਰਤੋਂ ਕਰਦੇ ਸਨ। ਲੋਕ ਦਾਜ ਵਿੱਚ ਧੀਆਂ ਨੂੰ ਵੀ ਫੁਲਕਾਰੀਆਂ ਅਤੇ ਬਾਗ ਦਿੰਦੇ। ਇਹ ਫੁਲਕਾਰੀਆਂ ਨਾਨੀਆਂ, ਦਾਦੀਆਂ ਤੋਂ ਅੱਗੇ ਪੀੜ੍ਹੀ ਦਰ ਪੀੜ੍ਹੀ ਚੱਲਦੀਆਂ ਰਹਿੰਦੀਆਂ। ਵਿਆਹ ਦੇ ਰਸਮੋ ਰਿਵਾਜਾਂ ਵਿੱਚ ਜਿਵੇਂ ਚੂੜਾ ਚੜ੍ਹਾਉਣ ਵੇਲੇ ਨਾਨੀ ਆਪਣੀ ਦੋਹਤੀ ਨੂੰ ਚੋਪ ਪਹਿਨਾਉਂਦੀ। ਚੋਪ ਫੁਲਕਾਰੀ ਤੋਂ ਥੋੜ੍ਹਾ ਵੱਡਾ ਹੁੰਦਾ ਸੀ। ਲਾਵਾਂ ਫੇਰਿਆਂ ਦੇ ਮੌਕਿਆਂ 'ਤੇ ਕੁੜੀ ਸਿਰ 'ਤੇ ਫੁਲਕਾਰੀ ਲੈਂਦੀ ਜੋ ਉਸ ਲਾੜੀ ਦੇ ਰੂਪ ਨੂੰ ਚਾਰ ਚੰਨ ਲਾ ਦਿੰਦੀ। ਫੁਲਕਾਰੀ ਨਾਲ ਪੰਜਾਬਣਾਂ ਦੀਆਂ ਅਨੇਕਾਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਜੋ ਲੋਕ ਗੀਤਾਂ ਵਿੱਚ ਪ੍ਰਗਟ ਹੁੰਦੀਆਂ ਹਨ;

ਫੁਲਕਾਰੀ ਮੇਰੀ ਰੇਸ਼ਮੀ ਰੰਗ ਢੁਕਾਏ ਠੀਕ
ਛੇਤੀ ਦਰਸ਼ਨ ਦੇਵਣੇ, ਮੈਂ ਰਸਤੇ ਰਹੀ ਉਡੀਕ
ਵੀਰ ਮੇਰੇ ਨੇ ਕੁੜਤੀ ਭੇਜੀ, ਭਾਬੋ ਨੇ ਫੁਲਕਾਰੀ
ਨੀਂ ਜੁੱਗ-ਜੁੱਗ ਜੀ ਭਾਬੋ, ਲੱਗੇ ਵੀਰ ਤੋਂ ਪਿਆਰੀ।
ਉਨ੍ਹਾਂ ਸਮਿਆਂ ਵਿੱਚ ਕਿਤੇ ਬੁੱਢੀ ਦਾਦੀ ਸਿਰ 'ਤੇ ਫੁਲਕਾਰੀ ਲਈ ਨਜ਼ਰ ਆਉਂਦੀ, ਕਿਤੇ ਆਪਣੇ ਸਿਰ 'ਤੇ ਆਪਣੇ ਸਾਈਂ ਦਾ ਭੱਤਾ ਚੁੱਕੀ ਜਾਂਦੀ ਮੁਟਿਆਰ ਦੀ ਫੁਲਕਾਰੀ 'ਵਾਜ਼ਾਂ ਮਾਰਦੀ;
ਅੱਗੇ-ਅੱਗੇ ਮੈਂ ਤੁਰਦੀ, ਮੇਰੇ ਤੁਰਦੇ ਨੇ ਮਗਰ ਸ਼ਿਕਾਰੀ
ਹਵਾ ਵਿੱਚ ਉੱਡਦੀ ਫਿਰੇ, ਮੇਰੀ ਤਿੱਤਰਾਂ ਵਾਲੀ ਫੁਲਕਾਰੀ

ਬਾਗ ਬਹੁਤ ਮਿਹਨਤ ਨਾਲ ਤਿਆਰ ਕੀਤੀ ਜਾਣ ਵਾਲੀ ਫੁਲਕਾਰੀ ਹੈ। ਸੱਚਮੁਚ ਹੀ ਇਹ ਇੱਕ ਮੁਟਿਆਰ ਦੀਆਂ ਆਸਾਂ ਤੇ ਉਮੰਗਾਂ ਦੇ ਬਾਗ ਦਾ ਪ੍ਰਗਟਾਵਾ ਹੈ। ਇਸ ਵਿੱਚ ਸਾਰੇ ਕੱਪੜੇ ਉੱਤੇ ਤਿਕੋਣੇ ਪੈਟਰਨ ਚਿੱਤਰੇ ਜਾਂਦੇ ਹਨ। ਇਸ ਦੀ ਕਢਾਈ ਬਹੁਤ ਸੰਘਣੀ ਹੁੰਦੀ ਹੈ। ਇਹ ਕਢਾਈ ਪੱਟ ਦੇ ਧਾਗੇ ਨਾਲ ਕੀਤੀ ਜਾਂਦੀ ਹੈ। ਲਾਲ ਜਾਂ ਗੂੜ੍ਹੇ ਲਾਲ ਖੱਦਰ ਦੀ ਫੁਲਕਾਰੀ ਨੂੰ ਚੋਪ ਕਹਿੰਦੇ ਹਨ। ਇਹ ਬਹੁਤ ਸੋਹਣੀ ਲਾਲ ਰੰਗ ਦੀ ਫੁਲਕਾਰੀ ਜਿਹੜੀ ਨਵ-ਵਿਆਹੁਤਾ ਨੂੰ ਉਸ ਦੀ ਮਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਫੁਲਕਾਰੀ ਵਿੱਚ ਕੰਨੀਆਂ ਉੱਤੇ ਕਢਾਈ ਕੀਤੀ ਜਾਂਦੀ ਹੈ ਜੋ ਲਾੜੀ ਨੂੰ ਬੁਰੀ ਨਜ਼ਰ ਤੋਂ ਬਚਾਉਂਦੀ ਹੈ। ਸੁੱਭਰ ਵੀ ਲਾਲ ਸ਼ਗਨਾਂ ਦਾ ਕੱਪੜਾ ਹੁੰਦਾ ਹੈ ਜਿਸ ਦੇ ਚਾਰੇ ਕੋਨੇ ਕੱਢੇ ਜਾਂਦੇ ਹਨ। ਲਾਲ ਜਾਂ ਗੂੜ੍ਹੇ ਲਾਲ ਖੱਦਰ ਦੀ ਫੁਲਕਾਰੀ ਨੂੰ ਸਾਲੂ ਵੀ ਕਹਿੰਦੇ ਹਨ।

ਨੀਲਕ, ਨੀਲੇ ਰੰਗ ਦੀ ਫੁਲਕਾਰੀ ਹੈ ਜਿਸ ਉੱਪਰ ਪੀਲੇ ਅਤੇ ਗੂੜ੍ਹੇ ਲਾਲ ਰੰਗ ਦੀ ਕਢਾਈ ਕੀਤੀ ਜਾਂਦੀ ਸੀ। ਕਈ ਵਾਰ ਨੀਲਕ ਨੂੰ ਕਾਲੇ ਕੱਪੜੇ ਉੱਪਰ ਵੀ ਕੱਢਿਆ ਜਾਂਦਾ ਸੀ। ਇਸ ਉੱਪਰ ਘਰ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਜਿਵੇਂ ਕੰਘਾ, ਪੱਖਾ, ਛੱਤਰੀ, ਫੁੱਲ ਆਦਿ ਦੀ ਸ਼ਕਲ ਬਣਾਈ ਜਾਂਦੀ ਸੀ। ਸਭ ਤੋਂ ਸਸਤੀ ਕਢਾਈ ਵਾਲੀ ਫੁਲਕਾਰੀ ਨੂੰ ਤਿਲ ਪੱਤਰਾ ਕਹਿੰਦੇ ਹਨ। ਇਸ ਵਿੱਚ ਖੱਦਰ ਉੱਪਰ ਨਿੱਕੇ ਫੁੱਲਾਂ ਦੀ ਕਢਾਈ ਕੀਤੀ ਹੁੰਦੀ ਸੀ। ਇਹ ਫੁਲਕਾਰੀ ਘਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਜਾਂ ਦੂਰ ਦੇ ਰਿਸ਼ਤੇਦਾਰਾਂ ਨੂੰ ਭੇਟ ਵਜੋਂ ਦਿੱਤੀ ਜਾਂਦੀ ਸੀ। ਬਹੁਤੇ ਲੋਕ ਇਸ ਨੂੰ ਆਪ ਰੀਝ ਨਾਲ ਨਹੀਂ ਕੱਢਦੇ ਸਗੋਂ ਬਾਹਰ ਤੋਂ ਕਢਾਈ ਕਰਾਈ ਜਾਂਦੀ ਹੈ। ਇਨ੍ਹਾਂ ਉੱਪਰ ਛਿੱਦੇ ਛਿੱਦੇ ਤੋਪੇ ਭਰੇ ਹੁੰਦੇ ਹਨ ਜਿਨ੍ਹਾਂ ਨੂੰ ਲੋਕ ਬੋਲੀ ਵਿੱਚ ਸੜੋਪੇ ਕਿਹਾ ਜਾਂਦਾ ਹੈ।

ਛਮਾਸ ਜਾਂ ਸ਼ੀਸ਼ਦਾਰ ਫੁਲਕਾਰੀ ਉਹ ਹੁੰਦੀ ਹੈ ਜਿਸ ਲਈ ਗੂੜ੍ਹੇ ਲਾਲ ਅਤੇ ਭੂਰੇ ਰੰਗ ਦੇ ਖੱਦਰ ਉੱਪਰ ਸ਼ੀਸ਼ੇ ਲਗਾ ਕੇ ਕਢਾਈ ਕੀਤੀ ਜਾਂਦੀ ਸੀ। ਇਹ ਦੱਖਣ-ਪੱਛਮੀ ਪੁਰਾਤਨ ਪੰਜਾਬ ਦੀ ਪ੍ਰਚੱਲਿਤ ਕਢਾਈ ਵਿੱਚੋਂ ਇੱਕ ਸੀ, ਪਰ ਹੁਣ ਇਹ ਹਰਿਆਣਾ ਵਿੱਚ ਪ੍ਰਚੱਲਿਤ ਕਢਾਈ ਹੈ। ਸ਼ੀਸ਼ਦਾਰ ਫੁਲਕਾਰੀ ਨੂੰ ਛਮਾਸ ਵੀ ਕਿਹਾ ਜਾਂਦਾ ਸੀ, ਇਸ ਉੱਪਰ ਸ਼ੀਸ਼ੇ ਲਾਏ ਜਾਂਦੇ ਹਨ। ਇਹ ਫੁਲਕਾਰੀ ਜ਼ਿਆਦਾਤਰ ਅਬੋਹਰ ਦੇ ਖੇਤਰ ਵਿੱਚ ਪ੍ਰਚੱਲਿਤ ਸੀ।

ਘੁੰਗਟਬਾਟ ਨਾਂ ਦੀ ਫੁਲਕਾਰੀ ਵਿੱਚ ਸਿਰ ਵਾਲੇ ਹਿੱਸੇ ਉੱਪਰ ਤਿਕੋਣੀ ਕਢਾਈ ਕੀਤੀ ਜਾਂਦੀ ਹੈ। ਇਸ ਵਿੱਚ ਗੋਟੇ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਘੁੰਗਟਬਾਟ ਫੁਲਕਾਰੀ ਨੂੰ ਜ਼ਿਆਦਾਤਰ ਭਾਂਡੇ ਬਣਾਉਣ ਵਾਲੀਆਂ ਔਰਤਾਂ ਵਰਤਦੀਆਂ ਹਨ [ਘੁੰਮਿਆਰ] ਕਿਉਂਕਿ ਤਿਕੋਣਾ ਹਿੱਸਾ ਉਨ੍ਹਾਂ ਨੂੰ ਘੁੰਡ ਕੱਢਣ ਦੇ ਕੰਮ ਆਉਂਦਾ ਸੀ, ਤਿਕੋਣੇ ਹਿੱਸੇ ਨੂੰ ਆਸਾਨੀ ਨਾਲ ਗਲ ਵਿੱਚ ਪਾਈ ਹੋਈ ਮਾਲਾ ਦੇ ਉੱਪਰ ਲਪੇਟਿਆ ਜਾਂਦਾ ਸੀ।

ਦਰਸ਼ਨ ਦੁਆਰ ਜਾਂ ਦਰਵਾਜ਼ਾ ਨਾਂ ਦੀ ਫੁਲਕਾਰੀ ਦੀ ਵਰਤੋਂ ਉਸ ਵੇਲੇ ਕੀਤੀ ਜਾਂਦੀ ਸੀ, ਜਦੋਂ ਦਰਵਾਜ਼ੇ ਉੱਪਰ ਆਉਣ ਵਾਲੇ ਕਿਸੇ ਖ਼ਾਸ ਵਿਅਕਤੀ ਦਾ ਸਵਾਗਤ ਕਰਨਾ ਹੁੰਦਾ ਸੀ। ਜਿਸ ਫੁਲਕਾਰੀ ਲਈ ਚਿੱਟੇ ਰੰਗ ਦੇ ਖੱਦਰ ਦੀ ਵਰਤੋਂ ਹੋਵੇ, ਉਸ ਨੂੰ ਥਿਰਮਾ ਕਿਹਾ ਜਾਂਦਾ ਹੈ। ਹਿੰਦੂ ਪਰਿਵਾਰਾਂ ਵਿੱਚ ਨਵੀਂ ਵਿਆਹੀ ਲੜਕੀ ਦੇ ਪਰਿਵਾਰ ਵੱਲੋਂ ਇਹ ਭੇਟਾ ਦਿੱਤੀ ਜਾਂਦੀ ਸੀ। ਜਿੰਨੇ ਵੀ ਥਿਰਮਾਂ ਭੇਟ ਕੀਤੇ ਜਾਂਦੇ ਸਨ, ਉਸ ਨਾਲ ਲੜਕੀ ਪਰਿਵਾਰ ਦੀ ਹੈਸੀਅਤ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। ਇਸ ਵਿੱਚ ਫੁੱਲਾਂ ਦੀ ਕਢਾਈ ਲਾਲ, ਹਰੇ ਅਤੇ ਨੀਲੇ ਰੰਗ ਦੀ ਹੁੰਦੀ ਸੀ।

ਅਜੋਕੇ ਪੰਜਾਬ ਦਾ ਇਹ ਦੁਖਾਂਤ ਹੈ ਕਿ ਫੁਲਕਾਰੀ ਤੇ ਘੱਗਰੇ ਲੋਪ ਹੋ ਰਹੇ ਹਨ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਔਰਤਾਂ ਕੋਲ ਫੁਲਕਾਰੀ ਕੱਢਣ ਦੀ ਵਿਹਲ ਨਹੀਂ। ਹੁਣ ਮਸ਼ੀਨਾਂ ਦੇ ਬਣੇ ਸ਼ਾਲ, ਚਾਦਰਾਂ ਘਰ-ਘਰ ਆ ਚੁੱਕੀਆਂ ਹਨ। ਕਲਾ ਦੇ ਇਸ ਰੂਪ ਨੂੰ ਸਾਂਭ ਕੇ ਰੱਖਣ ਦੀ ਲੋੜ ਹੈ ਤਾਂ ਜੋ ਰੀਝਾਂ ਦੀ ਫੁਲਕਾਰੀ ਮੁੜ ਦੁਬਾਰਾ ਸ਼ਿੰਗਾਰ ਦਾ ਆਧਾਰ ਬਣ ਜਾਵੇ।



# ਦੁਨੀਆਂ ਦੀ ਸਭ ਤੋਂ ਵੱਡੀ ਰਸੋਈ



## ਜਿੱਥੇ ਰੋਜ਼ਾਨਾ ਲੱਖਾਂ ਲੋਕਾਂ ਨੂੰ ਮੁ਼ਫਤ ਮਿਲਦਾ ਹੈ ਗਰਮਾ-ਗਰਮ ਭੋਜਨ

ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ, ਭਾਰਤ ਵਖਰੇਵਿਆਂ ਦਾ ਦੇਸ਼ ਹੈ। ਭਾਰਤ 'ਚ ਕਈ ਖ਼ੂਬਸੂਰਤ ਸਥਾਨ ਹਨ ਜਿਨ੍ਹਾਂ ਦੀ ਤੁਸੀਂ ਯਾਤਰਾ ਕਰ ਸਕਦੇ ਹੋ। ਇੱਥੇ ਬਹੁਤ ਸਾਰੇ ਮੰਦਰ ਤੇ ਗੁਰਦੁਆਰੇ ਵੀ ਹਨ ਜਿਨ੍ਹਾਂ ਨੇ ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਹੋਈ ਹੈ। ਇਨ੍ਹਾਂ ਵਿੱਚੋਂ ਇੱਕ ਪੰਜਾਬ ਦੇ ਅੰਮ੍ਰਿਤਸਰ ਦਾ ਗੋਲਡਨ ਟੈਂਪਲ ਹੈ।

ਇਹ ਸਿੱਖ ਧਰਮ ਦਾ ਸਭ ਤੋਂ ਪਵਿੱਤਰ ਤੀਰਥ ਸਥਾਨ ਹੈ। ਇਸ ਤੋਂ ਇਲਾਵਾ, ਗੋਲਡਨ ਟੈਂਪਲ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਗੋਲਡਨ ਟੈਂਪਲ ਨੇੜੇ ਇੱਕ ਸਰੋਵਰ ਹੈ, ਜਿਸਨੂੰ ਅੰਮ੍ਰਿਤ ਸਰੋਵਰ ਕਿਹਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਸਰੋਵਰ 'ਚ ਨਹਾਉਣ ਨਾਲ ਵਿਅਕਤੀ ਨੂੰ ਆਧਿਆਤਮਕ ਲਾਭ ਪ੍ਰਾਪਤ ਹੁੰਦੇ ਹਨ। ਗੋਲਡਨ ਟੈਂਪਲ 'ਚ ਰੋਜ਼ਾਨਾ ਲੰਗਰ ਵੀ ਚਲਦਾ ਹੈ। ਇੱਥੇ ਚੱਲਣ ਵਾਲੀ 'ਗੁਰੂ ਕਾ ਲੰਗਰ' ਸੇਵਾ ਦੁਨੀਆਂ ਦੀ ਸਭ ਤੋਂ ਵੱਡੀ ਮੁ਼ਫਤ ਰਸੋਈ ਮੰਨੀ ਜਾਂਦੀ ਹੈ।

ਕਿਹਾ ਜਾਂਦਾ ਹੈ ਕਿ ਇੱਥੇ ਹਰ ਰੋਜ਼ ਇੱਕ ਲੱਖ ਸ਼ਰਧਾਲੂ ਲੰਗਰ ਛਕਦੇ ਹਨ। ਕਿਸੇ ਖਾਸ ਮੌਕੇ 'ਤੇ ਇਹ ਗਿਣਤੀ ਡੇਢ ਤੋਂ ਦੋ ਲੱਖ ਤੱਕ ਵੀ ਪਹੁੰਚ ਜਾਂਦੀ ਹੈ। ਇਸ ਦੀ ਖਾਸੀਅਤ ਇਹ ਹੈ ਕਿ ਇਹ ਲੰਗਰ 24 ਘੰਟੇ ਤੇ ਸੱਤੋਂ ਦਿਨ ਚਲਦਾ ਹੈ। ਆਓ, ਲੰਗਰ ਨਾਲ ਜੁੜੀਆਂ ਕੁਝ ਜ਼ਰੂਰੀ ਗੱਲਾਂ ਨੂੰ ਵਿਸਥਾਰ ਨਾਲ ਜਾਣਦੇ ਹਾਂ।

### ਲੰਗਰ ਦੀ ਪਰੰਪਰਾ ਤੇ ਮਕਸਦ

ਤੁਹਾਨੂੰ ਦੱਸ ਦਈਏ ਕਿ ਲੰਗਰ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਸਾਲ 1481 'ਚ ਕੀਤੀ ਸੀ। ਮਕਸਦ ਇਹ ਸੀ ਕਿ ਹਰ ਇਨਸਾਨ, ਚਾਹੇ ਉਸਦਾ ਧਰਮ, ਜਾਤੀ ਜਾਂ ਵਰਗ ਕੁਝ ਵੀ ਹੋਵੇ, ਇਕੱਠੇ ਬੈਠ ਕੇ ਬਰਾਬਰ ਖਾਣਾ ਖਾ ਸਕੇ। ਇਹ ਸਿਰਫ ਖਾਣਾ ਨਹੀਂ, ਸਗੋਂ ਸਮਾਨਤਾ ਤੇ ਸੇਵਾ ਦੀ ਭਾਵਨਾ ਦਾ ਵੀ ਪ੍ਰਤੀਕ ਮੰਨਿਆ ਜਾਂਦਾ ਹੈ।

### ਕਿਵੇਂ ਚਲਦਾ ਹੈ ਇਹ ਵਿਸ਼ਾਲ ਲੰਗਰ ?

ਗੋਲਡਨ ਟੈਂਪਲ 'ਚ ਦੋ ਵੱਡੇ ਹਾਲ ਬਣਾਏ ਗਏ ਹਨ, ਜਿੱਥੇ ਹਰ ਸ਼ਿਫਟ 'ਚ ਹਜ਼ਾਰਾਂ ਲੋਕ ਇਕੱਠੇ ਬੈਠ ਕੇ ਖਾਣਾ ਖਾਂਦੇ ਹਨ। ਭੋਜਨ ਪੂਰੀ ਤਰ੍ਹਾਂ ਮੁ਼ਫਤ ਹੁੰਦਾ ਹੈ ਅਤੇ ਸੇਵਾ ਦੀ ਜ਼ਿੰਮੇਵਾਰੀ ਸੈਂਕੜੇ ਸੇਵਾਦਾਰਾਂ ਦੇ ਮੋਢੇ 'ਤੇ ਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਸੇਵਾਦਾਰਾਂ 'ਚ ਕੋਈ ਪ੍ਰੋਫੈਸ਼ਨਲ ਕੁੱਕ ਨਹੀਂ ਹੁੰਦਾ, ਸਗੋਂ ਇਨ੍ਹਾਂ ਵਿੱਚੋਂ ਬਹੁਤ ਸਾਰੇ ਆਮ ਲੋਕ ਹੁੰਦੇ ਹਨ ਜੋ ਸ਼ਰਧਾ ਨਾਲ ਸੇਵਾ ਕਰਦੇ ਹਨ। ਇਨ੍ਹਾਂ ਦੀ ਗਿਣਤੀ ਵੀ ਸੈਂਕੜੇ 'ਚ ਹੁੰਦੀ ਹੈ।







### ਰਸੋਈ 'ਚ ਕੀ-ਕੀ ਲੱਗਦਾ ਹੈ ?

ਹਰ ਰੋਜ਼ ਇਸ ਰਸੋਈ 'ਚ ਲਗਪਗ 100 ਕੁਇੰਟਲ ਕਣਕ, 25 ਕੁਇੰਟਲ ਦਾਲ, 10 ਕੁਇੰਟਲ ਚਾਵਲ, ਪੰਜ ਹਜ਼ਾਰ ਲੀਟਰ ਦੁੱਧ, 10 ਕੁਇੰਟਲ ਚੀਨੀ, 5 ਕੁਇੰਟਲ ਸ਼ੁੱਧ ਘਿਊ ਤੇ ਸਬਜ਼ੀਆਂ ਦਾ ਇਸਤੇਮਾਲ ਹੁੰਦਾ ਹੈ। ਇੱਥੇ 100 ਤੋਂ ਵੱਧ ਸਿਲੰਡਰ ਵੀ ਵਰਤੇ ਜਾਂਦੇ ਹਨ। 100 ਤੋਂ ਵੱਧ ਮੁਲਾਜ਼ਮ ਰਸੋਈ ਦੀ ਜ਼ਿੰਮੇਵਾਰੀ ਸੰਭਾਲਦੇ ਹਨ। ਇੱਥੇ ਇੱਕ ਵਿਸ਼ੇਸ਼ ਮਸ਼ੀਨ ਵੀ ਲਗਾਈ ਗਈ ਹੈ ਜੋ ਇੱਕ ਘੰਟੇ ਵਿੱਚ 25 ਹਜ਼ਾਰ ਰੋਟੀਆਂ ਬਣਾ ਸਕਦੀ ਹੈ। ਇਸ ਤੋਂ ਇਲਾਵਾ, ਵੱਡੀਆਂ ਕੜਾਹੀਆਂ 'ਚ ਦਾਲ, ਸਬਜ਼ੀ ਅਤੇ ਖੀਰ ਬਣਾਈ ਜਾਂਦੀ ਹੈ।

### ਕੋਈ ਫੰਡ ਨਹੀਂ ਲਿਆ ਜਾਂਦਾ

ਇਸ ਲੰਗਰ ਦੀ ਖਾਸ ਗੱਲ ਇਹ ਹੈ ਕਿ ਇਸਨੂੰ ਚਲਾਉਣ ਲਈ ਸਰਕਾਰ ਤੋਂ ਕਿਸੇ ਵੀ ਤਰ੍ਹਾਂ ਦਾ ਫੰਡ ਨਹੀਂ ਲਿਆ ਜਾਂਦਾ। ਜੋ ਵੀ ਦਾਨ ਦਿੰਦਾ ਹੈ, ਉਸੇ ਨਾਲ ਇਸਦੀ ਤਿਆਰੀ ਕੀਤੀ ਜਾਂਦੀ ਹੈ। ਲੋਕ ਪੈਸੇ, ਅਨਾਜ, ਦੁੱਧ, ਘਿਊ ਜਾਂ ਆਪਣੀ ਸੇਵਾ ਦੇ ਕੇ ਸਹਾਇਤਾ ਕਰਦੇ ਹਨ। ਸਿੱਖ ਧਰਮ 'ਚ 'ਦਸਵੰਧ' ਦਾ ਅਰਥ ਹੈ ਕਮਾਈ ਦਾ ਦਸਵਾਂ ਹਿੱਸਾ ਸੇਵਾ 'ਚ ਲਗਾਉਣ ਦੀ ਪਰੰਪਰਾ, ਜਿਸ ਵਿੱਚ ਲੱਖਾਂ ਲੋਕ ਯੋਗਦਾਨ ਦਿੰਦੇ ਹਨ।

### ਪਹਿਲਾਂ ਤੋਂ ਤੈਅ ਹੁੰਦਾ ਹੈ ਮੈਨਿਊ

ਇਸ ਲੰਗਰ 'ਚ ਹਰ ਰੋਜ਼ ਇੱਕ ਲੱਖ ਤੋਂ ਵੱਧ ਲੋਕ ਖਾਣਾ ਖਾਂਦੇ ਹਨ। ਸ਼ਰਧਾਲੂਆਂ ਨੂੰ ਸੇਵਾਦਾਰ ਹੀ ਖਾਣਾ ਖਵਾਉਂਦੇ ਹਨ। ਜਦੋਂ ਇਕ ਪੰਗਤ ਖਾ ਕੇ ਉੱਠ ਜਾਂਦੀ ਹੈ ਤਾਂ ਮਸ਼ੀਨ ਨਾਲ ਹਾਲ ਦੀ ਤੁਰੰਤ ਸਫਾਈ ਕੀਤੀ ਜਾਂਦੀ ਹੈ। ਇੱਥੇ ਦਾ ਖਾਣਾ ਬਹੁਤ ਸਵਾਦੀ ਹੁੰਦਾ ਹੈ। ਖਾਣੇ ਦਾ ਮੈਨਿਊ ਪਹਿਲਾਂ ਤੋਂ ਤੈਅ ਹੁੰਦਾ ਹੈ।


### ਸਿਰ਼ਫ ਭੋਜਨ ਨਹੀਂ, ਇੱਕ ਸੁਨੇਹਾ

ਇਹ ਲੰਗਰ ਸਿਰਫ ਭੁੱਖ ਮਿਟਾਉਣ ਦਾ ਜ਼ਰੀਆ ਨਹੀਂ, ਸਗੋਂ ਮਨੁੱਖਤਾ ਅਤੇ ਏਕਤਾ ਦਾ ਸੁਨੇਹਾ ਵੀ ਦਿੰਦਾ ਹੈ। ਇੱਥੇ ਅਮੀਰ-ਗਰੀਬ, ਹਿੰਦੂ-ਮੁਸਲਮਾਨ, ਦੇਸੀ-ਵਿਦੇਸ਼ੀ, ਹਰ ਕੋਈ ਇਕੱਠੇ ਬੈਠ ਕੇ ਆਪਣੀ ਮਰਜ਼ੀ ਨਾਲ ਖਾਣਾ ਖਾਂਦਾ ਹੈ। ਇਹ ਦ੍ਰਿਸ਼ ਇੱਕ ਅਜਿਹੇ ਸਮਾਜ ਦੀ ਕਲਪਨਾ ਕਰਾਉਂਦਾ ਹੈ, ਜਿੱਥੇ ਕੋਈ ਭੇਦਭਾਵ ਨਾ ਹੋਵੇ। ਦੁਨੀਆਂ ਭਰ ਦੇ ਸਾਰੇ ਗੁਰਦੁਆਰਿਆਂ 'ਚ ਲੰਗਰ ਦੀ ਵਿਵਸਥਾ ਹੁੰਦੀ ਹੈ, ਪਰ ਗੋਲਡਨ ਟੈਂਪਲ ਦਾ ਲੰਗਰ ਆਪਣੇ ਆਪ 'ਚ ਵਿਲੱਖਣ ਹੈ।

# ਕੀ ਗੁਰੂ ਨਾਨਕ ਦੇਵ ਜੀ ਚੀਨ ਯਾਤਰਾ 'ਤੇ ਗਏ ਸਨ?

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਭਾਈ ਗੁਰਦਾਸ ਜੀ ਦੇ ਸ਼ਬਦ ਹਨ 'ਜਿੱਥੇ ਬਾਬਾ ਪੈਰੁ ਧਰਿ, ਪੂਜਾ ਆਸਣੁ ਥਾਪਣਿ ਸੋਆ'। ਭਾਈ ਸਾਹਿਬ ਵੱਲੋਂ ਉਚਾਰੇ ਗਏ ਇਨ੍ਹਾਂ ਸ਼ਬਦਾਂ ਅਨੁਸਾਰ ਸੰਸਾਰ ਦੀ ਉਹ ਹਰ ਥਾਂ ਪਾਵਨ ਤੇ ਪੂਜਣਯੋਗ ਹੈ, ਜਿੱਥੇ ਲੋਕਾਈ ਦੇ ਰਹਿਬਰ ਤੇ ਸੱਚ-ਧਰਮ ਦੇ ਪ੍ਰਚਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਚਰਨ ਪਾਏ। ਇਸੇ ਤਰ੍ਹਾਂ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਗੁਰਬਾਣੀ ਵਿੱਚ ਫ਼ਰਮਾਇਆ ਹੈ 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ'। ਭਾਵ ਜਿੱਥੇ ਵੀ ਸਤਿਗੁਰਾਂ ਨੇ ਆਪਣੇ ਮੁਬਾਰਕ ਕਦਮ ਰੱਖੇ, ਉਸ ਧਰਤੀ ਦਾ ਕਣ-ਕਣ ਸੁਹਾਵਣਾ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਜਗਤ ਦੇ ਕਲਿਆਣ ਹਿਤ ਜਦੋਂ ਸਾਲ 1514 ਤੋਂ 1518 ਦੌਰਾਨ ਕੀਤੀ ਆਪਣੀ ਤੀਜੀ ਉਦਾਸੀ 'ਤੇ ਨਿਕਲੇ ਤਾਂ ਚਲਦਿਆਂ-ਚਲਦਿਆਂ ਉਹ ਚੀਨ ਦੇ ਦੱਖਣ-ਪੱਛਮੀ ਇਲਾਕੇ ਵਿੱਚ ਪੁਜੇ। ਚੀਨ ਦੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੀ ਸੱਚੀ-ਸੁੱਚੀ ਅਤੇ ਸਮੁੱਚੀ ਮਨੁੱਖਤਾ ਨੂੰ ਇਕ ਮਾਲਾ 'ਚ ਪਰੋ ਕੇ ਰੱਖਣ ਵਾਲੀ ਵਿਚਾਰਧਾਰਾ ਬੇਹੱਦ ਪਸੰਦ ਆਈ ਤੇ ਉਨ੍ਹਾਂ ਨੇ ਸਤਿਗੁਰੂ ਨੂੰ ਨਮਸਕਾਰ ਕਰਦੇ ਹੋਏ ਕਈ ਲਕਬ ਪ੍ਰਦਾਨ ਕੀਤੇ ਜਿਵੇਂ ਕਿ ਤਿੱਬਤ ਦੇ ਵਾਸੀਆਂ ਨੇ ਉਨ੍ਹਾਂ ਨੂੰ 'ਨਾਨਕ ਲਾਮਾ' ਆਖ ਕੇ ਸਤਿਕਾਰ ਦਿੱਤਾ ਸੀ। ਚੇਤੇ ਰਹੇ ਕਿ ਤਿੱਬਤ ਵਿੱਚ 'ਲਾਮਾ' ਦਾ ਅਰਥ ਹੁੰਦਾ ਹੈ ਗੁਰੂ ਜਾਂ ਰਹਿਬਰ। ਇਸੇ ਪ੍ਰਕਾਰ ਜਦੋਂ ਗੁਰੂ ਸਾਹਿਬ ਚੀਨ ਦੇ ਕੁਝ ਹੋਰ ਭਾਗਾਂ ਵਿੱਚ ਵਿਚਰੇ ਤਾਂ ਉਨ੍ਹਾਂ ਨੂੰ 'ਬਾਬਾ ਫ਼ੂਸਾ' ਆਖ ਕੇ ਸੰਬੋਧਨ ਕੀਤਾ।



ਸਿੱਖਾਂ ਨਾਲ ਚੀਨ ਦੇ ਸੰਬੰਧ ਬਾਬਾ ਨਾਨਕ ਤੋਂ ਬਾਅਦ ਵੀ ਬਣੇ ਰਹੇ ਸਨ। ਸਾਲ 1947 ਵਿੱਚ ਭਾਰਤ ਨੂੰ ਮਿਲੀ ਆਜ਼ਾਦੀ ਤੋਂ ਲਗਪਗ ਸਵਾ ਕੁ ਸੌ ਸਾਲ ਪਹਿਲਾਂ ਦੇ ਅਰਸੇ ਦੌਰਾਨ ਚੀਨ ਦੀ ਸ਼ੰਘਾਈ ਮਿਊਂਸੀਪਲ ਪੁਲਿਸ ਤੇ ਹਾਂਗਕਾਂਗ ਪੁਲਿਸ ਵਿੱਚ ਕਈ ਸਿੱਖ ਨੌਜਵਾਨਾਂ ਨੂੰ ਭਰਤੀ ਕੀਤਾ ਗਿਆ ਸੀ। ਸ਼ੰਘਾਈ ਮਿਊਂਸੀਪਲ ਪੁਲਿਸ ਵਿੱਚ ਭਰਤੀ ਲਈ ਪੰਜਾਬ ਤੋਂ ਸਿੱਖ ਨੌਜਵਾਨਾਂ ਦੀ ਭਰਤੀ ਸਾਲ 1880 ਦੇ ਆਸ-ਪਾਸ ਸ਼ੁਰੂ ਹੋ ਗਈ ਸੀ ਤੇ 1920 ਸਮੇਂ ਇਸ ਪੁਲਿਸ ਦੀ ਸਿੱਖ ਬ੍ਰਾਂਚ ਵਿੱਚ 573 ਸਿੱਖ ਨੌਜਵਾਨ ਸ਼ਾਮਿਲ ਹੋ ਚੁੱਕੇ ਸਨ ਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਤਾਂ ਬਤੌਰ ਅ਼ਫਸਰ ਆਪਣੀ ਡਿਊਟੀ ਕਰ ਰਹੇ ਸਨ। ਗੁਰੂ ਦੇ ਸਿੱਖਾਂ ਵੱਲੋਂ 1908 ਵਿੱਚ ਸ਼ੰਘਾਈ ਵਿਖੇ ਇੱਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਵੀ ਕੀਤੀ ਗਈ ਜੋ ਡੌਂਗ ਬਾਕਸਿੰਗ ਰੋਡ 'ਤੇ ਸਥਿਤ ਸੀ ।

ਦੁਨੀਆਂ 'ਚ ਪਹਿਲਾ ਵਿਸ਼ਵ ਯੁੱਧ 1914 ਤੋਂ 1918 ਤੱਕ ਚੱਲਿਆ, ਜਿਸ ਦੀ ਸਮਾਪਤੀ ਉਪਰੰਤ ਜ਼ਿਆਦਾਤਰ ਸਿੱਖਾਂ ਨੇ ਚੀਨ ਨੂੰ ਛੱਡਣਾ ਸ਼ੁਰੂ ਕਰ ਦਿੱਤਾ । ਅਖੀਰ 1945 'ਚ ਚੀਨ ਦੀ ਸਰਕਾਰ ਨੇ ਸ਼ੰਘਾਈ ਮਿਊਂਸੀਪਲ ਪੁਲਿਸ ਹੀ ਭੰਗ ਕਰ ਦਿੱਤੀ। ਇੱਥੇ ਪਿੱਛੇ ਰਹਿ ਗਏ ਸਿੱਖਾਂ ਦੀ ਗਿਣਤੀ ਕਾ਼ਫੀ ਘਟ ਗਈ, ਪਰ ਉਨ੍ਹਾਂ ਇੱਥੇ ਹੀ ਵਿਆਹ ਕਰਵਾ ਲਏ ਤੇ ਪੱਕੇ ਤੌਰ 'ਤੇ ਵਸ ਗਏ। 1962 ਵਿੱਚ ਜਦੋਂ ਭਾਰਤ-ਚੀਨ ਦੀ ਜੰਗ ਹੋਈ ਤਾਂ ਇੱਥੇ ਵਸਦੇ ਸਿੱਖਾਂ 'ਚੋਂ ਕਾ਼ਫੀ ਸਿੱਖ ਚੀਨ ਨੂੰ ਛੱਡ ਭਾਰਤ ਜਾਂ ਹੋਰ ਮੁਲਕਾਂ 'ਚ ਚਲੇ ਗਏ ।

ਜੁਲਾਈ 2016 ਦੇ ਜਨਸੰਖਿਆ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਚੀਨ ਵਿੱਚ ਉਸ ਵੇਲੇ ਲਗਪਗ 20 ਲੱਖ ਬੋਧੀ, ਪੌਣੇ 5 ਲੱਖ ਪ੍ਰੋਟੈਸਟੈਂਟ, 4 ਲੱਖ ਦੇ ਕਰੀਬ ਰੋਮਨ ਕੈਥੋਲਿਕ, ਇੱਕ ਲੱਖ ਹਿੰਦੂ, 6 ਹਜ਼ਾਰ ਯਹੂਦੀ ਤੇ 12 ਹਜ਼ਾਰ ਦੇ ਕਰੀਬ ਸਿੱਖ ਵਸਦੇ ਸਨ। ਉਨ੍ਹਾਂ 'ਚੋਂ ਬਹੁਤ ਸਾਰੇ ਸਿੱਖ ਬਤੌਰ ਵਪਾਰੀ ਹਾਂਗਕਾਂਗ ਵਿੱਚ ਵਪਾਰ ਕਰਦੇ ਸਨ ਤੇ ਸ਼ੰਘਾਈ ਵਿਖੇ ਸਥਿਤ ਉਕਤ ਗੁਰਦੁਆਰਾ ਸਾਹਿਬ ਤੋਂ ਇਲਾਵਾ ਹਾਂਗਕਾਂਗ ਵਿਖੇ ਵੀ ਖ਼ਾਲਸਾ ਦੀਵਾਨ ਚਲਾਉਂਦੇ ਸਨ ਤੇ ਕੁਝ ਕੁ ਸਿੱਖ ਪਰਿਵਾਰਾਂ ਨੇ ਆਪਣੇ ਘਰਾਂ 'ਚ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ । ਸਾਲ 2024 'ਚ ਪ੍ਰਾਪਤ ਅੰਕੜਿਆਂ ਅਨੁਸਾਰ ਚੀਨ ਵਿੱਚ ਵਸਦੇ ਸਿੱਖਾਂ ਦੀ ਕੁੱਲ ਗਿਣਤੀ 7500 ਦੇ ਕਰੀਬ ਹੈ ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲੂਆ

ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿੱਚ ਸਰਦਾਰ ਹਰੀ ਸਿੰਘ ਨਲੂਆ ਇੱਕ ਮਹਾਨ ਜਰਨੈਲ ਸੀ। ਉਹ ਬੜਾ ਤੰਦਰੁਸਤ ਜਵਾਨ, ਸੁਡੋਲ ਸਰੀਰ, ਵਿਦਵਾਨ, ਉੱਚ ਆਚਰਣ, ਸਫ਼ਲ ਪ੍ਰਬੰਧਕ, ਦੂਰ ਅੰਦੇਸ਼ੀ ਅਤੇ ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1791 ਈ. ਵਿੱਚ ਗੁਜਰਾਂਵਾਲਾ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫ਼ੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੇ ਘਰ ਹੋਇਆ। ਅਜੇ ਆਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸ਼ਤਰ ਵਿਦਿਆ ਦਾ ਚੰਗਾ ਪ੍ਰਬੰਧ ਕੀਤਾ। ਆਪ ਗੁਰਮੁੱਖੀ ਅਤੇ ਫਾਰਸੀ ਦੇ ਜਾਣੂੰ ਸਨ। ਛੋਟੀ ਉਮਰ ਵਿੱਚ ਹੀ ਅੰਮ੍ਰਿਤ ਛੱਕ ਕੇ ਜੀਵਨ ਖ਼ਾਲਸਾ ਪੰਥ ਦੀ ਸੇਵਾ ਵਿੱਚ ਲਾ ਦਿਤਾ।

ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ, ਜਿਸ ਵਿੱਚ ਸੂਰਮੇ ਆਪਣੀ ਸ਼ਸ਼ਤਰ ਵਿਦਿਆ ਦੇ ਜੌਹਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ. ਦੇ ਸ਼ਾਹੀ ਦਰਬਾਰ ਵਿੱਚ ਸਰਦਾਰ ਹਰੀ ਸਿੰਘ ਜੀ ਨੇ ਵੀ ਸ਼ਸ਼ਤਰਾਂ ਦੇ ਜੰਗੀ ਜੋਹਰ ਦਿਖਾਏ। ਸੂਰਬੀਰ ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫ਼ੌਜ ਵਿੱਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ 'ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ 'ਤੇ ਟੁੱਟ ਪਿਆ। ਸੰਭਲਦਿਆਂ ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ 'ਤੇ ਵਗਾਹ ਮਾਰਿਆ ਅਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰ ਦਿਲ ਸੈਨਾ ਟੁਕੜੀ ਵਿੱਚ ਸਰਦਾਰੀ ਦੇ ਦਿਤੀ ਅਤੇ ਨਾਉਂ ਦੇ ਨਾਲ ਨਲੂਆ ਜੋੜ ਦਿਤਾ।

ਜੰਗੀ ਮੁਹਿੰਮਾ ਦੇ 30 ਸਾਲ ਦੇ ਕਾਲ ਦੀ ਸ਼ੁਰੂਆਤ ਵਿੱਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿੱਚ ਕਸੂਰੀਆਂ ਨੇ ਭੱਜ ਕੇ ਕਿਲੇ ਵਿੱਚ ਪਨਾਹ ਲਈ। 18 ਫਰਵਰੀ 1807 ਨੂੰ ਕਿਲੇ ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰ ਦਿਲ ਸੈਨਾ ਨੇ ਨਵਾਬ ਅਤੇ ਉਸਦੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜਾ ਨੇ ਬੀਰਤਾ ਤੋਂ ਖੁਸ਼ ਹੋ ਕੇ 30,000 ਸਲਾਨਾ ਮੁੱਲ ਦੀ ਜਗੀਰ ਦੇ ਦਿਤੀ।

25 ਜਨਵਰੀ, 1810 ਨੂੰ ਨਵਾਬ ਮੁਜਫਰ ਖਾਨ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫ਼ੌਜ ਲੈ ਕੇ ਕਿਲੇ ਵਿੱਚ ਡੱਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਰੂਦ ਨਾਲ ਉਡਾਉਣ ਦਾ ਹੁਕਮ ਕਰ ਦਿਤਾ। ਸ੍ਰ. ਅਤਰ ਸਿੰਘ ਧਾਰੀ, ਸ੍ਰ. ਨਿਹਾਲ ਸਿੰਘ ਅਟਾਰੀ, ਸ੍ਰ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜਿਆ। ਸ੍ਰ. ਨਲੂਆ ਜ਼ਖ਼ਮੀ ਹੋ ਗਏ। ਸ੍ਰ. ਅ ਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖ਼ਾਲਸਾ ਫ਼ੌਜ ਕਿਲੇ ਵਿੱਚ ਜਾ ਵੜੀ। ਪਠਾਣਾ ਦੇ ਆਹੂ ਲਾਹ ਦਿਤੇ। ਪਠਾਣਾ ਨੇ ਵੀ ਅਗੋਂ ਡੱਟ ਕੇ ਮੁਕਾਬਲਾ ਕੀਤਾ ਪਰ ਖ਼ਾਲਸਾ ਅੱਗੇ ਟਿਕ ਨਾ ਸਕੇ। ਨਵਾਬ ਮੁਜਫਰ ਖਾਂ ਸ਼ਰਨ ਵਿੱਚ ਆ ਗਿਆ। ਇਸ ਮੌਕੇ ਨਲੂਆ ਦੀ ਬਹਾਦਰੀ ਅਤੇ ਜਗੀਰ ਵਿੱਚ 20 ਹਜ਼ਾਰ ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿਤਾ। ਕਾਬਲ ਤੋਂ ਵਜੀਰ ਫਤਹਿ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿੱਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿੱਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਗਾਂ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਕਿ ਜੇ ਤੁਸੀਂ ਸ਼ਾਹ, ਸੁਜ਼ਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਆਪ ਨੂੰ ਦੇਵੇਗੀ। ਮਹਾਰਾਜਾ ਨੇ ਸਥਿਤੀ ਤੇ ਗੌਰ ਕਰਦਿਆਂ, ਖ਼ਾਲਸਾ ਫ਼ੌਜ ਨੂੰ ਕਸ਼ਮੀਰ 'ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿਤਾ। ਸ੍ਰ. ਨਲੂਆ 12000 ਦੀ ਫ਼ੌਜ ਨਾਲ ਸ੍ਰੀ ਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ, ਪਰ ਟਿਕ ਨਾ ਸਕਿਆ। ਖ਼ਾਲੇ ਨੇ ਸ਼ੇਰਗੜੀ 'ਤੇ ਕਬਜਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖ਼ਾਲਸੇ ਨੇ ਵਜ਼ੀਰ ਫਤਹਿ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਮੰਗਿਆ ਤਾਂ ਬਹਾਨੇ ਲਾਉਣ ਲੱਗ ਪਿਆ। ਖ਼ਾਲਸਾ ਫ਼ੌਜਾਂ ਨੇ ਸ਼ਾਹ ਸੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿਤਾ। ਬੇਗਮ ਨੇ ਖੁਸ਼ ਹੋ ਕੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿਤਾ।



ਬਾਰਕਜਈ ਸਰਦਾਰਾਂ ਦੀ ਅਫਗਾਨਿਸਤਾਨ ਵਿੱਚ ਵੱਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਾਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿਤਾ।

ਕਾਬਲ ਤੋਂ ਵਜ਼ੀਰ ਫਤਹਿ ਖਾਨ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫ਼ੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜਾਈ ਕਰ ਦਿਤੀ। ਸ੍ਰ. ਨਲੂਆ ਨਾਲ ਹਜਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫ਼ੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿੱਚ ਸ੍ਰ. ਨਲੂਆ ਦੀ ਫ਼ੌਜ ਨੇ ਰਜੋੜੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆਂ। ਉਥੋਂ ਨਜਰਾਨੇ ਵਸੂਲ ਕਰਕੇ ਫ਼ੌਜਾਂ ਮੁੜੀਆਂ। ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤਾ। ਸੰਨ 1816 ਵਿੱਚ ਮੁੰਘੇਰ ਦੇ ਇਲਾਕੇ ਫਤਹਿ ਕਰਕੇ ਨਜ਼ਰਾਨੇ ਉਗਰਾਏ। ਇਹਨਾਂ ਜਿੱਤਾਂ ਨੂੰ ਮੁੱਖ ਰਖਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ੍ਰ. ਨਲੂਆਂ ਆਪਣੇ ਜਰਨੈਲਾਂ ਨਾਲ 25000 ਦੀ ਫ਼ੌਜ ਲੈ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿੱਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜੇ ਅੱਗੇ ਭੰਗੀਆਂ ਦੀ ਤੋਪ ਜਮਜਮਾਂ ਅ ਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿੱਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿੱਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰਾਂ ਖ਼ਾਲਸਾ ਰਾਜ ਹੇਠ ਆ ਗਿਆ।

3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫ਼ੌਜ ਨਾਲ ਸੁਪਈਆ ਦੇ ਮੈਦਾਨ ਵਿੱਚ ਜੰਗ ਹੋਈ। ਖ਼ਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖ਼ਾਲਸਾ ਫ਼ੌਜਾਂ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖ਼ਾਲਸਾ ਰਾਜ ਵਿੱਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿੱਚ ਸ੍ਰ. ਨਲੂਆ ਨੂੰ ਗਵਰਨਰ ਬਣਾਇਆ। ਸ੍ਰ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਣੇ ਨਾਮ ਦਾ ਸਿੱਕਾ ਚਲਾਉਣ ਚਲਾਉਣ ਦਾ ਅਧਿਕਾਰ ਦਿਤਾ।

ਨਵੰਬਰ 1821 ਵਿੱਚ ਮਹਾਰਾਜਾ ਦੀ ਫ਼ੌਜ ਨੇ ਮੁੰਗੇਰ ਅਤੇ ਡੇਰਾਜਾਤ ਤੇ ਚੜਾਈ ਕੀਤੀ। ਸ੍ਰ. ਨਲੂਆ ਦੀ ਫ਼ੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ 9, 1821 ਦੇ ਦਿਨ ਮੰਗਲੀ ਘਾਟੀ ਵਿੱਚ ਪੱਖਲੀ ਪਿੰਡ ਵਿੱਚ 3000 ਤਨਾਵਲੀ ਦੀ ਫ਼ੌਜ ਨੇ ਰਾਹ ਰੋਕ ਲਿਆ। ਖ਼ਾਲਸਾ ਫ਼ੌਜਾਂ ਨੇ ਹਮਲਾ ਕਰ ਦਿਤਾ। ਮੇਘ ਸਿੰਘ ਰੂਸਾ ਦੇ ਜੱਥੇ ਨੇ ਮੈਦਾਨ ਵਿੱਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿੱਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ੍ਰ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ੍ਰ. ਨਲੂਆ ਮੁਜਫਰਬਾਦ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇ ਦਰਾ ਹਜ਼ਾਰੇ ਦੀ ਫ਼ੌਜ ਨੇ ਸ੍ਰ. ਨਲੂਆ ਦਾ ਸਮਾਨ ਲੁੱਟਣਾ ਚਾਹਿਆ । ਖ਼ਾਲਸੇ ਨੇ ਚੜਾਈ ਕਰ ਦਿਤੀ। 30 ਹਜਾਰ ਦੀ ਫ਼ੌਜ 'ਤੇ ਖ਼ਾਲਸੇ ਦੀ 7 ਹਜਾਰ ਫ਼ੌਜ ਨੇ ਜਿੱਤ ਪ੍ਰਾਪਤ ਕੀਤੀ।

ਸ੍ਰ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ ਜੰਗ ਵਿੱਚ ਬੇਮਿਸਾਲ ਫਤਹਿ ਪਾਈ। ਸੰਨ 1834 ਈ. ਵਿੱਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖ਼ਾਲਸਾ ਰਾਜ ਵਿੱਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫਗਾਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿੱਚ ਮਿਲਾ ਦਿਤਾ ਜਾਵੇ। ਸ੍ਰ. ਨਲੂਆ ਅਤੇ ਕੰਵਰ ਨੌ ਨਿਹਾਲ ਸਿੰਘ ਨੂੰ ਪਿਸ਼ਾਵਰ 'ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖ਼ਾਲਸਾ ਫ਼ੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖ਼ਾਲਸਾ ਫ਼ੌਜ ਰੋਕਣ ਲਈ ਚਮਕਣੀ ਦੀ ਹੱਦ 'ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖ਼ਾਲਸਾ ਫ਼ੌਜ ਪਹੁੰਚਣ ਤੇ ਭਿਅੰਕਰ ਗੋਲਾਬਾਰੀ ਹੋਈ। ਹਾਜ਼ੀਖਾਨ ਬੜੀ ਦਲੇਰੀ ਨਾਲ ਲੜਦਾ ਹੋਇਆ, ਸ੍ਰ. ਰਾਮ ਸਿੰਘ ਹਸਨਵਾਲੀਆਂ ਦੀ ਤਲਵਾਰ ਨਾਲ ਸਖ਼ਤ ਜਖ਼ਮੀ ਹੋ ਗਿਆ। ਅਫਗਵਾਨ ਡੱਟ ਕੇ ਲੜੇ ਪਰ ਖ਼ਾਲਸੇ ਸਾਹਮਣੇ ਟਿਕ ਨਾ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖ਼ਾਲਸੇ ਦੇ ਅਧੀਨ ਆ ਗਿਆ। ਸੱਤ ਸਦੀਆਂ ਤੋਂ ਪੰਜਾਬ ਦੇ ਕੱਟ ਚੁਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖ਼ਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰ ਨੇ ਕਰਾਮਤੀ ਜਿਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ ਮੁਸਲਮਾਨਾਂ ਨੂੰ ਬਾਰਕਜਾਈਆ ਹੱਥੋਂ ਛੁਟਕਾਰਾ ਮਿਲਿਆ। ਜੋ ਉਹਨਾਂ ਨੂੰ ਬੜਾ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ੍ਰ. ਨਲੂਆ ਨੇ ਜਮਰੋਦ ਦੇ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿਤੀ। ਅਫਗਾਨ ਦੌੜ ਕੇ ਛਿੱਪ ਗਏ। ਸ੍ਰ. ਨਲੂਆਂ ਨੇ ਜਮਰੋਦ ਦੇ ਡੇਰੇ ਵਿੱਚ ਜਾਣ ਲਈ ਕਿਹਾ ਪਰ ਸ੍ਰ. ਨਿਸ਼ਾਨ ਸਿੰਘ ਪੰਜ ਹੱਥਾ ਦਰੇ ਦੇ ਅੰਦਰ ਚਲਾ ਗਿਆ। ਸ੍ਰ. ਨਲੂਆ ਨੇ ਉਸ ਨੂੰ ਜਾਂਦੇ ਵੇਖਿਆ ਤਾਂ ਉਸ ਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ੍ਰ. ਅਜਾਇਬ ਸਿੰਘ ਗੁਫ਼ਾ ਵੱਲ ਵਧਿਆ ਤਾਂ ਛੁਪੇ ਹੋਏ ਅਫਗਾਨਾ ਨੇ ਸ੍ਰ. ਅਜਾਇਬ ਸਿੰਘ ਨੂੰ ਢੇਰੀ ਕਰ ਦਿਤਾ। ਜਦੋਂ ਸ੍ਰ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚਲੀਆਂ, ਦੋ ਗੋਲੀਆਂ ਸ੍ਰ. ਨਲੂਆਂ ਦੇ ਵਜੀਆਂ, ਖ਼ਾਲਸਾ ਫ਼ੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ ਪਰ ਸ੍ਰ. ਨਲੂਆ ਜ਼ਖ਼ਮੀ ਹੋ ਚੁਕੇ ਸਨ।

ਸ੍ਰ. ਨਲੂਆ ਜਖ਼ਮੀ ਹੋਣ ਦੇ ਬਾਵਜੂਦ ਘੋੜਾ ਜਮਰੋਦ ਕਿਲੇ ਵੱਲ ਮੋੜ ਲਿਆ। ਬੜੇ ਹੌਂਸਲੇ ਨਾਲ ਕਿਲੇ ਵਿੱਚ ਪਹੁੰਚ ਗਏ। ਸ੍ਰ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ੍ਰ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਖ਼ਾਲਸੇ ਦੀ ਇੱਜ਼ਤ ਤੇ ਸ਼ਾਨ ਵਾਸਤੇ ਅੰਤਿਮ ਸਾਹਾਂ ਤਕ ਡੱਟੇ ਰਹਿਣ ਦੀ ਪ੍ਰੇਰਨਾ ਦਿਤੀ। ਮੇਰੀ ਮੌਤ ਦੀ ਖਬਰ ਗੁਪਤ ਰਖਣੀ ਇਸ ਨਾਲ ਖ਼ਾਲਸੇ ਦੀ ਫ਼ੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਸਵਾਸ ਤਿਆਗ ਦਿਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ੍ਰ. ਮਹਾਂ ਸਿੰਘ ਨੇ ਸ੍ਰ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੋਦ ਦੇ ਕਿਲੇ ਵਿੱਚ ਸਸਕਾਰ ਕਰ ਦਿਤਾ। ਇਸ ਤਰਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖ਼ਾਲਸੇ ਨੂੰ ਅਰਪਣ ਕਰ ਦਿਤਾ।

ਅੰਤਿਕਾ :- ਸ੍ਰ. ਹਰੀ ਸਿੰਘ ਨਲੂਆ ਜੀ ਦੀ ਬਹਾਦਰੀ ਦੀ ਚਰਚਾ ਵਿੱਚ ਸੰਸਾਰ ਵਿੱਚ ਮਹਾਨ ਜਰਨੈਲਾਂ ਯੋਧਿਆਂ ਦਾ ਮੁਲਅੰਕਣ ਯਾਦ ਕੀਤਾ ਜਾਂਦਾ ਹੈ। ਉਨੀਵੀਂ ਸਦੀ ਦੇ ਬਰਤਾਨੀਆ ਦੇ ਛੱਪਦੇ ਅਖਬਾਰ ਟੀਆਈਟੀ-ਬੀਆਈਟੀਐਸ ਨੇ ਸੰਸਾਰ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦੇ ਹਨ, ਕੋਈ ਮਾਰਸ਼ਨ ਹੈਂਡਨਬਰਗ , ਲਾਰਡ ਕਿਚਨਰ,ਜਰਨੈਲ ਕਰੋਬਜ਼ੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ਼ ਖਾਨ, ਰਿਚਰਡ ਤੇ ਅਲਾਉਦੀਨ ਪਰ ਉੱਤਰੀ ਭਾਰਤ ਵਿੱਚ ਸ੍ਰ. ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਅਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਬੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆਂ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆ ਸਕਦਾ ਸੀ। ਇਸ ਤੋਂ ਵੀ ਅੱਗੇ ਮਿਸਾਲ ਹੈ -ਪਠਾਨ, ਜਿੰਨਾਂ ਨੇ ਪਿਸ਼ੌਰ ਤੇ ਅੱਠ ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜ਼ਤ ਅਤੇ ਦੌਲਤ ਨੂੰ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪ੍ਰਛਾਵੇਂ ਤੋਂ ਡਰਦੇ ਸਨ। ਜਰਨੈਲ ਹਰੀ ਸਿੰਘ ਨਲੂਆ ਜੀ ਦਾ ਪਠਾਣਾ ਨਾਲ ਲੜਾਈਆਂ ਕਰਦਿਆਂ ਅਜਿਹਾ ਸਿੱਕਾ ਬੈਠਾ ਕਿ ਪਠਾਣ ਸਰਦਾਰ ਨਲੂਆ ਦੇ ਨਾਮ ਨੂੰ ਸੁਣ ਕੇ ਕੰਬ ਉਠਦੇ। ਪਠਾਣੀਆਂ ਬੱਚਿਆਂ ਨੂੰ ਜੇ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁੱਪ ਕਰਵਾਉਂਦੀਆਂ " ਚੁੱਪ ਸ਼ਾ ਬੱਚਿਆ! ਹਰੀਆ ਰਾਗਲੈ।" ਅਰਥਾਤ ਬੱਚਿਆ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਮ ਸੁਣ ਕੇ ਚੁੱਪ ਕਰ ਜਾਂਦੇ। ਅਜਿਹੀ ਧਾਕ ਸੀ ਸੂਰਬੀਰ ਜਰਨੈਲ ਸਿੰਘ ਸ੍ਰ. ਹਰੀ ਸਿੰਘ ਨਲੂਆ ਜੀ ਦੀ।








# ਬੱਚਿਆਂ ਦੇ ਸਕੂਲ ਦਾਖ਼ਲੇ ਸਮੇਂ ਜ਼ਰੂਰੀ ਗੱਲਾਂ ਦਾ ਰੱਖੋ ਧਿਆਨ

**ਪ੍ਰਿੰ. ਰੰਧਾਵਾ ਸਿੰਘ**

ਕਿਸੇ ਵੀ ਸਕੂਲ ਵਿੱਚ ਬੱਚੇ ਦੇ ਦਾਖ਼ਲੇ ਲਈ ਮਾਤਾ-ਪਿਤਾ ਵੱਲੋਂ ਦਿੱਤੇ ਗਏ ਦਸਤਾਵੇਜ਼ ਬਹੁਤ ਅਹਿਮ ਹੁੰਦੇ ਹਨ। ਅਧੂਰੇ ਦਿੱਤੇ ਦਸਤਾਵੇਜ਼ ਪ੍ਰਤੀ ਅਣਗਹਿਲੀਆਂ ਕਾਰਨ ਬੱਚਾ ਪੂਰੀ ਜ਼ਿੰਦਗੀ ਪਰੇਸ਼ਾਨੀ ਝੱਲਦਾ ਹੈ। ਜੋ ਅਧਿਆਪਕ ਬੱਚੇ ਨੂੰ ਸਕੂਲ 'ਚ ਦਾਖ਼ਲ ਕਰ ਰਿਹਾ ਹੈ, ਉਸ ਲਈ ਜ਼ਰੂਰੀ ਹੈ ਕਿ ਉਸ ਨਾਲ ਸਬੰਧਿਤ ਅਸਲ ਸਰਟੀਫਿਕੇਟ ਦੀਆਂ ਫੋਟੋ ਸਟੇਟ ਕਾਪੀਆਂ ਜ਼ਰੂਰ ਲਵੇ। ਅਕਸਰ ਕੁਝ ਮਾਤਾ-ਪਿਤਾ ਬਾਅਦ ਵਿੱਚ ਦੇਣ ਲਈ ਕਹਿ ਜਾਂਦੇ ਹਨ। ਅਧਿਆਪਕ ਦੇ ਰੁਝੇਵਿਆਂ ਜਾਂ ਹੋਰ ਕਾਰਨਾਂ ਕਰਕੇ ਉਹ ਦਸਤਾਵੇਜ਼ ਜਮ੍ਹਾ ਨਹੀਂ ਹੁੰਦੇ, ਜਿਸ ਕਰ ਕੇ ਉਸ ਦਾ ਦਾਖ਼ਲਾ ਬਿਨਾਂ ਦਸਤਾਵੇਜ਼ਾਂ ਤੋਂ ਹੀ ਹੋ ਜਾਂਦਾ ਹੈ, ਜਿਸ ਦਾ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਨੁਕਸਾਨ ਹੁੰਦਾ ਹੈ।

ਬੱਚੇ ਦੇ ਦਾਖ਼ਲੇ ਵੇਲੇ ਸਕੂਲ ਵੱਲੋਂ ਦਿੱਤਾ ਗਿਆ ਦਾਖ਼ਲਾ ਫਾਰਮ ਸਹੀ ਭਰਨਾ ਜ਼ਰੂਰੀ ਹੈ, ਜਿਸ ਵਿੱਚ ਦਿੱਤੇ ਗਏ ਸਾਰੇ ਵੇਰਵਿਆਂ ਨੂੰ ਮਾਤਾ-ਪਿਤਾ ਵੱਲੋਂ ਭਰਨਾ ਲਾਜ਼ਮੀ ਹੈ। ਇਸ ਦਾਖ਼ਲਾ ਫਾਰਮ ਵਿੱਚ ਬੱਚੇ ਦਾ ਨਾਂ, ਮਾਤਾ-ਪਿਤਾ ਦਾ ਨਾਂ, ਜਮਾਤ ਜਿਸ ਵਿੱਚ ਦਾਖ਼ਲਾ ਲੈਣਾ ਹੈ, ਰਿਹਾਇਸ਼ ਦਾ ਪਤਾ, ਜ਼ਿਲ੍ਹਾ, ਪਿੰਨ ਕੋਡ, ਆਧਾਰ ਕਾਰਡ, ਬੱਚੇ, ਮਾਤਾ-ਪਿਤਾ ਦਾ ਪੰਜਾਬੀ ਤੇ ਅੰਗਰੇਜ਼ੀ ਵਿੱਚ ਨਾਂ, ਜਨਮ ਤਾਰੀਕ (ਅੰਕਾਂ ਅਤੇ ਸ਼ਬਦਾਂ ਵਿੱਚ), ਮੋਬਾਈਲ ਨੰਬਰ, ਲਿੰਗ, ਜਾਤੀ, ਬੱਚਾ ਸ਼ਹਿਰੀ ਜਾਂ ਪੇਂਡੂ, ਚੁਣੌਤੀਪੂਰਨ ਹੈ ਜਾਂ ਨਹੀਂ, ਬਲੱਡ ਗਰੁੱਪ, ਚਿੱਠੀ ਪੱਤਰ ਲਈ ਪਤਾ, ਬੈਂਕ ਖਾਤੇ ਦੀ ਜਾਣਕਾਰੀ ਆਦਿ ਸਭ ਕੁਝ ਭਰਿਆ ਜਾਵੇ। ਪਿਛਲੇ ਸਕੂਲ ਦਾ ਨਾਂ, ਪਿਛਲੀ ਪਾਸ ਕੀਤੀ ਕਲਾਸ ਦਾ ਵੇਰਵਾ, ਕਿਹੜਾ ਬੋਰਡ, ਸੈਸ਼ਨ, ਕਿਹੜੀ ਜਮਾਤ ਪਾਸ ਕੀਤੀ, ਪਿਛਲੀ ਕਲਾਸ ਦਾ ਰੋਲ ਨੰਬਰ, ਕੁੱਲ ਕਿੰਨੇ ਅੰਕ, ਕਿੰਨੇ ਅੰਕ ਪ੍ਰਾਪਤ ਕੀਤੇ ਆਦਿ ਦਾ ਵੇਰਵਾ ਵੀ ਹੋਣਾ ਜ਼ਰੂਰੀ ਹੈ। ਜੋ-ਜੋ ਦਸਤਾਵੇਜ਼ ਦਿੱਤੇ ਗਏ ਹਨ, ਉਨ੍ਹਾਂ ਦਾ ਵੇਰਵਾ ਵੀ ਫਾਰਮ ਵਿੱਚ ਦਰਜ ਕਰਨਾ ਜ਼ਰੂਰੀ ਹੈ। ਫਾਰਮ ਦੇ ਆਖ਼ਰ ਵਿੱਚ ਮਾਤਾ-ਪਿਤਾ ਦੇ ਹਸਤਾਖ਼ਰ, ਅੰਗੂਠੇ ਦਾ ਨਿਸ਼ਾਨ ਤੇ ਵਿਦਿਆਰਥੀ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ।

### ਬੱਚੇ ਦਾ ਜਨਮ ਸਰਟੀਫਿਕੇਟ

ਇਹ ਦਸਤਾਵੇਜ਼ ਸਭ ਤੋਂ ਮਹੱਤਵਪੂਰਨ ਹੈ, ਜਿਸ ਦੇ ਆਧਾਰ 'ਤੇ ਬੱਚੇ ਨੇ ਜਮਾਤ ਵਿੱਚ ਦਾਖ਼ਲਾ ਲੈਣਾ ਹੁੰਦਾ ਹੈ। ਅਧਿਆਪਕ ਅਸਲ ਜਨਮ ਸਰਟੀਫਿਕੇਟ ਦੇਖ ਕੇ ਉਸ ਦੀ ਕਾਪੀ ਮਾਤਾ-ਪਿਤਾ ਤੋਂ ਹਸਤਾਖ਼ਰ ਕਰਵਾ ਕੇ ਰਿਕਾਰਡ ਵਿੱਚ ਰੱਖੇ। ਜਨਮ ਤਾਰੀਕ ਸ਼ਬਦਾਂ 'ਚ ਵੀ ਲਿਖੀ ਹੋਣੀ ਜ਼ਰੂਰੀ ਹੈ।

### ਆਧਾਰ ਕਾਰਡ

ਦਾਖ਼ਲੇ ਵੇਲੇ ਬੱਚੇ, ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਫੋਟੋ ਸਟੇਟ ਬਹੁਤ ਜ਼ਰੂਰੀ ਹੈ। ਇਨ੍ਹਾਂ ਤਿੰਨਾਂ ਆਧਾਰ ਕਾਰਡਾਂ 'ਚ ਨਾਂ ਮੇਲ ਖਾਣੇ ਜ਼ਰੂਰੀ ਹਨ। ਅਰਥਾਤ ਬੱਚੇ ਦੇ ਆਧਾਰ ਕਾਰਡ ਵਿੱਚ ਪਿਤਾ ਦਾ ਨਾਂ ਮਿਲਦਾ ਹੋਵੇ। ਕਈ ਵਾਰ ਬੱਚੇ ਦੇ ਆਧਾਰ ਕਾਰਡ ਵਿੱਚ ਪਿਤਾ ਦਾ ਨਾਂ ਹੋਰ ਹੁੰਦਾ ਹੈ ਅਤੇ ਪਿਤਾ ਦੇ ਆਪਣੇ ਆਧਾਰ ਕਾਰਡ ਵਿੱਚ ਨਾਂ ਹੋਰ ਹੁੰਦਾ ਹੈ।

### ਡੀਐੱਮਸੀ

ਇਸ ਦਸਤਾਵੇਜ਼ ਦੇ ਆਧਾਰ 'ਤੇ ਹੀ ਅਗਲੀ ਕਲਾਸ ਵਿੱਚ ਦਾਖ਼ਲਾ ਕਰਨਾ ਹੁੰਦਾ ਹੈ। ਇਸ ਕਰਕੇ ਪਿਛਲੀ ਜਮਾਤ ਦਾ ਪਾਸ ਦਾ ਸਰਟੀਫਿਕੇਟ, ਜਿਸ ਵਿੱਚ ਵਿਸ਼ਾਵਾਰ ਅੰਕ ਜਾਂ ਗਰੇਡ ਆਦਿ ਦਾ ਵੇਰਵਾ ਹੋਣਾ ਜ਼ਰੂਰੀ ਹੈ। ਇਸ ਸਰਟੀਫਿਕੇਟ ਵਿੱਚ ਜਮਾਤ ਇੰਚਾਰਜ ਤੇ ਮੁਖੀ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ।

### ਟਰਾਂਸਫਰ ਸਰਟੀਫਿਕੇਟ

ਟੀਸੀ ਬਹੁਤ ਮਹੱਤਵਪੂਰਨ ਹੈ। ਇਸ ਦੇ ਆਧਾਰ 'ਤੇ ਹੀ ਬੱਚਾ ਇੱਕ ਸਕੂਲ ਤੋਂ ਦੂਜੇ ਸਕੂਲ ਵਿੱਚ ਆਉਂਦਾ ਹੈ। ਇਹ ਸਰਟੀਫਿਕੇਟ ਦਾਖ਼ਲੇ ਵੇਲੇ ਅਸਲ ਹੀ ਰੱਖਣਾ ਹੁੰਦਾ ਹੈ। ਇਹ ਇਸ ਕਰਕੇ ਕਿ ਬੱਚਾ ਇੱਕ ਸਕੂਲ ਦੀ ਥਾਂ ਕਿਤੇ ਦੋ ਸਕੂਲਾਂ ਵਿੱਚ ਦਾਖ਼ਲਾ ਨਾ ਲੈ ਲਵੇ।

### ਬੱਚੇ ਨਾਲ ਸਬੰਧਿਤ ਹੋਰ ਸਰਟੀਫਿਕੇਟ

ਇਸ ਵਿਚ ਬੱਚੇ ਨਾਲ ਸਬੰਧਿਤ ਸਰਟੀਫਿਕੇਟ, ਜਿਵੇਂ ਹੈਂਡੀਕੈਪਡ ਸਰਟੀਫਿਕੇਟ, ਕਰੋਨਿਕ ਡਿਸੀਜ਼ ਸਰਟੀਫਿਕੇਟ, ਘਰ ਦੇ ਪੱਕੇ ਪਤੇ ਦਾ ਸਬੂਤ ਲੈਣਾ ਜ਼ਰੂਰੀ ਹੈ, ਤਾਂ ਜੋ ਉਸ ਬੱਚੇ ਬਾਰੇ ਜਾਣਕਾਰੀ ਜਮਾਤ ਇੰਚਾਰਜ ਨੂੰ ਹੋ ਸਕੇ। ਕਈ ਵਾਰ ਬੱਚੇ ਦੇ ਘਰ ਚਿੱਠੀ ਪੱਤਰ ਵੀ ਭੇਜਿਆ ਜਾ ਸਕਦਾ ਹੈ।

### ਸੰਪਰਕ ਨੰਬਰ

ਬੱਚੇ ਦਾ ਸੰਪਰਕ ਨੰਬਰ ਅਧਿਆਪਕ ਕੋਲ ਹੋਣਾ ਲਾਜ਼ਮੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜੋ ਨੰਬਰ ਦਾਖ਼ਲੇ ਵੇਲੇ ਦਿੱਤਾ ਜਾਂਦਾ ਹੈ, ਉਹ ਮਹੀਨੇ ਬਾਅਦ ਹੀ ਬੰਦ ਹੋ ਜਾਂਦਾ ਹੈ ਅਤੇ ਅਧਿਆਪਕ ਨੂੰ ਮੁਸ਼ਕਿਲ ਹੁੰਦੀ ਹੈ। ਮਾਤਾ-ਪਿਤਾ ਦਾ ਨੰਬਰ ਹੋਣਾ ਜ਼ਰੂਰੀ ਹੈ। ਦਾਖ਼ਲੇ ਸਮੇਂ ਮਾਤਾ-ਪਿਤਾ ਨੂੰ ਹਦਾਇਤ ਕੀਤੀ ਜਾਵੇ ਕਿ ਦਿੱਤਾ ਹੋਇਆ ਨੰਬਰ ਬਦਲਿਆ ਨਾ ਜਾਵੇ ਕਿਉਂਕਿ ਇਹ ਨੰਬਰ ਹੀ ਬੈਂਕ ਖਾਤੇ ਨਾਲ ਜੁੜਿਆ ਹੁੰਦਾ ਹੈ। ਜੇ ਕਿਸੇ ਵੇਲੇ ਨੰਬਰ ਬਦਲਣ ਦੀ ਲੋੜ ਪੈ ਵੀ ਜਾਵੇ ਤਾਂ ਇਸ ਦੀ ਸੂਚਨਾ ਸਕੂਲ ਵਿੱਚ ਲਾਜ਼ਮੀ ਦਿੱਤੀ ਜਾਵੇ।

### ਬੈਂਕ ਦਾ ਖਾਤਾ ਨੰਬਰ

ਬੱਚੇ ਦਾ ਬੈਂਕ ਖਾਤਾ ਜ਼ਰੂਰ ਖੁੱਲ੍ਹਿਆ ਹੋਣਾ ਚਾਹੀਦਾ ਹੈ। ਬੈਂਕ ਦਾ ਪਤਾ, ਬਰਾਂਚ ਕੋਡ, ਆਈਐੱਫਐੱਸਸੀ ਕੋਡ ਆਦਿ ਹੋਣੇ ਜ਼ਰੂਰੀ ਹਨ। ਇਹ ਜ਼ਰੂਰੀ ਹੈ ਕਿ ਖਾਤਾ ਬੈਂਕ ਦੇ ਨਾਲ ਜੁੜਿਆ ਹੋਵੇ। ਇਸ ਦੀ ਜਾਣਕਾਰੀ ਅਧਿਆਪਕ ਬੈਂਕ ਤੋਂ ਆਪ ਹੀ ਪ੍ਰਾਪਤ ਕਰੇ, ਤਾਂ ਜੋ ਵਜ਼ੀਫ਼ੇ ਵੇਲੇ ਕੋਈ ਮੁਸ਼ਕਲ ਨਾ ਆਵੇ।

### ਵਿਦਿਆਰਥੀਆਂ ਦੀਆਂ ਫੋਟੋਆਂ

ਬੱਚੇ ਦੀਆਂ ਚਾਰ ਪਾਸਪੋਰਟ ਸਾਈਜ਼ ਫੋਟੋਆਂ ਜਿਹੜੀਆਂ ਨਵੀਆਂ ਤੇ ਸਾਫ਼ ਹੋਣ, ਤਾਂ ਜੋ ਲੋੜ ਪੈਣ 'ਤੇ ਅਧਿਆਪਕ ਇਸ ਨੂੰ ਵਰਤ ਸਕੇ।

### ਸਵੈ ਘੋਸ਼ਣਾ ਪੱਤਰ

ਹਰ ਅਧਿਆਪਕ ਦਾਖ਼ਲੇ ਵੇਲੇ ਮਾਤਾ ਜਾਂ ਪਿਤਾ ਤੋਂ ਸਵੈ-ਘੋਸ਼ਣਾ ਪੱਤਰ ਜ਼ਰੂਰ ਲਵੇ, ਜਿਸ ਵਿੱਚ ਉਪਰੋਕਤ ਸਾਰੇ ਦਸਤਾਵੇਜ਼ ਸਹੀ ਤੇ ਦਰੁੱਸਤ ਹਨ ਅਤੇ ਇਸ ਵਿੱਚ ਲਿਖਾਇਆ ਜਾਵੇ ਕਿ ਦਿੱਤੀ ਜਾਣਕਾਰੀ ਵਿਚ ਕੁਝ ਵੀ ਗ਼ਲਤ ਨਹੀਂ ਹੈ ਅਤੇ ਨਾ ਹੀ ਕੁਝ ਛੁਪਾਇਆ ਗਿਆ ਹੈ। ਫਾਰਮ ਦੇ ਆਖ਼ਰ ਵਿੱਚ ਮਾਤਾ-ਪਿਤਾ ਦੇ ਹਸਤਾਖ਼ਰ ਪੂਰੇ ਹੋਣੇ ਚਾਹੀਦੇ ਹਨ ਜਾਂ ਅੰਗੂਠਾ ਲਗਾਇਆ ਜਾਂਦਾ ਹੈ ਤਾਂ ਬੱਚੇ ਦੇ ਮਾਤਾ ਜਾਂ ਪਿਤਾ ਦਾ ਪੂਰਾ ਨਾਂ ਲਿਖਵਾਇਆ ਜਾਵੇ।

ਆਖ਼ਰੀ ਪੜਾਅ ਵਿੱਚ ਸਕੂਲ ਵਿੱਚ ਫਾਰਮ ਚੈੱਕ ਕਰਤਾ ਕਮੇਟੀ ਪੂਰੀ ਬਾਰੀਕੀ ਤੇ ਸਖ਼ਤਾਈ ਨਾਲ ਸਾਰੇ ਦਸਤਾਵੇਜ਼ ਚੈੱਕ ਕਰ ਕੇ ਅਗਲੇਰੀ ਦਾਖ਼ਲਾ ਕਮੇਟੀ ਨੂੰ ਭੇਜੇ ਤਾਂ ਜੋ ਬੱਚੇ ਦਾ ਸਹੀ ਦਾਖ਼ਲਾ ਹੋ ਸਕੇ। ਜਮਾਤ ਇੰਚਾਰਜ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਹਰ ਬੱਚੇ ਦੇ ਵੇਰਵੇ ਚੰਗੀ ਤਰ੍ਹਾਂ ਚੈੱਕ ਕਰ ਕੇ ਹੀ ਦਾਖ਼ਲਾ ਰਜਿਸਟਰ ਵਿੱਚ ਇੰਦਰਾਜ਼ ਕਰੇ ਕਿਉਂਕਿ ਬੱਚੇ ਦੇ ਵੇਰਵੇ ਇਸੇ ਰਜਿਸਟਰ ਤੋਂ ਹੀ ਪਤਾ ਲੱਗਦੇ ਹਨ। ਜੇ ਇਹ ਕੰਮ ਪੂਰੀ ਜ਼ਿੰਮੇਵਾਰੀ ਨਾਲ ਕੀਤਾ ਜਾਵੇ ਤਾਂ ਬੱਚੇ ਨੂੰ ਭਵਿੱਖ ਵਿਚ ਕਿਸੇ ਵੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

# ਬੱਚਿਆਂ 'ਚ ਘਟ ਰਿਹਾ ਕਿਤਾਬਾਂ ਪੜ੍ਹਨ ਦਾ ਰੁਝਾਨ



**ਮਨਪ੍ਰੀਤ ਸਿੰਘ ਗਿੱਲ**



ਚੰਗੀ ਕਿਤਾਬ ਮਨੁੱਖ ਦੀ ਸੋਚ ਨੂੰ ਸਿਰਜਦੀ ਹੈ ਪਰ ਤਕਨੀਕੀ ਯੁੱਗ ਵਿੱਚ ਵਿਦਿਆਰਥੀਆਂ ਦਾ ਕਿਤਾਬਾਂ ਪੜ੍ਹਨ ਦਾ ਰੁਝਾਨ ਬਹੁਤ ਘੱਟ ਰਿਹਾ ਹੈ। ਅਜੋਕੇ ਸਮੇ 'ਚ ਵਿਦਿਆਰਥੀਆਂ ਦਾ ਲਾਇਬ੍ਰੇਰੀ ਜਾਣ ਦਾ ਰੁਝਾਨ ਘਟ ਗਿਆ ਹੈ। ਟਾਵੇਂ-ਟਾਵੇਂ ਬੱਚੇ ਲਾਇਬ੍ਰੇਰੀਆਂ 'ਚ ਬੈਠੇ ਕਿਤਾਬ ਪੜ੍ਹਦੇ ਦਿਖਾਈ ਦਿੰਦੇ ਹਨ। ਕੋਈ ਬੱਚਾ ਸਾਹਿਤਕ, ਸੱਭਿਆਚਾਰਕ ਕਿਤਾਬਾਂ ਪੜ੍ਹਨ 'ਚ ਦਿਲਚਸਪੀ ਨਹੀਂ ਲੈਂਦਾ। ਅੱਜ ਦੇ ਬੱਚੇ ਤਾਂ ਘਰ ਆਉਂਦੀ ਅਖ਼ਬਾਰ ਨਹੀਂ ਪੜ੍ਹਦੇ। ਬੱਚਿਆਂ ਦਾ ਜ਼ਿਆਦਾਤਰ ਸਮਾਂ ਸਕੂਲਾਂ, ਕਾਲਜਾਂ 'ਚ ਹੀ ਲੰਘਾਦਾ ਹੈ। ਅਜੋਕੇ ਤਿਕਵਾਦ ਜ਼ਮਾਨੇ 'ਚ ਉਨ੍ਹਾਂ ਨੂੰ ਸਿਲੇਬਸ ਦੀਆਂ ਕਿਤਾਬਾਂ ਪੜ੍ਹਨ ਤੋਂ ਵਿਹਲ ਨਹੀਂ। ਵਿਦਿਆਰਥੀ ਸਕੂਲਾਂ-ਕਾਲਜਾਂ ਤੋਂ ਘਰ ਆ ਕੇ ਟਿਊਸ਼ਨ ਚਲੇ ਜਾਂਦੇ ਹਨ। ਉਨ੍ਹਾਂ ਦੇ ਮਾਤਾ-ਪਿਤਾ ਨੂੰ ਆਪਣੀਆਂ ਨੌਕਰੀਆਂ ਜਾਂ ਕੰਮਾਂਕਾਰਾਂ ਤੋਂ ਵਿਹਲ ਨਹੀਂ ਹੈ ਤੇ ਉਹ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਨਹੀਂ ਕਰਦੇ। ਬਾਲ ਕਹਾਣੀਆਂ ਤੇ ਨੈਤਿਕ ਕਦਰਾਂ-ਕੀਮਤਾਂ ਵਾਲੀਆਂ ਕਿਤਾਬਾਂ ਕੌਣ ਲਿਆਏ ਤੇ ਕੌਣ ਬੱਚਿਆਂ ਨੂੰ ਦੇਵੇ?

ਅੱਜ-ਕੱਲ੍ਹ ਸਕੂਲ ਦੇ ਬੱਚਿਆਂ ਨੂੰ ਜੇ ਥੋੜ੍ਹਾ ਬਹੁਤ ਸਮਾਂ ਮਿਲ ਜਾਵੇ, ਉਹ ਮੋਬਾਈਲ 'ਤੇ ਵੀਡੀਓ ਦੇਖ ਰਹੇ ਹੁੰਦੇ ਹਨ ਜਾਂ ਗੇਮ ਖੇਡਦੇ ਹਨ। ਬੱਚਿਆਂ ਬਿਨਾਂ ਖ਼ਾਲੀ ਲਾਇਬ੍ਰੇਰੀਆਂ ਦੇਖ ਕੇ ਬੜਾ ਦੁੱਖ ਹੁੰਦਾ ਹੈ। ਇਹ ਗੱਲ ਯਾਦ ਰੱਖੋ ਕਿ ਸੁੰਨਸਾਨ ਜਗ੍ਹਾ ਰੁਕੇ ਰਹਿਣ ਨੂੰ ਦਰਸਾਉਂਦੀ ਹੈ। ਚਹਿਲ ਪਹਿਲ ਹੋਣਾ ਵਿਕਾਸ ਦੀ ਨਿਸ਼ਾਨੀ ਹੈ। ਬੱਚੇ ਸਕੂਲਾਂ, ਕਾਲਜਾਂ ਦੀਆਂ ਲਾਇਬ੍ਰੇਰੀਆਂ 'ਚ ਨਾ ਬਹਿ ਕੇ ਪਾਰਕਾਂ, ਕੰਟੀਨਾਂ 'ਚ ਬੈਠੇ ਦਿਖਾਈ ਦਿੰਦੇ ਹਨ। ਇੱਕ ਹਿਸਾਬ ਨਾਲ ਜੇ ਇਹ ਕਹਿ ਦੇਈਏ ਕਿ ਬੇਜ਼ੁਬਾਨ ਲਾਇਬ੍ਰੇਰੀਆਂ ਬੱਚਿਆਂ ਨੂੰ ਬੜੀ ਬੇਸਬਰੀ ਨਾਲ ਉਡੀਕਦੀਆਂ ਹਨ ਤਾ ਕੁਝ ਗ਼ਲਤ ਨਹੀਂ ਹੋਵੇਗਾ। ਅੱਜ ਦੇ ਹਾਲਾਤਾਂ ਨੂੰ ਦੇਖ ਕੇ ਆਪਣੀ ਵਿਰਾਸਤ ਗੁਆਚ ਗਈ ਜਾਪਦੀ ਹੈ। ਜੇ ਸਾਡੇ ਬੱਚੇ ਆਪਣੀ ਬੌਧਿਕਤਾ ਦਾ ਵਿਕਾਸ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਸੱਭਿਆਚਾਰ ਦਾ ਕਿੱਥੋਂ ਪਤਾ ਲੱਗੇਗਾ? ਸਾਡੇ ਛੋਟੇ-ਛੋਟੇ ਬੱਚੇ ਭਵਿੱਖ ਦੇ ਨੇਤਾ ਹਨ। ਇਹ ਬੱਚੇ ਕੱਲ੍ਹ ਦੇ ਹੋਣ ਵਾਲੇ ਵਿਗਿਆਨੀ ਹਨ।



ਸਾਨੂੰ ਮਿਲ ਕੇ ਇਹ ਪ੍ਰਣ ਲੈਣਾ ਚਾਹੀਦਾ ਕਿ ਅਸੀਂ ਆਪਣੇ ਸਿਖਿਆਰਥੀਆਂ ਅੰਦਰ ਸਾਹਿਤ, ਬੌਧਿਕਤਾ, ਰਚਨਾਤਮਿਕਤਾ, ਮੌਲਿਕਤਾ ਤੇ ਕਦਰਾਂ-ਕੀਮਤਾਂ ਦਾ ਵਿਕਾਸ ਕਰੀਏ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਆਪਣੇ ਸਾਹਿਤ ਤੇ ਸੱਭਿਆਚਾਰ ਨਾਲ ਜੋੜੀਏ ਤੇ ਕਿਤਾਬਾਂ ਰਾਹੀਂ ਗਿਆਨ ਦਾ ਪ੍ਰਕਾਸ਼ ਉਨ੍ਹਾਂ ਦੀ ਜ਼ਿੰਦਗੀ ਵਿੱਚ ਲੈ ਕੇ ਆਈਏ। ਬੱਚਿਆਂ ਨੂੰ ਗੁਰਮੁਖੀ ਨਾਲ ਜੋੜਨ ਲਈ ਲਾਇਬ੍ਰੇਰੀ ਦਾ ਹਿੱਸਾ ਬਣਾਈਏ। ਵਿਦਿਆਰਥੀਆਂ ਅੰਦਰ ਗਿਆਨ ਪ੍ਰਾਪਤੀ ਲਈ ਲਾਇਬ੍ਰੇਰੀ ਦੇ ਬੂਹੇ ਖੋਲ੍ਹ ਸਕੀਏ। ਸਰਕਾਰਾਂ ਨੂੰ ਵੀ ਪਿੰਡਾਂ ਤੇ ਸ਼ਹਿਰਾਂ ਵਿਚ ਵੱਧ ਤੋਂ ਵੱਧ ਲਾਇਬ੍ਰੇਰੀਆਂ ਖੋਲ੍ਹਣੀਆਂ ਚਾਹੀਦੀਆਂ ਹਨ, ਤਾਂ ਜੋ ਵਿਦਿਆਰਥੀ ਅੰਦਰ ਸਾਹਿਤ ਦੀ ਚੇਟਕ ਲੱਗ ਸਕੇ ਤੇ ਉਨ੍ਹਾਂ ਸਰਬਪੱਖੀ ਵਿਕਾਸ ਹੋ ਸਕੇ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਕਬੂਤਰਾਂ ਦਾ ਆਲ੍ਹਣਾ'

**ਕਮਲਪ੍ਰੀਤ ਕੌਰ ਸੰਧੂ**



ਵਿਆਹ ਤੋਂ ਬਾਅਦ ਜਦ ਅਸੀਂ ਕਿਰਾਏ ਦੇ ਘਰ ਲਈ ਜੱਦੋ-ਜਹਿਦ ਕਰ ਰਹੇ ਸੀ ਤਾਂ ਮੇਰੀ ਇਕ ਸਹੇਲੀ ਨੇ ਦੱਸ ਪਾਈ ਕਿ ਗੁਆਂਢ ਵਿੱਚ ਉਸ ਦੇ ਘਰ ਕੋਲ ਇਕ ਘਰ ਦਾ ਉੱਪਰਲਾ ਹਿੱਸਾ ਕਿਰਾਏ ਲਈ ਖ਼ਾਲੀ ਹੈ। ਅਸੀਂ ਦੇਖਣ ਗਏ ਤਾਂ ਸਾਨੂੰ ਜ਼ਰੂਰਤ ਅਤੇ ਆਲੇ-ਦੁਆਲੇ ਮੁਤਾਬਿਕ ਉਹ ਸਹੀ ਲੱਗਿਆ। ਉੱਥੇ ਮੈਂ ਦੇਖਿਆ ਕਿ ਜਿਸ ਤਰ੍ਹਾਂ ਅਸੀਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰ ਰਹੇ ਸੀ, ਉਸੇ ਤਰ੍ਹਾਂ ਇਕ ਕਬੂਤਰਾਂ ਦਾ ਜੋੜਾ ਵੀ ਤੀਲਾ-ਤੀਲਾ ਇਕੱਠਾ ਕਰ ਕੇ ਆਪਣਾ ਆਲਣਾ ਬਣਾ ਰਿਹਾ ਸੀ।

'ਉਹ ਦੇਖੋ, ਕਬੂਤਰ ਵੀ ਆਪਣੇ ਵਾਂਗ ਆਪਣਾ ਘਰ ਬਣਾ ਰਹੇ ਨੇ।' ਮੈਂ ਆਪਣੇ ਹਸਬੈਂਡ ਨੂੰ ਕਿਹਾ।

'ਅਸੀਂ ਤਾਂ ਕਿਰਾਏ 'ਤੇ ਲੈ ਰਹੇ ਹਾਂ, ਉਹ ਤਾਂ ਆਪਣਾ ਬਣਾ ਰਹੇ ਨੇ।' ਉਨ੍ਹਾਂ ਜਵਾਬ ਦਿੱਤਾ।

ਫਿਰ ਮੈਂ ਸੋਚਾਂ ਵਿੱਚ ਪੈ ਗਈ। ਚਾਹੇ ਕਿਰਾਏ ਦਾ ਹੋਵੇ ਜਾਂ ਆਪਣਾ ਬਣਾਇਆ, ਜਿੱਥੇ ਭਾਵਨਾਵਾਂ ਜੁੜ ਜਾਣ, ਉਹ ਘਰ ਆਪਣਾ ਹੀ ਹੋ ਜਾਂਦਾ ਹੈ। ਘਰ ਸਿਰਫ਼ ਇੱਟਾਂ ਜਾਂ ਪੱਥਰਾਂ ਨਾਲ ਨਹੀਂ ਬਣਦਾ। ਘਰ ਬਣਦਾ ਹੈ ਉਸ ਅੰਦਰ ਰਹਿ ਰਹੇ ਇਨਸਾਨਾਂ ਨਾਲ ਅਤੇ ਉਨ੍ਹਾਂ ਦੀਆਂ ਜੁੜੀਆਂ ਆਪਸੀ ਭਾਵਨਾਵਾਂ ਨਾਲ। ਘਰ ਦੇ ਨਾਲ ਅਹਿਸਾਸ ਜੁੜੇ ਹੁੰਦੇ ਹਨ, ਭਾਵਨਾਵਾਂ ਜੁੜੀਆਂ ਹੁੰਦੀਆਂ ਹਨ।

ਫਿਰ ਅਸੀਂ ਉਸ ਕਿਰਾਏ ਦੇ ਘਰ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਮੈਂ ਉਨ੍ਹਾਂ ਕਬੂਤਰਾਂ ਨੂੰ ਰੋਜ਼ ਦੇਖਦੀ। ਜਿਵੇਂ ਅਸੀਂ ਇੱਕ-ਇੱਕ ਕਰ ਕੇ ਚੀਜ਼ਾਂ ਜੁਟਾ ਰਹੇ ਸੀ, ਉਸੇ ਤਰ੍ਹਾਂ ਕਬੂਤਰਾਂ ਦਾ ਉਹ ਜੋੜਾ ਤੀਲ੍ਹਾ-ਤੀਲ੍ਹਾ ਕਰਕੇ ਆਪਣਾ ਘਰ ਬਣਾ ਰਿਹਾ ਸੀ। ਇੱਕ ਜਣਾ ਤੀਲ੍ਹੇ ਲੈ ਕੇ ਆਉਂਦਾ ਸੀ ਅਤੇ ਦੂਜਾ ਉਸ ਤੋਂ ਆਲ੍ਹਣੇ ਦੀ ਬਣਤਰ ਬਣਾ ਰਿਹਾ ਸੀ। ਫਿਰ ਇਹ ਕਈ ਰੋਜ਼ ਚਲਦਾ ਰਿਹਾ। ਅਸੀਂ ਵੀ ਆਪਣੇ ਕਿਰਾਏ ਦੇ ਘਰ 'ਚ ਸਾਮਾਨ ਰੱਖਣਾ ਸ਼ੁਰੂ ਕਰ ਦਿੱਤਾ ਸੀ। ਥੋੜ੍ਹਾ-ਥੋੜ੍ਹਾ ਕਰ ਕੇ ਅਸੀਂ ਜ਼ਰੂਰਤ ਦੀਆਂ ਚੀਜ਼ਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਫਿਰ ਇੱਕ ਦਿਨ ਮੀਂਹ ਰੁੱਕਣ ਦਾ ਨਾਮ ਨਹੀਂ ਸੀ ਲੈ ਰਿਹਾ। ਏਨਾ ਮੀਂਹ ਸੀ ਕਿ ਸਾਰੇ ਲੋਕ ਘਰਾਂ 'ਤੋਂ ਨਿਕਲਣ ਦਾ ਨਾਮ ਨਹੀਂ ਸੀ ਲੈ ਰਹੇ। ਚਾਰੇ ਪਾਸੇ ਪਾਣੀ-ਪਾਣੀ ਹੋਇਆ ਪਿਆ ਸੀ। ਹਸਬੈਂਡ ਵੀ ਮੀਂਹ 'ਚ ਭਿੱਜ ਕੇ ਆਪਣੇ ਆਫਿਸ ਗਏ ਸਨ ਤੇ ਮੈਂ ਆਪਣੇ ਆਫਿਸ ਤੋਂ ਮੀਂਹ 'ਚ ਭਿੱਜ ਕੇ ਵਾਪਿਸ ਆ ਰਹੀ ਸੀ। ਇੰਝ ਜਾਪੇ ਕਿ ਅੱਜ ਸਭ ਦਾ ਨੁਕਸਾਨ ਹੋਣ ਵਾਲਾ ਹੈ। ਘਰ ਜਾ ਕੇ ਸਬਜ਼ੀ ਬਣਾਉਣ ਦਾ ਬੰਦੋਬਸਤ ਵੀ ਨਹੀਂ ਸੀ। ਉੱਤੋਂ ਸਬਜ਼ੀ ਵਾਲੇ ਭਾਈ ਰੇਹੜੀਆਂ ਨੂੰ ਲੈ ਕੇ ਸੜਕਾਂ ਤੇ ਨਹੀਂ ਆਏ ਸਨ ਤੇ ਨਾ ਕਿਤੇ ਗਲੀ 'ਚ ਹੋਕੇ ਦੀ ਆਵਾਜ਼ ਸੀ। ਮਜ਼ਦੂਰ ਭਿੱਜੇ ਖੜ੍ਹੇ ਕਿਤੇ ਦਿਹਾੜੀ ਦੇ ਲਈ ਨਹੀਂ ਜਾ ਰਹੇ ਸਨ ਤੇ ਮੈਂ ਆਟੋ 'ਚ ਬੈਠੀ ਵੀ ਭਿੱਜੀ ਜਾ ਰਹੀ ਸੀ। ਹਵਾ ਦੇ ਤੇਜ਼ ਵਹਾਅ ਨਾਲ ਮੀਂਹ ਵੀ ਖਿੰਡ ਰਿਹਾ ਸੀ।

ਅਰਦਾਸ ਕਰੀਂ ਜਾਵਾਂ ਵਾਹਿਗੁਰੂ ਅੱਗੇ ਕਿ ਥੋੜ੍ਹਾ ਜਿਹਾ ਰੁਕ ਜਾ। ਰੋਜ਼ੀ-ਰੋਟੀ ਲਈ ਜਿਹੜੇ ਲੋਕ ਜਾ ਰਹੇ ਹਨ, ਉਨ੍ਹਾਂ ਦਾ ਬੰਦੋਬਸਤ ਕਰਦੇ ਤੇ ਆਪਣੇ-ਆਪ ਲਈ ਅਰਦਾਸ ਕਰ ਰਹੀ ਸੀ। ਸ਼ਿਕਵਾ ਹੋ ਰਿਹਾ ਸੀ ਕਿ ਹਸਬੈਂਡ ਮੋਟਰ ਸਾਈਕਲ 'ਤੇ ਭਿੱਜ ਕੇ ਜਾ ਰਹੇ ਸਨ। ਮੈਂ ਥੋੜ੍ਹੇ ਜਿਹੇ ਪੈਸੇ ਦੇ ਕੇ ਵੀ ਆਟੋ 'ਚ ਭਿੱਜੀ ਜਾ ਰਹੀ ਹਾਂ। ਇਸ ਨਾਲੋਂ ਚੰਗਾ ਸੀ ਕਿ ਤੁਰ ਕੇ ਚਲੇ ਜਾਂਦੀ, ਪਰ ਵਾਟ ਬਹੁਤ ਲੰਬੀ ਸੀ।ਪਰ ਉਨ੍ਹਾਂ ਲੋਕਾਂ ਨੂੰ ਦੇਖ ਕੇ ਖ਼ੁਸ਼ ਹੋ ਰਹੀ ਸਾਂ ਜਿਨ੍ਹਾਂ ਕੋਲ ਆਪਣੀਆਂ ਗੱਡੀਆਂ ਸਨ। ਧੁੱਪ ਹੋਵੇ, ਮੀਂਹ ਹੋਵੇ। ਕਿੰਨੇ ਸੁਖਾਲੇ ਨੇ ਗੱਡੀਆਂ ਵਾਲੇ ਲੋਕ। ਮਨ 'ਚ ਇੱਕ ਹੋਰ ਲਾਲਚ ਜਿਹਾ ਪੈਦਾ ਹੋ ਰਿਹਾ ਸੀ ਕਿ ਕਾਸ਼ ਸਾਡੇ ਕੋਲ ਵੀ ਇੱਕ ਗੱਡੀ ਹੋਵੇ। ਜਦ ਤੱਕ ਮੈਂ ਆਪਣੀਆਂ ਸੋਚਾਂ 'ਚ ਸੀ ਤੇ ਆਟੋ ਵਾਲੇ ਨੇ

ਹਾਕ ਮਾਰੀ 'ਭੈਣ ਜੀ ਤੁਹਾਡਾ ਸਟਾਪ ਆ ਗਿਆ।'

ਮੀਂਹ ਰੁਕਿਆ ਨਹੀਂ ਸੀ। ਫਟਾਫਟ ਲਾਂਗਾਂ ਪੱਟੀਆਂ ਘਰ ਪਹੁੰਚਦੇ ਸਾਰ ਹੀ ਚਾਹ ਪੀਣ ਦਾ ਮਨ ਕੀਤਾ। ਚਾਹ ਪੀਂਦੇ ਤਾਕੀ 'ਚੋਂ ਝਾਤ ਮਾਰੀ ਤਾਂ ਦੇਖਿਆ ਕਿ ਬਾਰਿਸ਼ ਹੁਣ ਰੁਕ ਗਈ ਸੀ। ਫਿਰ ਲਾਗਿਓਂ ਖੜ੍ਹਾਕ ਦੀ ਆਵਾਜ਼ ਆਈ। ਜਦੋਂ ਝਾਤ ਮਾਰੀ ਤਾਂ ਦੇਖਿਆ ਕਿ ਮਕਾਨ ਮਾਲਕ ਦੇ ਘਰ ਕੰਮ ਵਾਲੀ ਰੱਖੀ ਹੋਈ ਸੀ ਤੇ ਉਹ ਉੱਪਰ ਮੀਂਹ ਦੇ ਇਕੱਠੇ ਹੋਏ ਪਾਣੀ ਨੂੰ ਰੋੜ ਰਹੀ ਸੀ। ਇੰਝ ਜਾਪਦਾ ਸੀ ਜਿਵੇਂ ਕਿ ਉਸ ਨੂੰ ਪੱਕਾ ਹੀ ਹੋ ਗਿਆ ਹੋਵੇ ਕਿ ਹੁਣ ਬਾਰਿਸ਼ ਨਹੀਂ ਆਉਣੀ ਤੇ ਫਟਾਫਟ ਸਫ਼ਾਈ ਕਰ ਕੇ ਉਹ ਆਪਣੇ ਘਰ ਜਾਵੇ। ਮੇਰੇ ਦੇਖਦੇ ਸਾਰ ਇੱਕ ਜ਼ੋਰ ਦੀ ਆਵਾਜ਼ ਆਈ ਤੇ ਆਵਾਜ਼ ਇਵੇਂ ਸੀ ਜਿਵੇਂ ਕੋਈ ਪੌੜੀ ਤੋਂ ਡਿੱਗਿਆ ਹੋਵੇ ਤੇ ਮੈਂ ਫਟਾਫਟ ਦੌੜ ਕੇ ਬਾਹਰ ਗਈ। ਦੇਖਿਆ ਪੌੜੀ ਨੂੰ ਘੜੀਸਣ ਦੀ ਆਵਾਜ਼ ਸੀ।

ਮੈਂ ਪੁੱਛਿਆ 'ਸਭ ਠੀਕ ਆ ?

ਕੰਮ ਕਰਨ ਵਾਲੀ ਨੇ ਜਵਾਬ ਦਿੱਤਾ 'ਮੈਂ ਹੀ ਹੂੰ ਦੀਦੀ। ਸਭ ਠੀਕ ਹੈ। ਆ ਗਏ ਆਪ ?' ਜਬ ਆਪ ਗਏ ਥੇ ਬਾਰਿਸ਼ ਬਹੁਤ ਥੀ।'

ਮੈਂ ਕਿਹਾ 'ਹਾਂ ਜੀ, ਭਿੱਜ ਕੇ ਆਈ ਹਾਂ ਕੰਮ ਤੋਂ।'

ਇੰਨ੍ਹੇ ਨੂੰ ਕਬੂਤਰ ਦੇ ਜੋੜੇ ਤੇ ਨਜ਼ਰ ਪਈ। ਮੈਂ ਉਨ੍ਹਾਂ ਵੱਲ ਗੌਰ ਨਾਲ ਦੇਖਿਆ ਇਵੇਂ ਲੱਗਿਆ ਜਿਵੇਂ ਉਨ੍ਹਾਂ ਦੀਆਂ ਅੱਖਾਂ 'ਚ ਕੋਈ ਤੜਫ਼ ਹੋਵੇ। ਕੋਈ ਕਿਸੇ ਨੂੰ ਸਮਝਾਉਣ ਦੀ ਇੱਕ ਗੁਜ਼ਾਰਿਸ਼, ਚੇਟਕ ਹੋਵੇ। ਜਿਵੇਂ ਉਹ ਕਹਿ ਰਹੇ ਹੋਣ ਕਿ ਸਾਡੀ ਇਹ ਬੇਜ਼ੁਬਾਨੀ ਨੂੰ ਕੋਈ ਸਮਝ ਲਵੇ। ਉਹ ਵੀ ਲਗਾਤਾਰ ਮੇਰੇ ਵੱਲ ਵੇਖਦੇ ਰਹੇ। ਕੰਮ ਕਰਨ ਵਾਲੀ ਫਟਾਫਟ ਤੀਲ੍ਹੀਆਂ ਨੂੰ ਇਕੱਠਾ ਕਰਦੇ ਹੋਏ ਲਿਫ਼ਾਫ਼ੇ 'ਚ ਪਾਉਂਦੀ ਹੋਈ ਕਹਿ ਰਹੀ ਸੀ 'ਰੋਜ਼-ਰੋਜ਼ ਸਫ਼ਾਈ ਕਰਨੀ ਪੜਤੀ ਹੈ। ਕਬੂਤਰ ਕਿਤਨੇ ਤੀਲ੍ਹੇ ਖਿਲਾਰ ਦੇਤੇ ਹੈਂ।'

ਸ਼ਾਇਦ ਉਹ ਨਹੀਂ ਜਾਣਦੀ ਸੀ ਕਿ ਇਨ੍ਹਾਂ ਕਬੂਤਰਾਂ ਨੂੰ ਇਹ ਆਲ੍ਹਣਾ ਬਣਾਉਣ ਲਈ ਕਿੰਨੀ ਮੁਸ਼ੱਕਤ ਕਰਨੀ ਪਈ ਸੀ। ਇੱਕ-ਇੱਕ ਤੀਲ੍ਹਾ ਕਰ ਕੇ ਉਨ੍ਹਾਂ ਇਹ ਆਲ੍ਹਣਾ ਬਣਾਇਆ ਸੀ। ਇੱਕ ਤਾਂ ਉਨ੍ਹਾਂ ਨੂੰ ਕੁਦਰਤ ਦੀ ਮਾਰ ਪਈ ਸੀ ਤੇ ਦੂਜਾ ਉਨ੍ਹਾਂ ਦੇ ਘਰ ਦੇ ਤੀਲਿਆਂ ਨੂੰ ਖਲ੍ਹਾਰਾ ਸਮਝ ਕੇ ਉਸ ਕੰਮ ਵਾਲੀ ਨੇ ਸਾਰੇ ਤੀਲੇ ਡਸਟਬਿਨ 'ਚ ਸੁੱਟ ਦਿੱਤੇ ਸਨ।

ਮੇਰੇ ਦਿਲ 'ਚ ਇੱਕ ਚੀਸ ਸੀ, ਇੱਕ ਦਰਦ ਸੀ। ਮੈਂ ਉਨ੍ਹਾਂ ਦੇ ਬਣੇ ਹੋਏ ਘਰ ਨੂੰ ਢੱਠਿਆ ਹੋਇਆ ਦੇਖ ਨਹੀਂ ਸਕਦੀ ਸੀ। ਮੇਰੇ ਮਨ ਨੂੰ ਖ਼ਿਆਲ ਸਤਾਉਣ ਲੱਗ ਪਿਆ ਸੀ ਕਿ ਅਸੀਂ ਵੀ ਤਾਂ ਕਿਰਾਏ ਦੇ ਘਰ 'ਚ ਰਹਿੰਦੇ ਹਾਂ। ਕਿਤੇ ਇਹ ਨਾ ਹੋਵੇ ਕਿ ਸਾਡੇ ਵੀ ਸੁਪਨਿਆਂ ਤੇ ਸਮਾਨ ਨੂੰ ਤੀਲ੍ਹਾ ਸਮਝ ਕੇ ਮਕਾਨ ਮਾਲਕ ਇੱਕ ਦਮ ਪੋਰਸ਼ਨ ਖ਼ਾਲੀ ਕਰਨ ਨੂੰ ਨਾ ਕਹਿ ਦਵੇ।

ਸੋਚਾਂ 'ਚ ਡੁੱਬੀ ਹੋਈ ਕੰਮ ਕਰਨ ਵਾਲੀ ਆਪਣੀ ਨਮਸਕਾਰ ਕਹਿ ਕੇ ਤੁਰ ਪਈ ਤੇ ਮੈਂ ਆਪਣੇ ਖ਼ਿਆਲਾਂ ਦੀ ਦੁਨੀਆ 'ਚੋਂ ਨਿਕਲ ਹੀ ਨਹੀਂ ਰਹੀ ਸੀ। ਅਚਾਨਕ ਹਸਬੈਂਡ ਦਾ ਫੋਨ ਆਇਆ ਤੇ ਸੋਚ ਤੋਂ ਬਾਹਰ ਆ ਕੇ ਆਪਣੇ-ਆਪ ਨੂੰ ਸਮਝਾਉਣ ਲੱਗੀ ਕਿ ਜੇ ਜ਼ਮੀਨ ਆਪਣੀ ਨਾ ਹੋਵੇ ਤੇ ਜ਼ੋਰ ਕਿਸੇ 'ਤੇ ਨਹੀਂ ਚੱਲਦਾ। ਮੈਂ ਥੋੜ੍ਹੀ ਦੇਰ ਬਾਅਦ ਵਾਰ-ਵਾਰ ਬਾਹਰ ਜਾ ਕੇ ਵੇਖ ਰਹੀ ਸਾਂ ਕਿ ਕਬੂਤਰ ਦਾ ਜੋੜਾ ਮੁੜ ਕੇ ਤਾਂ ਨਹੀਂ ਆਇਆ ? ਪਰ ਉਹ ਜੋੜਾ ਸ਼ਾਮ ਨੂੰ ਓਹੀ ਜਗ੍ਹਾ ਦੇਖਣ ਆਇਆ ਜਿੱਥੇ ਉਨ੍ਹਾਂ ਨੇ ਆਲ੍ਹਣਾ ਪਾਉਣਾ ਸੀ। ਥੋੜ੍ਹੇ ਸਮੇਂ ਬਾਅਦ ਉਹ ਇੱਕ ਦੂਜੇ ਵੱਲ ਵੇਖ ਕੇ ਪਿਆਰ ਤੇ ਆਸ ਦੇ ਸੁਨੇਹੇ ਦੀ ਉਡਾਰੀ ਭਰ ਕੇ ਦੂਰ ਕਿਤੇ ਚਲੇ ਗਏ ਸਨ ਤੇ ਮੈਂ ਆਪਣੇ ਹਸਬੈਂਡ ਨਾਲ ਖੜ੍ਹੀ ਹਾਲੇ ਵੀ ਇਹ ਸੋਚ ਰਹੀ ਸਾਂ ਕਿ ਅਸੀਂ ਵੀ ਇਨ੍ਹਾਂ ਕਬੂਤਰ ਦੇ ਜੋੜੇ ਵਾਂਗ ਹਾਂ ਕਿਤੇ ਸਾਡਾ ਵੀ ਕਿਰਾਏ ਦਾ ਘਰ ਕੋਈ ਉਜਾੜ ਨਾ ਦੇਵੇ। ਮੈਂ ਅੱਜ ਦਾ ਸਾਰਾ ਵਾਕਿਆ ਉਨ੍ਹਾਂ ਨੂੰ ਸੁਣਾਉਣ ਲੱਗੀ ਤੇ ਮੈਂ ਵੀ ਨਿਡਰ ਹੋ ਕੇ ਉਨ੍ਹਾਂ ਕੋਲੋਂ ਵਾਅਦਾ ਮੰਗਦੀ ਹਾਂ ਕਿ ਅਸੀਂ ਵੀ ਦੋਵੇਂ ਇਸ ਪਿਆਰ ਦੇ ਪੈਂਡੇ 'ਤੇ ਸੰਘਰਸ਼ ਕਰਨ ਦਾ ਯਤਨ ਕਰਦੇ ਹੋਏ ਸੋਹਣੀਆਂ ਉਡਾਰੀਆਂ ਭਰਾਂਗੇ। ਉਨ੍ਹਾਂ ਵੱਲੋਂ ਤੱਕਣੀ 'ਚ ਹਾਮੀ ਸੀ।

---

**ਮਿੰਨੀ ਕਹਾਣੀ**

# ਚਿੱਟਾ ਦੁਪੱਟਾ

**ਪ੍ਰਤਾਪ 'ਪਾਰਸ' ਗੁਰਦਾਸਪੁਰੀ**

ਦਲੇਰ ਸਿੰਘ ਮੱਧਵਰਗੀ ਪਰਿਵਾਰ ਵਿੱਚ ਪੈਦਾ ਹੋਇਆ ਮਾਂ ਦੇ ਲਾਡਾਂ ਦਾ ਵਿਗਾੜਿਆ ਹੋਇਆ ਉਹ ਪੁੱਤਰ ਸੀ, ਜਿਸ ਨੇ ਆਪਣੀ ਤਾਂ ਸਾਰੀ ਜ਼ਿੰਦਗੀ ਬਰਬਾਦ ਕੀਤੀ ਹੀ ਸੀ, ਆਪਣੇ ਚੰਗੇ-ਭਲੇ ਪਰਿਵਾਰ 'ਤੇ ਤਸਕਰ ਦਾ ਲੇਬਲ ਲਾ ਕੇ ਰੱਖ ਦਿੱਤਾ ਸੀ। ਉਸ ਦੇ ਮਾਂ-ਬਾਪ ਕੋਰੇ ਅਨਪੜ੍ਹ ਸਨ ਜਿਸ ਕਰਕੇ ਉਸ ਨੂੰ ਪੜ੍ਹਾਉਣ ਬਾਰੇ ਸੋਚਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ। ਦਲੇਰ ਸਿੰਘ ਜਵਾਨੀ ਦੇ ਸ਼ੁਰੂ ਵਿੱਚ ਹੀ ਪਿੰਡ ਦੇ ਗ਼ਲਤ ਮੁੰਡਿਆਂ ਨਾਲ ਬੈਠਣ-ਉੱਠਣ ਲੱਗ ਪਿਆ ਸੀ। ਪਿੰਡ ਬਾਰਡਰ ਨੇੜੇ ਹੋਣ ਕਰਕੇ ਗੁਆਂਢੀ ਦੇਸ਼ੋਂ ਅਫ਼ੀਮ, ਢਾਕੇ ਦੀ ਮਲਮਲ ਅਤੇ ਸੋਨੇ ਆਦਿ ਦੀ ਤਸਕਰੀ ਕਰਨ ਲੱਗਿਆ ਕਿਉਂਕਿ ਉਸ ਵੇਲੇ ਬਾਰਡਰ 'ਤੇ ਕੰਡਿਆਲੀ ਤਾਰ ਨਹੀਂ ਸੀ ਲੱਗੀ। ਉਹ ਪਾਂਡੀ ਦੇ ਕੰਮ ਤੋਂ ਸ਼ੁਰੂ ਹੋ ਕੇ ਥੋੜ੍ਹੇ ਸਮੇਂ ਵਿੱਚ ਹੀ ਵੱਡਾ ਤਸਕਰ ਬਣ ਗਿਆ। ਉਹ ਕਈ ਵਾਰ ਫੜਿਆ ਵੀ ਗਿਆ ਪਰ ਰਿਸ਼ਵਤ ਦੇ ਜ਼ੋਰ 'ਤੇ ਛੁੱਟ ਜਾਂਦਾ ਕਿਉਂਕਿ ਉਸ ਦੇ ਪਿੱਛੇ ਵੱਡੇ ਬਲੈਕੀਏ ਵੀ ਖੜ੍ਹੇ ਹੁੰਦੇ ਸਨ। ਇਸ ਤਰ੍ਹਾਂ ਉਸ ਦਾ ਇਹ ਧੰਦਾ ਨਿਰੰਤਰ ਚਲਦਾ ਰਿਹਾ। ਇਸ ਅਰਸੇ ਵਿੱਚ ਉਸ ਦਾ ਵਿਆਹ ਵੀ ਹੋ ਗਿਆ ਤੇ ਇੱਕ ਪੁੱਤਰ ਵੀ ਪੈਦਾ ਹੋ ਗਿਆ। ਪੋਤਰਾ ਹੋਣ ਦੇ ਕੁਝ ਸਮੇਂ ਬਾਅਦ ਹੀ ਦਲੇਰ ਸਿੰਘ ਦੇ ਮਾਂ-ਪਿਓ ਉਸ ਦੇ ਗ਼ੈਰਕਾਨੂੰਨੀ ਧੰਦੇ ਦਾ ਸੰਤਾਪ ਹੰਢਾਉਂਦੇ ਵਾਰੋ-ਵਾਰੀ ਦੁਖੀ ਹੀ ਜਹਾਨੋਂ ਰੁਖ਼ਸਤ ਹੋ ਗਏ। ਦਲੇਰ ਸਿੰਘ 'ਤੇ ਮਾਪਿਆਂ ਦੇ ਇਸ ਤਰ੍ਹਾਂ ਤੁਰ ਜਾਣ ਦਾ ਵੀ ਕੋਈ ਅਸਰ ਨਾ ਹੋਇਆ। ਉਸ ਦਾ ਤਸਕਰੀ ਦਾ ਕੰਮ ਲਗਾਤਾਰ ਜਾਰੀ ਸੀ। ਇੱਕ ਵਾਰ ਦਲੇਰ ਸਿੰਘ ਨਸ਼ੇ ਦੀ ਇੱਕ ਵੱਡੀ ਖੇਪ ਨਾਲ ਪੁਲਿਸ ਦੇ ਹੱਥੇ ਚੜ੍ਹ ਗਿਆ। ਅਫਸਰ ਬਦਲੇ ਹੋਣ ਕਰਕੇ ਉਸ ਦਾ ਪੈਸੇ ਦੇ ਕੇ ਛੁੱਟਣਾ ਮੁਸ਼ਕਿਲ ਹੋ ਗਿਆ। ਨਵੇਂ ਆਏ ਇਸ ਇਮਾਨਦਾਰ ਅਫਸਰ ਨੇ ਦਲੇਰ ਸਿੰਘ ਅੱਗੇ ਛੁੱਟਣ ਲਈ ਇੱਕ ਸ਼ਰਤ ਰੱਖ ਦਿੱਤੀ ਕਿ ਉਹ ਤਸਕਰੀ ਕਰਦੇ ਲੋਕਾਂ ਦੀ ਮੁਖ਼ਬਰੀ ਕਰੇ, ਨਹੀਂ ਤਾਂ ਉਹ ਉਸ ਨੂੰ ਇਸ ਤਰ੍ਹਾਂ ਜੇਲ੍ਹ ਵਿੱਚ ਠੋਕੇਗਾ ਕਿ ਅੰਤਲੇ ਸਾਹ ਤੱਕ ਜੇਲ੍ਹ ਵਿੱਚ ਹੀ ਰਹੇਗਾ। ਦਲੇਰ ਸਿੰਘ ਕੋਲ ਮੁਖ਼ਬਰੀ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ ਪਰ ਉਹ ਆਪਣੇ ਸਾਥੀਆਂ ਨਾਲ ਗੱਦਾਰੀ ਵੀ ਨਹੀਂ ਕਰਨਾ ਚਹੁੰਦਾ ਸੀ। ਅਖੀਰ ਉਹ ਇਸ ਕੰਮ ਲਈ ਸਹਿਮਤ ਹੋ ਗਿਆ। ਉਸ ਅਫਸਰ ਨੇ ਦਲੇਰ ਸਿੰਘ ਜ਼ਰੀਏ ਕਈ ਕਹਿੰਦੇ ਕਹਾਉਂਦੇ ਬਲੈਕੀਏ ਮਾਲ ਸਮੇਤ ਫੜ ਕੇ ਜੇਲ੍ਹਾਂ ਵਿੱਚ ਡੱਕ ਦਿੱਤੇ ਜਿਸ ਬਦਲੇ ਉਸ ਨੂੰ ਸਰਕਾਰ ਨੇ ਤਰੱਕੀ ਅਤੇ ਚੋਖੇ ਇਨਾਮ ਵੀ ਦਿੱਤੇ। ਉਸ ਅਫਸਰ ਨੇ ਦਲੇਰ ਸਿੰਘ ਨੂੰ ਉਸ ਦਾ ਬਣਦਾ ਇਨਾਮ ਵੀ ਦਿੱਤਾ, ਜਿਸ ਤੋਂ ਦਲੇਰ ਸਿੰਘ ਸੰਤੁਸ਼ਟ ਸੀ। ਹੁਣ ਦਲੇਰ ਸਿੰਘ ਜ਼ਿਆਦਾ ਰੂਪੋਸ਼ ਹੀ ਰਹਿੰਦਾ। ਦਰਅਸਲ, ਉਸ ਦੀ ਮੁਖ਼ਬਰੀ ਦੀ ਭਿਣਕ ਤਸਕਰਾਂ ਨੂੰ ਵੀ ਪੈ ਚੁੱਕੀ ਸੀ ਕਿਉਂਕਿ ਉਹ ਹੁਣ ਤਸਕਰੀ ਦਾ ਧੰਦਾ ਪਹਿਲਾਂ ਵਾਂਗ ਦਿਲਚਸਪੀ ਨਾਲ ਨਹੀਂ ਕਰਦਾ ਸੀ, ਜਿਸ ਦਾ ਕਾਰਨ ਇਹੋ ਸੀ ਕਿ ਉਹ ਤਾਂ ਹੁਣ ਸਿਰਫ਼ ਮੁਖ਼ਬਰੀ ਲਈ ਹੀ ਤਸਕਰਾਂ ਨਾਲ ਜਾਂਦਾ-ਆਉਂਦਾ ਸੀ। ਉਸ ਇਮਾਨਦਾਰ ਅਫਸਰ ਨੂੰ ਦਲੇਰ ਸਿੰਘ 'ਤੇ ਕਦੇ-ਕਦੇ ਮਨ ਹੀ ਮਨ ਗੁੱਸਾ ਵੀ ਆਉਂਦਾ ਸੀ ਕਿ ਇਸ ਵੱਲੋਂ ਨਸ਼ੇ ਦੀ ਕੀਤੀ ਤਸਕਰੀ ਨਾਲ ਕਿੰਨੀਆਂ ਮਾਵਾਂ ਦੇ ਪੁੱਤ ਨਸ਼ੇ ਦੇ ਵਹਿਣ ਵਿੱਚ ਵਹਿ ਗਏ ਹੋਣਗੇ। ਜਦੋਂ ਉਸ ਅਫਸਰ ਨੇ ਆਪਣੇ ਏਰੀਏ ਵਿੱਚ ਪੈਂਦੇ ਬਾਰਡਰ ਤੋਂ ਤਸਕਰੀ ਤਕਰੀਬਨ ਬੰਦ ਕਰ ਦਿੱਤੀ ਤਾਂ ਉਸ ਨੇ ਇੱਕ ਪੁਰਾਣੇ ਮੁਕੱਦਮੇ ਵਿੱਚ ਸ਼ਮੂਲੀਅਤ ਕਾਰਨ ਦਲੇਰ ਸਿੰਘ ਉੱਤੇ ਵੀ ਪਰਚਾ ਦਰਜ ਕਰਕੇ ਉਸ ਨੂੰ ਜੇਲ੍ਹ ਵਿੱਚ ਡੱਕ ਦਿੱਤਾ। ਇਸ ਦਾ ਦਲੇਰ ਸਿੰਘ ਨੂੰ ਬਹੁਤ ਗੁੱਸਾ ਲੱਗਾ ਪਰ ਉਸ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਉਸ ਅਫਸਰ ਨੇ ਉਸ ਨੂੰ ਜੇਲ੍ਹ ਵਿੱਚ ਡੱਕ ਕੇ ਉਸ ਦੀ ਕੀਤੀ ਮੁਖ਼ਬਰੀ ਦਾ ਮੁੱਲ ਮੋੜਿਆ ਸੀ। ਅਫਸਰ ਨੂੰ ਗੁਪਤ ਇਤਲਾਹ ਮਿਲ ਚੁੱਕੀ ਸੀ ਕਿ ਜੇਲ੍ਹ ਵਿੱਚ ਬੰਦ ਪੁਰਾਣੇ ਤਸਕਰ ਬਹੁਤ ਜਲਦੀ ਉਸ ਦਾ ਕਤਲ ਕਰਵਾਉਣ ਵਾਲੇ ਸਨ। ਇਸ ਦਾ ਪਤਾ ਦਲੇਰ ਸਿੰਘ ਨੂੰ ਕਾਫ਼ੀ ਸਮੇਂ ਬਾਅਦ ਚੱਲਿਆ।



ਵਕਤ ਆਪਣੇ ਵਹਾਅ ਨਾਲ ਚੱਲਦਾ ਰਿਹਾ। ਉਸ ਅਫਸਰ ਦੇ ਬੱਚੇ ਵੱਡੀਆਂ ਕਲਾਸਾਂ ਵਿੱਚ ਪਹੁੰਚ ਗਏ ਸਨ। ਪੜ੍ਹਾਈ ਜ਼ਿਆਦਾ ਔਖੀ ਹੋਣ ਕਰਕੇ ਉਸ ਨੂੰ ਕਿਸੇ ਅਜਿਹੇ ਅਧਿਆਪਕ ਦੀ ਲੋੜ ਸੀ ਜੋ ਬੱਚਿਆਂ ਨੂੰ ਘਰ ਆ ਕੇ ਪੜ੍ਹਾ ਸਕੇ। ਘਰ ਦੇ ਕਿਸੇ ਨੌਕਰ ਜ਼ਰੀਏ ਉਸ ਨੂੰ ਇੱਕ ਲੋੜਵੰਦ ਵਧੀਆ ਲੜਕਾ ਮਿਲ ਗਿਆ ਜੋ ਥੋੜ੍ਹੇ ਪੈਸਿਆਂ ਵਿੱਚ ਹੀ ਘਰ ਆ ਕੇ ਪੜ੍ਹਾਉਣ ਲਈ ਰਾਜ਼ੀ ਹੋ ਗਿਆ। ਉਸ ਲੜਕੇ ਦੇ ਮਿਹਨਤ ਨਾਲ ਪੜ੍ਹਾਉਣ ਸਦਕਾ ਉਸ ਅਫਸਰ ਦੇ ਬੱਚੇ ਪੰਜਾਬ ਦੀ ਮੈਰਿਟ ਵਿੱਚ ਆ ਗਏ। ਖ਼ੁਸ਼ ਹੋਏ ਅਫਸਰ ਨੇ ਉਸ ਲੜਕੇ ਨੂੰ ਇਸ ਖ਼ੁਸ਼ੀ ਦੇ ਮੌਕੇ ਕੁਝ ਮੰਗਣ ਨੂੰ ਕਿਹਾ। ਇੱਕ-ਦੋ ਵਾਰ ਨਾਂਹ ਕਰਦਿਆਂ ਉਹ ਲੜਕਾ ਬੋਲਿਆ, "ਸਰ, ਮੇਰੇ ਪਿਤਾ ਜੀ ਬਹੁਤ ਦੇਰ ਤੋਂ ਕਿਸੇ ਕੇਸ ਵਿੱਚ ਜੇਲ੍ਹ 'ਚ ਬੰਦ ਹਨ। ਉਨ੍ਹਾਂ ਨੂੰ ਰਿਹਾਅ ਕਰਾਉਣ ਵਿੱਚ ਤੁਸੀਂ ਜੇ ਮੇਰੀ ਮਦਦ ਕਰ ਸਕੋ ਤਾਂ ਮੈਂ ਤੁਹਾਡਾ ਸਦਾ ਰਿਣੀ ਰਹਾਂਗਾ।"

"ਕਾਕਾ, ਕੀ ਨਾਮ ਹੈ ਤੇਰੇ ਪਿਤਾ ਦਾ ?" "ਸਰ ਦਲੇਰ ਸਿੰਘ।" "ਓ ਮਾਈ ਗੌਡ, ਦਲੇਰ ਸਿੰਘ ਤੇਰਾ ਪਿਤਾ ਹੈ ?" "ਕਿਉਂ ਸਰ, ਤੁਸੀਂ ਮੇਰੇ ਪਿਤਾ ਜੀ ਨੂੰ ਜਾਣਦੇ ਹੋ ?"

ਉਸ ਅਫਸਰ ਨੇ ਦਲੇਰ ਸਿੰਘ ਦੇ ਲੜਕੇ ਨੂੰ ਆਪਣੇ ਕਲਾਵੇ ਵਿੱਚ ਲੈਂਦਿਆਂ ਕਿਹਾ, "ਪੁੱਤਰ, ਮੇਰੇ ਤੋਂ ਵੱਧ ਸ਼ਾਇਦ ਦਲੇਰ ਸਿੰਘ ਨੂੰ ਹੋਰ ਕੋਈ ਵੀ ਨਾ ਜਾਣਦਾ ਹੋਵੇ। ਤੇਰਾ ਪਿਤਾ ਬਹੁਤ ਵੱਡਾ ਤਸਕਰ ਹੈ ਜਿਸ ਨੂੰ ਮੈਂ ਚਾਹ ਕੇ ਵੀ ਨਹੀਂ ਛੱਡ ਸਕਦਾ। ਬੇਟਾ, ਤੇਰੇ ਪਿਤਾ ਨੇ ਤਸਕਰੀ ਕਰਦਿਆਂ-ਕਰਦਿਆਂ ਆਮ ਘਰਾਂ ਦੇ ਬੱਚਿਆਂ ਨੂੰ ਨਸ਼ੇ ਦੀ ਲਤ ਲਾਈ ਹੈ ਪਰ ਉਸ ਨੇ ਮੇਰੇ ਸੰਪਰਕ ਵਿੱਚ ਆ ਕੇ ਇਸ ਇਲਾਕੇ ਦੇ ਵੱਡੇ-ਵੱਡੇ ਤਸਕਰ ਵੀ ਫੜਵਾਏ ਹਨ। ਇਸ ਦੀ ਭਿਣਕ ਉਨ੍ਹਾਂ ਤਸਕਰਾਂ ਨੂੰ ਲੱਗ ਚੁੱਕੀ ਹੈ। ਉਹ ਹੁਣ ਤੇਰੇ ਪਿਤਾ ਨੂੰ ਮਰਵਾਉਣਾ ਚਾਹੁੰਦੇ ਹਨ। ਇਸ ਲਈ ਮੈਂ ਨਹੀਂ ਚਾਹੁੰਦਾ ਕਿ ਬੁਰੇ ਕੰਮ ਤਿਆਗ ਕੇ ਜੇਕਰ ਤੇਰੇ ਪਿਤਾ ਨੇ ਸਮਾਜ ਲਈ ਕੁਝ ਚੰਗਾ ਕੰਮ ਕੀਤਾ ਹੈ ਤਾਂ ਉਸ ਦਾ ਕੋਈ ਕਤਲ ਕਰ ਦੇਵੇ। ਹਾਂ ਸੱਚ ਕਾਕਾ, ਸਾਡੇ ਡਿਪਾਰਟਮੈਂਟ ਵਿੱਚ ਡਾਇਰੈਕਟ ਏ.ਐੱਸ.ਆਈ. ਦੀਆਂ ਅਸਾਮੀਆਂ ਨਿਕਲੀਆਂ ਨੇ। ਤੂੰ ਉਹ ਅਪਲਾਈ ਕਰ ਦੇ। ਮੈਂ ਤੇਰੀ ਜਿੰਨੀ ਵੀ ਹੋ ਸਕਿਆ ਮਦਦ ਕਰਾਂਗਾ।"

ਦੀਪਇੰਦਰ ਨੇ ਗ੍ਰੈਜੂਏਸ਼ਨ ਤਾਂ ਚੰਗੇ ਨੰਬਰਾਂ ਵਿੱਚ ਕੀਤੀ ਹੀ ਹੋਈ ਸੀ ਤੇ ਕੱਦ-ਕਾਠ ਵੀ ਪਰਮਾਤਮਾ ਵੱਲੋਂ ਹੀ ਵਧੀਆ ਸੀ। ਉਸ ਨੇ ਉਸ ਅਫਸਰ ਦੇ ਕਹਿਣ 'ਤੇ ਫਾਰਮ ਭਰ ਦਿੱਤੇ। ਉਸ ਅਫਸਰ ਦੀ ਪ੍ਰੇਰਨਾ ਅਤੇ ਮਦਦ ਸਦਕਾ ਉਹ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ। ਇਸ ਸਾਰੀ ਪ੍ਰਕਿਰਿਆ ਬਾਰੇ ਉਸ ਅਫਸਰ ਨੇ ਦੀਪਇੰਦਰ ਅਤੇ ਉਸ ਦੀ ਮਾਂ ਨੂੰ ਦਲੇਰ ਸਿੰਘ ਨੂੰ ਨਾ ਦੱਸਣ ਬਾਰੇ ਕਿਹਾ ਹੋਇਆ ਸੀ। ਉਹ ਟਰੇਨਿੰਗ ਕਰਕੇ ਵਾਪਸ ਉਸ ਅਫਸਰ ਨੂੰ ਮਿਲਣ ਉਸ ਦੇ ਘਰ ਆਇਆ। ਦੀਪਇੰਦਰ ਨੂੰ ਵਰਦੀ ਵਿੱਚ ਵੇਖ ਕੇ ਉਸ ਅਫਸਰ ਨੂੰ ਇੰਝ ਲੱਗਾ ਜਿਵੇਂ ਉਸ ਦਾ ਆਪਣਾ ਪੁੱਤਰ ਸਾਹਮਣੇ ਖੜ੍ਹਾ ਹੋਵੇ। ਸੀਨੀਅਰ ਸੁਪਰਡੰਟ ਪੁਲਿਸ ਬਣ ਚੁੱਕੇ ਗੁਰਪ੍ਰਤਾਪ ਸਿੰਘ ਨੇ ਖ਼ੁਸ਼ ਹੋਏ ਨੇ ਸੋਚਿਆ ਕਿ ਇਸ ਖ਼ੁਸ਼ੀ ਦੇ ਮੌਕੇ ਇੱਕ ਪੁੱਤਰ ਨੂੰ ਪੁਲਿਸ ਅਫਸਰ ਦੇ ਰੂਪ ਵਿੱਚ ਉਸ ਦੇ ਪਿਤਾ ਨਾਲ ਮਿਲਾ ਕੇ ਅਜੀਬ ਜਿਹੇ ਚਾਅ ਨੂੰ ਬਿਲਕੁਲ ਨੇੜਿਓਂ ਮਾਣੇਗਾ।

ਦਲੇਰ ਸਿੰਘ ਨੂੰ ਇਹ ਕਹਿ ਕੇ ਮੁਲਾਕਾਤ ਲਈ ਬੁਲਾਇਆ ਗਿਆ ਕਿ ਤੈਨੂੰ ਮਿਲਣ ਕੋਈ ਵਰਦੀਧਾਰੀ ਪੁਲਿਸ ਅਫਸਰ ਆਇਆ ਹੈ। ਉਸ ਦੇ ਜ਼ਿਹਨ ਵਿੱਚ ਉਹ ਪੁਰਾਣੀ ਰੀਲ ਘੁੰਮਣ ਲੱਗ ਪਈ ਕਿ 'ਸ਼ਾਇਦ ਕੋਈ ਨਵਾਂ ਅਫਸਰ ਆਇਆ ਹੋਵੇਗਾ ਜੋ ਮੇਰਾ ਰਿਕਾਰਡ ਵੇਖ ਕੇ ਆਪਣੀ ਤਰੱਕੀ ਲਈ ਮੈਨੂੰ ਵਰਤਣਾ ਚਾਹੁੰਦਾ ਹੋਵੇਗਾ।' ਸੋਚਾਂ ਦੇ ਠੇਡੇ ਖਾਂਦਾ ਉਹ ਜਦੋਂ ਜੇਲ੍ਹ ਦੀ ਡਿਉਢੀ ਵਿੱਚ ਪਹੁੰਚਿਆ ਤਾਂ ਉਸ ਨੂੰ ਉਹ ਵਰਦੀਧਾਰੀ ਥਾਣੇਦਾਰ ਆਪਣੇ ਦੀਪਇੰਦਰ ਦੀ ਨੁਹਾਰ ਦਿੰਦਾ ਲੱਗਿਆ, ਪਰ ਉਹ ਇਹ ਤਾਂ ਸੋਚ ਵੀ ਨਹੀਂ ਸਕਦਾ ਸੀ ਕਿ ਇੱਕ ਬਦਨਾਮ ਤਸਕਰ ਦਾ ਮੁੰਡਾ ਥਾਣੇਦਾਰ ਵੀ ਹੋ ਸਕਦਾ ਹੈ। ਦਲੇਰ ਸਿੰਘ ਦੇ ਸਾਹਮਣੇ ਆਉਂਦਿਆਂ ਹੀ ਦੀਪਇੰਦਰ ਨੇ ਦੌੜ ਕੇ ਆਪਣੇ ਪਿਤਾ ਨੂੰ ਕਲਾਵੇ ਵਿੱਚ ਭਰ ਲਿਆ ਤੇ ਸਾਲਾਂ ਤੋਂ ਬਾਪ ਦੀ ਛੋਹ ਲਈ ਤਪਦਾ ਦਿਲ ਇੱਕ ਗਲਵਕੜੀ ਨਾਲ ਹੀ ਠਾਰ ਲਿਆ। ਪਿਤਾ ਦਲੇਰ ਸਿੰਘ ਇਹ ਇੱਕ ਸੁਪਨੇ ਵਾਂਗ ਵੇਖ ਰਿਹਾ ਸੀ। ਹੁਣ ਉਸ ਨੂੰ ਇਹ ਹਕੀਕਤ ਪਤਾ ਲੱਗੀ। ਇਹ ਹਸੀਨ ਪਲਾਂ ਨੂੰ ਦੂਰ ਖੜ੍ਹਾ ਉਹ ਅਫਸਰ ਬਹੁਤ ਸ਼ਿੱਦਤ ਨਾਲ ਦੇਖ ਅੰਦਰ ਹੀ ਅੰਦਰ ਖ਼ੁਸ਼ ਹੋ ਰਿਹਾ ਸੀ। ਉਸ ਅਫਸਰ 'ਤੇ ਝਾਤੀ ਪੈਂਦਿਆਂ ਹੀ ਦਲੇਰ ਸਿੰਘ ਨੂੰ ਸਾਰੀ ਕਹਾਣੀ ਸਮਝਣ ਵਿੱਚ ਦੇਰ ਨਾ ਲੱਗੀ। ਉਹ ਅਗਾਂਹ ਹੋ ਕੇ ਉਸ ਅਫਸਰ ਦੇ ਪੈਰੀਂ ਜਾ ਡਿੱਗਾ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## .ਗ਼ਜ਼ਲ
**ਬਲਵਿੰਦਰ ਬਾਲਮ ਗੁਰਦਾਸਪੁਰ**

ਸੁਪਨਾ ਮੇਰੇ ਧੁਰ ਅੰਦਰ ਕਿਰਦਾਰ 'ਚ ਉਤਰੀ ਜਾਂਦਾ ਹੈ।
ਵਿੱਚ ਹਕੀਕਤ ਆ ਕੇ ਉਹ ਸੰਸਾਰ 'ਚ ਉਤਰੀ ਜਾਂਦਾ ਹੈ।
ਯੁੱਧ ਦੇ ਮੈਦਾਨ 'ਚ ਆ ਕੇ ਯੋਧੇ ਮਾਰਨ ਜਦ ਲਲਕਾਰਾ,
ਗੁੱਸਾ ਜੋਸ਼ ਜਵਾਨੀ ਦਾ ਤਲਵਾਰ 'ਚ ਉਤਰੀ ਜਾਂਦਾ ਹੈ।
ਨ.ਫਰਤ ਵਧ ਕੇ ਜਦ ਅੰਬਰ ਦੇ ਤਾਰੇ ਵਾਂਗੂੰ ਟੁੱਟਦੀ ਹੈ,
ਪਿਆਰ ਹੋਵੇ ਸਤਿਕਾਰ ਹੋਵੇ ਤਕਰਾਰ 'ਚ ਉਤਰੀ ਜਾਂਦਾ ਹੈ।
ਤੇਰੇ ਨਕਸ਼ਾਂ ਦੇ ਸੂਰਜ ਦਾ ਤੜਕ-ਸਵੇਰਾ ਵੇਖ ਲਿਆ,
ਸਤਯੁਗ ਵਰਗਾ ਇੱਕ ਮੰਜ਼ਰ ਦੀਦਾਰ 'ਚ ਉਤਰੀ ਜਾਂਦਾ ਹੈ।
ਸੰਗੀਤ 'ਚ ਜਦ ਆਵਾਜ਼ ਮਿਲੇ ਫੇਰ ਤਰੰਨੁਮ ਕੀ ਕਹਿਣੇ,
ਤੇਰਾ ਗਾਇਆ ਹਰ ਇੱਕ ਨ.ਗਮਾ ਪਿਆਰ 'ਚ ਉਤਰੀ ਜਾਂਦਾ ਹੈ।
ਰਿਸ਼ਤੇ ਦੀ ਬੁਨਿਆਦ 'ਚ ਟੁੱਟਦੇ ਇੱਛਾਵਾਂ ਦੇ ਪਰਬਤ,
ਹਉਮੈਂ ਦਾ ਸਰਮਾਇਆ ਜਦ ਹੰਕਾਰ 'ਚ ਉਤਰੀ ਜਾਂਦਾ ਹੈ।
ਅਪਣੀ ਸਾਰੀ ਲੋਅ ਦੀ ਤਾਕਤ ਕਰ ਦਿੰਦਾ ਹੈ ਨਿਛਾਵਰ,
ਸੂਰਜ ਧਰਤੀ ਦੀ ਖ਼ਾਤਿਰ ਇਕਰਾਰ 'ਚ ਉਤਰੀ ਜਾਂਦਾ ਹੈ।
ਕਸ਼ਟ ਸਹਾਰਨ ਵਿੱਚ ਵੀ ਇੱਕ ਮਜ਼ਾ ਹੁੰਦਾ ਉਪਲਬਧੀ ਵਿੱਚ,
ਨੀਹਾਂ ਦਾ ਫਿਰ ਸਾਰਾ ਮੋਹ ਦੀਵਾਰ 'ਚ ਉਤਰੀ ਜਾਂਦਾ ਹੈ।
ਖਿੜਨ ਬਹਾਰਾਂ ਰੁੱਤਾਂ ਦੀ ਅੰਗੜਾਈ ਤੇ ਲਲਚਾਈ ਵਿੱਚ,
ਕੋਮਲਤਾ ਦਾ ਰੰਗ ਸਾਰਾ ਕਚਨਾਰ 'ਚ ਉਤਰੀ ਜਾਂਦਾ ਹੈ।
ਬੱਦਲਾਂ ਦੀ ਹੀ ਕਿਣ ਮਿਣ ਵਿੱਚੋਂ ਉਪਜੇ ਹੈ ਸਤਰੰਗੀ ਪੀਂਘ,
ਮਾਹੀ ਦਾ ਆਲਿੰਗਨ ਫਿਰ ਸ਼ਿੰਗਾਰ 'ਚ ਉਤਰੀ ਜਾਂਦਾ ਹੈ।
ਫੁੱਲ ਗੁਲਾਬੀ, ਗੁਲਦਾਉਦੀ, ਗੁੱਟਾ, ਨਾਗ.ਫਨੀ, ਵਾਂਗੂੰ,
ਬਾਲਮ ਤੇਰਾ ਹਰ ਸ਼ੇਅਰ ਗੁਲਜ਼ਾਰ 'ਚ ਉਤਰੀ ਜਾਂਦਾ ਹੈ।

## ਸਮਝ ਮੁਤਾਬਿਕ
**ਜਗਤਾਰ ਗਰੇਵਾਲ 'ਸਕਰੌਦੀ'**



ਡਿੱਗਣਾ ਮਤਲਬ ਰੁਕਣਾ ਤਾਂ ਨਈਂ।
ਹਾਰਨਾ ਮਤਲਬ ਮੁੱਕਣਾ ਤਾਂ ਨਈਂ।
ਪਤਝੜ ਰੁੱਤ ਪੱਤਿਆਂ ਦਾ ਝੜਨਾ
ਪਤਝੜ ਰੁੱਖਾਂ ਦਾ ਸੁੱਕਣਾ ਤਾਂ ਨਈਂ।
ਸੱਜਣਾ ਗੱਲ ਐਵੇਂ ਦਿਲ 'ਤੇ ਲਾ ਲਈ
ਰੁੱਸਣਾ ਰਿਸ਼ਤਾ ਟੁੱਟਣਾ ਤਾਂ ਨਈਂ।
ਸਿਰ ਨੀਵਾਂ ਸਤਿਕਾਰ 'ਚ ਸਿਜਦਾ
ਸਿਜਦਾ ਮਤਲਬ ਝੁਕਣਾ ਤਾਂ ਨਈਂ।
ਕਾਗਜ਼ਾਂ ਨੂੰ ਜੇ ਮੋਹ ਕਲਮਾਂ ਨਾਲ
ਤਾਂ ਸ਼ਬਦਾਂ ਸਿਰ ਚੁੱਕਣਾ ਤਾਂ ਨਈਂ।
ਗੰਗਾ ਨਾਵ੍ਹੇ ਭਾਵੇਂ ਹੱਜ ਕੋਈ ਜਾਵੇ
ਕੀਤਾ ਹੋਏ ਪਾਪਾਂ ਲੁਕਣਾ ਤਾਂ ਨਈਂ।
ਕਿਸੇ ਦਾ ਉੱਚਾ ਉੱਡਣਾ ਮਤਲਬ
ਕਿਸੇ ਨੂੰ ਹੇਠਾਂ ਸੁੱਟਣਾ ਤਾਂ ਨਈਂ।
ਧਰਮ ਦੀ ਗੱਲ ਬਹੁਤੀ ਕੀ ਕਰਨੀ
ਧਰਮ ਦਾ ਮਤਲਬ ਲੁੱਟਣਾ ਤਾਂ ਨਈਂ।
ਨਸ਼ਾ ਤਾਂ ਆਪ ਹੀ ਛੱਡਣਾ ਪੈਂਦਾ
ਨਸ਼ਿਆਂ ਖ਼ੁਦ ਕਦੇ ਮੁੱਕਣਾ ਤਾਂ ਨਈਂ।
ਸ਼ਾਇਰਾਂ ਦਾ ਕੰਮ ਸ਼ਾਇਰੀ ਲਿਖਣਾ
ਸ਼ਾਇਰਾਂ ਦਾ ਕੰਮ ਵਿਕਣਾ ਤਾਂ ਨਈਂ।
ਸਮਝ ਮੁਤਾਬਿਕ ਆਪ ਹੀ ਸਮਝ ਲੈ
'ਜਗਤਾਰ' ਕਿ ਬਹੁਤਾ ਲਿਖਣਾ ਤਾਂ ਨਈਂ।

## ਨਿਗਾਹਾਂ ਕਿਤੇ ਨਿਸ਼ਾਨੇ ਕਿਤੇ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕੀ ਕੀ ਨੇ ਜ਼ਮਾਨੇ ਦੀਆਂ, ਸੈਨਤਾਂ ਅਤੇ ਅਦਾਵਾਂ,
ਨਿਸ਼ਾਨੇ 'ਤੇ ਕੋਈ ਹੋਰ ਨੇ, ਪਰ ਕਿਸੇ ਹੋਰ 'ਤੇ ਨਿਗਾਹਾਂ।
ਰਸਤੇ ਕਈ ਹੋ ਸਕਦੇ ਨੇ, ਮੰਜ਼ਿਲ ਸਿਰਫ ਇੱਕ ਦੇ,
ਭਟਕਾਈਆਂ ਜਾ ਰਹੀਆਂ ਨੇ, ਰਾਹੀਆਂ ਦੀਆਂ ਰਾਹਵਾਂ।
ਦੌਰ ਹੈ ਜ਼ਿੰਦਗੀ ਦਾ, ਕਿਸ਼ਤੀਆਂ ਜਿਵੇਂ ਮੰਝਧਾਰ ਵਿੱਚ,
ਡੁੱਬਦੇ ਨੂੰ ਬਚਾਉਣ ਲਈ, ਨਾ ਉਠਦੀਆਂ ਕੋਈ ਬਾਹਵਾਂ।
ਜੋੜ ਅਤੇ ਤੋੜ ਨਿੱਤ ਨਵੇਂ, ਹੀ ਬਣਦੇ ਅਤੇ ਵਿਗੜਦੇ,
ਹਰ ਵਕਤੀ ਗੱਠਜੋੜ ਦਾ, ਨਿਚੋੜ ਹੈ ਨਕਦ ਨਾਮਾ।
ਫੋਕੇ ਨੇ ਦਾਅਵੇ ਦੂਨੀ ਦੇ, ਝੂਠੇ ਨੇ ਵਾਅਦੇ ਮੁਨੀ ਦੇ,
ਤੁਲੇ ਹੋਏ ਸਭ ਮੁੰਨਣ 'ਤੇ, ਇੱਕ ਦੂਜੇ ਦੀਆਂ ਜਟਾਵਾਂ।
ਦੱਸਦੇ ਜੋ ਮਾਇਆ ਨਾਗਣੀ, ਆਪਣੇ ਹੀ ਸੇਵਕਾਂ ਨੂੰ,
ਆਪਣੀਆਂ ਹੀ ਭਰੀ ਬੈਠੇ ਨੇ, ਗੋਲ੍ਹਕਾਂ ਅਤੇ ਗੁਫਾਵਾਂ।
ਗੁਲਾਮਾਂ ਦੀਆਂ ਮੁਸ਼ੱਕਤਾਂ 'ਤੇ, ਸੰਸਥਾਵਾਂ ਚੱਲਦੀਆਂ,
ਮਾਲਕਾਂ ਦੀਆਂ ਵੱਧ ਰਹੀਆਂ, ਨਿੱਤ ਮੋਟੀਆਂ ਤਨਖਾਹਾਂ।
ਸੱਚ ਨੂੰ ਤੁੜਕਾ ਝੂਠ ਦਾ, ਅਤੇ ਝੂਠ ਨੂੰ ਟੀਕਾ ਸੱਚ ਦਾ,
ਬੇਚਾਰੇ ਬਿਮਾਰ ਈਮਾਨ ਦੀ, ਮੈਂ ਜਾਨ ਕਿਵੇਂ ਬਚਾਵਾਂ।
ਅੱਖੋਂ ਪਰੋਖੇ ਨਹੀਂ ਹੁੰਦਾ, ਜੋ ਧੋਖਾ ਨਿੱਤ ਹੁੰਦਾ ਦਿਸਦਾ,
ਬੇਵੱਸ ਅੱਖਾਂ ਨੂੰ ਮੁੰਦ ਕੇ, ਮੈਂ ਝੱਟ ਕਿਵੇਂ ਲੰਘਾਵਾਂ।
ਟੀਰੀ ਅੱਖ ਦੇ ਨਾਲ ਕਦੀ, ਨਿਸ਼ਾਨੇ ਨਹੀਂ ਫੁੰਡ ਹੋਣਗੇ,
ਫੁੱਟੇਗੀ ਕੈਰ੍ਹੀ ਅੱਖ ਜੋ ਲੋਚੇ, ਸਦਾ ਪੁੱਠਾ ਕਾਰਨਾਮਾ।

## .ਗ਼ਜ਼ਲ
**ਰਾਕੇਸ਼ ਕੁਮਾਰ**

ਸਿੱਕਿਆਂ ਵਿੱਚ ਤੁਲਦੇ ਉੱਚੇ ਕਿਰਦਾਰ ਵੇਖੇ।
ਮੁਲਕ ਨੂੰ ਵੇਚਣ ਵਾਲੇ ਕਿੰਨ ਹੀ ਗੱਦਾਰ ਵੇਖੇ।
ਮਨ ਦੀ ਗੱਲ ਕਿਸੇ ਦੇ ਪੱਲੇ ਕਿਵੇਂ ਪੈ ਸਕਦੀ ਹੈ,
ਇੱਥੇ ਕਾ.ਗਜ਼ਾਂ ਵਿੱਚ ਹੀ ਉਲਝਦੇ ਹੱਕਦਾਰ ਵੇਖੇ।
ਛੱਡ ਆਏ ਤੂਫ਼ਾਨਾਂ ਵਿੱਚ ਉਹ ਕਿਸ਼ਤੀਆਂ,
ਫਿਰ ਦੇਣ ਆਵਾਜ਼ਾਂ ਕਿਨਾਰੇ ਤੇ ਖੇਵਨਹਾਰ ਵੇਖੇ।
ਬੱਦਲਾਂ ਦੀ ਗਰਜਣਾ ਨਾਲ ਅੰਬਰ ਡਰ ਨਹੀਂ ਜਾਂਦਾ,
ਲਿਸ਼ਕਦੀਆਂ ਬਿਜਲੀਆਂ ਥੱਲੇ ਪਲਦੇ ਪਰਿਵਾਰ ਵੇਖੇ।
ਰੋਸ਼ਨੀਆਂ ਨੇ ਨਿਗਲ ਜਾਣਾ ਹੁੰਦੈ ਹਨੇਰਿਆਂ ਨੂੰ,
ਤੇਜ਼ ਹਵਾਵਾਂ ਵਿੱਚ ਬਲਦੇ ਚਿਰਾ.ਗ ਕਈ ਵਾਰ ਵੇਖੇ।
ਖੁਸ਼ਬੂਆਂ ਨੂੰ ਇਸ ਗੱਲ ਤੇ ਅਫ਼ਸੋਸ ਹੋਵੇ ਜਦੋਂ,
ਬੁੱਤਾਂ ਦੇ ਗਲ਼ਾਂ ਵਿੱਚ ਪਾਏ ਫੁੱਲਾਂ ਦੇ ਹਾਰ ਵੇਖੇ।

## ਫੁੱਲਾਂ ਮਹਿਕਾਂ ਰੰਗਾਂ ਨਾਲ
**ਗੁਰਦਿੱਤ ਸਿੰਘ ਸੇਖੋਂ**



ਫੁੱਲਾਂ ਮਹਿਕਾਂ ਰੰਗਾਂ ਨਾਲ ਸਲਾਹਾਂ ਕਰੀਏ ਜੀ।
ਫਿੱਕੀ ਉਹਦੀ ਜ਼ਿੰਦਗੀ 'ਚ ਰੰਗ ਸੁਨਹਿਰੀ ਭਰੀਏ ਜੀ।
ਖ਼ ?ਆਲ ਤੇ ਖ਼ੁਆਬ ਲੈ ਕੇ ਜੋਬਨ ਜੁਗਤ ਸਬਾਬ ਲੈ ਕੇ,
ਦੇਹੀ ਦਿਲ ਮਨ ਮਸਤਕ ਉਹਦੇ ਕਦਮੀਂ ਜਾ ਧਰੀਏ ਜੀ।
ਝੱਲ ਝੱਖੜ ਝੇੜੇ ਲੰਘ ਲੰਘ ਚਿੱਕੜ ਜੰਗਲ ਬੇਲੇ,
ਆਖ਼ਰ ਸੱਜਣਾਂ ਦੇ ਮੇਲੇ ਨਦੀ ਇਸ਼ਕ ਦੀ ਤਰੀਏ ਜੀ।
ਵ.ਫਾ ਸੱਜਣ ਦੀ ਜ.ਫਾ ਸਾਡੀ ਫਿਰ ਸਾਡਾ ਈ ਕਸੂਰ,
ਨਿੰਮੋਝੂਣੇ ਹੋ ਕੇ ਚੱਲ ਚੱਲ ਹਰਜਾਨਾ ਭਰੀਏ ਜੀ।
ਰੁੱਤਾਂ ਥਿਤਾਂ ਵਾਰਾਂ ਨੂੰ ਪੱਲੇ ਬੰਨ੍ਹ ਸੱਜਣਾਂ ਦੇ ਇਤਬਾਰਾਂ ਨੂੰ,
ਚੱਲ ਟਿਕਾਣੇ ਪਹੁੰਚੀਏ ਚਾਹੇ ਹਜ਼ਾਰ ਝੱਖੜ ਜਰੀਏ ਜੀ।
ਇਕੱਠੀਆਂ ਕਰਕੇ ਬੂੰਦ ਤਰੇਲਾਂ, ਦੇਹੀ ਸਾਗਰ ਨਾਲੇ ਮੇਲਾਂ,
ਸੁੱਕ ਚੱਲੀ ਨਦੀ ਵਿਚਾਰੀ ਤੇ ਬੱਦਲ ਬਣ ਵਰ੍ਹੀਏ ਜੀ।


## ਭੈਣਾਂ ਰੱਬ ਕੋਲੋਂ...
**ਰਾਜਿੰਦਰ ਵਰਮਾ**

ਭੈਣਾਂ ਰੱਬ ਕੋਲੋਂ ਮੰਗਣ ਦੁਆਵਾਂ,
ਵੀਰ ਸਦਾ ਰਹਿਣ ਵੱਸਦੇ
ਫੁੱਲਾਂ ਵਾਂਗ ਰਹਿਣ ਹੱਸਦੇ
ਵੀਰ ਸਦਾ..
ਦਨ ਤੀਆਂ ਦੇ ਪੇਕੇ ਘਰ ਆਉਣ ਭੈਣਾਂ
ਲੱਜਾਂ ਟਾਹਣਿਆਂ ਦੇ ਨਾਲ ਰਹਿਣ ਕੱਸਦੇ
ਵੀਰ ਸਦਾ..
ਗੁੰਦ ਲਿਆਉਂਦੀਆਂ ਧਾਗਿਆਂ 'ਚ ਪਿਆਰ ਇਹ
ਮੱਲ ਲੈਂਦੀਆਂ ਆ ਵੀਰ ਦਾ ਦੁਆਰ ਇਹ
ਰੋਸੇ ਗਿਲੇ ਦਿਲਾਂ 'ਚੋਂ ਦੂਰ ਨੱਸਦੇ
ਵੀਰ ਸਦਾ..
ਚੰਨ ਚੜ੍ਹੇ ਜਦੋਂ ਬਾਪ ਦੇ ਦਰ ਵੀਰਾ
ਲੈਣ ਆ ਕੇ ਮੱਝੀਆਂ ਦਾ ਸੰਗਲ ਫੜ ਵੀਰਾ
ਭਤੀਜੇ ਆਉਣ, ਭੂਆ ਕੋਲ ਭੱਜਦੇ
ਵੀਰ ਸਦਾ..
'ਰਾਜ' ਉਮਰਾਂ ਹੋਣ ਲੰਮੇਰੀਆਂ
ਸੁੱਖਾਂ ਸੁੱਖਦੀਆਂ ਭੈਣਾਂ ਸਦਾ ਤੇਰੀਆਂ
ਵੀਰਾ ਆਵੇਂਗਾ ਕਦੋਂ ਹੁਣੇ ਦੱਸਦੇ
ਵੀਰ ਸਦਾ...

## ਕਿਸ ਨੇ ਹੈ ?
**ਗੁਰਤੇਜ ਸਿੰਘ ਖੁਡਾਲ**

ਜਦੋਂ ਕੁੱਤੀ ਚੋਰਾਂ ਨਾਲ ਰਲ ਜਾਵੇ,
ਫਿਰ ਦੱਸੋ ਜਗਾਉਣਾ ਕਿਸ ਨੇ ਹੈ।
ਜਦੋਂ ਵਾੜ ਖੇਤ ਨੂੰ ਖਾਣ ਲੱਗ ਜਾਵੇ,
ਫਿਰ ਦੱਸੋ ਬਚਾਉਣਾ ਕਿਸਨੇ ਹੈ।
ਜਦੋਂ ਮਾਲੀ ਹੀ ਬੇਈਮਾਨ ਹੋ ਜਾਵੇ,
ਫਿਰ ਫੁੱਲਾਂ ਨੂੰ ਮਹਿਕਉਣਾ ਕਿਸ ਨੇ ਹੈ।
ਜਦੋਂ ਕਲਮ ਹੀ ਵਿਕਾਊ ਹੋ ਜਾਵੇ,
ਫਿਰ ਸੱਚ ਫ਼ਰਮਾਉਣਾ ਕਿਸ ਨੇ ਹੈ।
ਜਦੋਂ ਮਾਂ ਪਿਓ ਜੱਗ ਤੋਂ ਤੁਰ ਜਾਵਣ,
ਫਿਰ ਲਾਡ ਲਡਾਉਣਾ ਕਿਸ ਨੇ ਹੈ।
ਜਦੋਂ ਪਿਆਰ ਵਿੱਚ ਹੋ ਤਕਰਾਰ ਜਾਵੇ,
ਫਿਰ ਰੁੱਸਿਆਂ ਨੂੰ ਮਨਾਉਣਾ ਕਿਸ ਨੇ ਹੈ।
'ਖੁਡਾਲ' ਵਕਤ ਐਵੇਂ ਨਾ ਲੰਘ ਜਾਵੇ,
ਇੱਥੇ ਮੁੜ ਆਉਣਾ ਫਿਰ ਕਿਸ ਨੇ ਹੈ।

## ਮੁਹੱਬਤ
**ਸਤਨਾਮ ਸ਼ਦੀਦ**



ਮੈਂ ਉਹਨੂੰ
ਬਸ ਇਸ ਤਰ੍ਹਾਂ ਹੀ
ਦੇਖਣਾ ਚਾਹੁੰਦਾ ਹਾਂ
ਦੂਰੋਂ-ਦੂਰੋਂ
ਲੁਕ-ਲੁਕ ਕੇ
ਚੋਰੀ-ਚੋਰੀ
ਅਜ਼ਲਾਂ ਤੀਕ
ਮੁੱਦਤਾਂ ਤੀਕ
ਮੈਂ ਨਹੀਂ ਚਾਹੁੰਦਾ ਕਿ
ਉਹ ਮੇਰੇ ਬਾਰੇ ਸੋਚੇ
ਮੇਰੇ ਸੁਪਨੇ ਲਵੇ
ਮੇਰੀ ਖ਼ਾਤਰ
ਪਿਉ ਦੀ ਪੱਗ ਨੂੰ ਰੋਲੇ
ਭਾਈਆਂ ਦੀ ਅਣਖ ਨੂੰ ਵੰਗਾਰੇ
ਮਾਂ ਲਈ ਤਾਅਨੇ-ਮਿਹਣੇ
ਬਣ ਜਾਵੇ
ਕਿਉਂਕਿ
ਮੈਂ ਜਾਣਦਾ ਹਾਂ
ਮੁਹੱਬਤ ਪਾ ਲੈਣ ਤੋਂ ਪਿੱਛੋਂ
ਆਪਣਾ ਮੂਲ ਗੁਆ ਬੈਠਦੀ ਹੈ
ਤੇ ਮੈਂ
ਨਹੀਂ ਗੁਆਉਣਾ ਚਾਹੁੰਦਾ
ਮੁਹੱਬਤ ਦਾ ਮੂਲ
ਭੱਜਦੇ ਰਹਿਣਾ ਚਾਹੁੰਦਾ ਹਾਂ
ਦੌੜਦੇ ਰਹਿਣਾ ਚਾਹੁੰਦਾ ਹਾਂ
ਮੁੱਦਤਾਂ ਤੀਕ
ਅਜ਼ਲਾਂ ਤੀਕ
ਰੂਹਾਂ ਦੇ ਵਿਛੜਣ ਤੀਕ

## ਹਾਲ ਦਿਲ ਦਾ
**ਓਮਕਾਰ ਸੂਦ ਬਹੋਨਾ**

ਧਕ-ਧਕ ਜੋ ਧੜਕਦਾ ਸੀ ਓਸੇ ਬੇਤਾਬ ਦਿਲ ਦਾ!
ਹੋਇਆ ਕੀ ਹਾਲ ਵੇਖੋ ਵੱਡੇ ਨਵਾਬ ਦਿਲ ਦਾ!
ਨਾ ਹੀ ਸ਼ਰਾਬ ਪੀਤੀ, ਨਾ ਹੀ ਸ਼ਬਾਬ ਮਾਣੇ,
ਕਿਉਂ ਫਿਰ ਵੀ ਹੋ ਗਿਆ ਹੈ ਖਾਨਾ ਖਰਾਬ ਦਿਲ ਦਾ!
ਇਹ ਮਿੱਤਰਾਂ ਦਾ ਮਿੱਤਰ ਸਾਥੀ ਹੈ ਬਚਪਨੇ ਦਾ,
ਹੋਇਆ ਹੈ ਰੰਗ ਫਿੱਕਾ ਸੁਹਣੇ ਗੁਲਾਬ ਦਿਲ ਦਾ।
ਰੋਟੀ ਵੀ ਰੁੱਖੀ-ਸੁੱਕੀ ਤੇ ਦੁੱਧ ਬਿਨ ਥਿੰਦਾਈ,
ਪ੍ਰਹੇਜ਼ ਕਰਕੇ ਰੱਖਣਾ ਪੈਣੈ ਹਿਸਾਬ ਦਿਲ ਦਾ।
ਮਨਮਾਨੀਆਂ ਜੋ ਕਰਦੇ ਰਹਿ ਗਏ ਜਵਾਨੀ ਵਾਂਗੂੰ,
ਛੇਤੀ ਹੀ ਦੇਖਿਓ ਫਿਰ ਉੱਡ ਜਾਊ ਉਕਾਬ ਦਿਲ ਦਾ।
ਚਿੰਤਾ ਹੰਢਾਉਂਦਿਆਂ ਹੀ ਜ਼ਰਜ਼ਰ ਇਹ ਹੋ ਗਿਆ ਹੈ,
ਮਿੱਟੀ 'ਚ ਮਿਲਦਾ ਦਿਸਦਾ ਜੋ ਵੀ ਖ਼ਾਬ ਦਿਲ ਦਾ।
ਤਕੜਾ ਸੀ ਬਹੁਤ ਪਹਿਲਾਂ ਹੁਣ ਧੜਕਦਾ ਵੀ ਕੰਬੇ,
ਕਮਜ਼ੋਰ ਪੈ ਗਿਆ ਹੈ ਹਰ ਇੱਕ ਹੀ ਆਬ ਦਿਲ ਦਾ।

## ਦਿਖਾਉਣਾ ਕੀਹਨੂੰ ਚਾਹੁੰਦਾ ਏਂ ?
**ਗੁਰਜੋਧ ਗੁਰੀ**

ਉਸਤਾਦੀ ਤੇ ਗੁਸਤਾਖੀ,
ਦੀ ਇੱਕੋ ਪੇਸ਼ਕਾਰੀ 'ਚ,
ਮਖੌਟਿਆਂ ਦੇ ਰੂਪ
ਦਿਖਾਉਣਾ ਕੀਹਨੂੰ ਚਾਹੁੰਦਾ ਏਂ ??
ਅੰਬਰਾਂ 'ਚ ਪੁੱਜ ,
ਟਿੱਚ ਜਾਣਦਾ ਏਂ ਠੋਕਰਾਂ ਨੂੰ,
ਇਨ੍ਹਾਂ ਸੋਚਾਂ ਨਾਲ,
ਸਮਝਾਉਣਾ ਕੀਹਨੂੰ ਚਾਹੁੰਦਾ ਏਂ ??
ਹਿਜਰਾਂ 'ਚ ਸੇਕ ਤੇਰੇ,
ਪਹੁੰਚਿਆ ਨ੍ਹੀਂ ਹਾਲੇ ਤੀਕ ,
ਭੁੱਜੇ ਹੋਏ ਹੋਏ ਸਭ,
ਗਮਾਉਣਾ ਕੀਹਨੂੰ ਚਾਹੁੰਦਾ ਏਂ ??
ਰੂਹਾਂ ਦਿਆਂ ਸੇਕਾਂ ਦੀਆਂ
ਭੱਠੀਆਂ 'ਚ ਸੜੇਂਗਾ,
ਭਰਮਾਂ 'ਚ ਤੂੰ ਏਂ ,
ਭਰਮਾਉਣਾ ਕੀਹਨੂੰ ਚਾਹੁੰਦਾ ਏਂ ??
ਭੁੱਖੀਆਂ ਤੂੰ ਆਂਦਰਾਂ ਨੂੰ ਟੋਹ ਲਿਆ,
ਕਾਗ ਬਣ,
ਮੂਰਤਾਂ 'ਚ ਸੋਨਾ ਲਾ,
ਸਜਾਉਣਾ ਕੀਹਨੂੰ ਚਾਹੁੰਦਾ ਏਂ ??



ਬੇਰੁਜ਼ਗਾਰਾਂ ਦੀ ਏ,
ਸੜਕਾਂ 'ਤੇ ਭੀੜ ਪਈ ,
ਸਾਨੂੰ ਕੱਢ ਇੱਥੋਂ ਜੋਧ,
ਵਸਾਉਣਾ ਕੀਹਨੂੰ ਚਾਹੁੰਦਾ ਏਂ ??
* * *

# ਚੰਗੀ ਕਸਰਤ ਹੈ ਦੌੜ ਲਗਾਉਣਾ





ਦੌੜਨਾ ਕਸਰਤ ਦੇ ਸਭ ਤੋਂ ਆਸਾਨ ਅਤੇ ਸਭ ਤੋਂ ਮਜ਼ੇਦਾਰ ਰੂਪਾਂ ਵਿੱਚੋਂ ਇੱਕ ਹੈ। ਅਸੀਂ ਇੱਥੇ ਸਿਰਫ਼ ਐਥਲੈਟਿਕਸ ਦੀ ਗੱਲ ਨਹੀਂ ਕਰ ਰਹੇ ਹਾਂ। ਹੁਣ ਪਾਰਕ ਜਾਂ ਮੈਦਾਨ ਜਾਂ ਇੱਥੋਂ ਤੱਕ ਕਿ ਸੜਕਾਂ 'ਤੇ ਦੌੜਨਾ ਵੀ ਕਸਰਤ ਗਿਣਿਆ ਜਾਂਦਾ ਹੈ। ਹਾਲਾਂਕਿ ਹਰ ਕੋਈ ਜਾਣਦਾ ਹੈ ਕਿ ਦੌੜਨਾ ਮਨੁੱਖੀ ਸਰੀਰ ਨੂੰ ਕਿਰਿਆਸ਼ੀਲ ਰੱਖਣ ਦਾ ਵਧੀਆ ਤਰੀਕਾ ਹੈ, ਜ਼ਿਆਦਾਤਰ ਲੋਕਾਂ ਨੂੰ ਆਪਣੇ ਆਰਾਮਦਾਇਕ ਬਿਸਤਰੇ ਤੋਂ ਬਾਹਰ ਨਿਕਲਣਾ ਮੁਸ਼ਕਲ ਹੁੰਦਾ ਹੈ। ਇੱਥੇ ਹਰ ਰੋਜ਼ ਦੌੜਨ ਦੇ ਕੁਝ ਸਿਹਤ ਲਾਭ ਹਨ ਅਤੇ ਇਹ ਵੀ ਜਾਣਦੇ ਹਾਂ ਕਿ ਦੌੜਨ ਦਾ ਸਭ ਤੋਂ ਵਧੀਆ ਸਮਾਂ ਅਤੇ ਦੌੜਨ ਤੋਂ ਪਹਿਲਾਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਦੌੜਨ ਲਈ ਬਹੁਤ ਸਾਰੀਆਂ ਕੈਲੋਰੀਆਂ ਦੀ ਲੋੜ ਹੁੰਦੀ ਹੈ। ਰਨ ਦੀ ਗਤੀ ਅਤੇ ਸਥਾਨ 'ਤੇ ਨਿਰਭਰ ਕਰਦੇ ਹੋਏ, ਬਹੁਤ ਸਾਰੀਆਂ ਕੈਲੋਰੀਆਂ ਨੂੰ ਉਸੇ ਹੀ ਸੀਮਤ ਸਮੇਂ ਵਿੱਚ ਸਾੜਿਆ ਜਾ ਸਕਦਾ ਹੈ, ਬਿਨਾਂ ਸੱਟਾਂ ਦੇ ਵੱਡੇ ਖਤਰੇ ਦੇ ਜੋ ਅਕਸਰ ਜਿੰਮ ਅਤੇ ਭਾਰ ਵਾਲੇ ਕਮਰਿਆਂ ਵਿੱਚ ਹੁੰਦੇ ਹਨ। ਮੋਟੇ ਲੋਕਾਂ ਲਈ, ਲੰਬੀ ਦੂਰੀ ਲਈ ਜੌਗਿੰਗ ਅਸਲ ਵਿੱਚ ਭਾਰ ਘਟਾਉਣ ਦੀਆਂ ਯੋਜਨਾਵਾਂ ਨਾਲ ਅੱਗੇ ਵਧਣ ਵਿੱਚ ਮਦਦ ਕਰ ਸਕਦੀ ਹੈ। ਇੱਕ ਚੰਗੀ ਤਰ੍ਹਾਂ ਯੋਜਨਾਬੱਧ ਦੌੜ ਤੁਹਾਨੂੰ ਹਰ ਸੈਸ਼ਨ ਦੇ ਬਾਅਦ ਭੁੱਖੇ ਛੱਡ ਦੇਵੇਗੀ। ਬਦਕਿਸਮਤੀ ਨਾਲ, ਜੇ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਤੁਸੀਂ ਅੱਗੇ ਨਹੀਂ ਜਾ ਸਕਦੇ ਅਤੇ ਜੋ ਚਾਹੋ ਖਾ ਸਕਦੇ ਹੋ।



ਨਿਯਮਤ ਦੌੜਨਾ ਰੋਜ਼ਾਨਾ ਕੀਟਾਣੂਆਂ ਅਤੇ ਲਾਗਾਂ ਪ੍ਰਤੀ ਸਹਿਣਸ਼ੀਲਤਾ ਪੈਦਾ ਕਰਨ ਵਿੱਚ ਮਦਦ ਕਰਦਾ ਹੈ, ਛੋਟੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦਾ ਹੈ। ਦੌੜਨਾ ਸਾਹ ਪ੍ਰਣਾਲੀ ਨੂੰ ਮਜ਼ਬੂਤ ਬਣਾ ਕੇ ਫੇਫੜਿਆਂ ਦੀ ਸਮਰੱਥਾ ਨੂੰ ਸੁਧਾਰ ਸਕਦਾ ਹੈ। ਜਦੋਂ ਤੁਸੀਂ ਦੌੜਦੇ ਹੋ, ਤਾਂ ਤੁਹਾਡਾ ਸਰੀਰ ਵਧੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ ਵਧੇਰੇ ਆਕਸੀਜਨ ਦੀ ਮੰਗ ਕਰਦਾ ਹੈ। ਨਤੀਜੇ ਵਜੋਂ, ਤੁਹਾਡੇ ਫੇਫੜਿਆਂ ਨੂੰ ਵਧੇਰੇ ਹਵਾ ਅਤੇ ਆਕਸੀਜਨ ਲੈਣ ਲਈ ਸਖ਼ਤ ਮਿਹਨਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਸਮੇਂ ਦੇ ਨਾਲ ਲਗਾਤਾਰ ਦੌੜਨਾ ਸਾਹ ਪ੍ਰਣਾਲੀ ਦੀ ਕੁਸ਼ਲਤਾ ਨੂੰ ਅਨੁਕੂਲ ਬਣਾ ਕੇ ਫੇਫੜਿਆਂ ਦੀ ਸਮਰੱਥਾ ਨੂੰ ਵਧਾ ਸਕਦਾ ਹੈ। ਇਹ ਪ੍ਰਕਿਰਿਆ ਵੱਖ-ਵੱਖ ਰੂਪਾਂਤਰਾਂ ਰਾਹੀਂ ਹੋ ਸਕਦੀ ਹੈ ਜੋ ਫੇਫੜਿਆਂ ਦੇ ਕਾਰਜਾਂ ਨੂੰ ਵਧਾਉਂਦੇ ਹਨ, ਜਿਸ ਵਿੱਚ ਫੇਫੜਿਆਂ ਦੀ ਲੱਚਕਤਾ, ਸਾਹ ਲੈਣ ਦੀ ਦਰ ਵਿੱਚ ਸੁਧਾਰ ਅਤੇ ਆਕਸੀਜਨ ਗ੍ਰਹਿਣ ਵਿੱਚ ਵਾਧਾ ਸ਼ਾਮਲ ਹੈ।

ਦੌੜਨਾ ਲੱਤਾਂ ਦੀਆਂ ਲਗਭਗ ਸਾਰੀਆਂ ਮਾਸਪੇਸ਼ੀਆਂ ਨੂੰ ਜੋੜਦਾ ਹੈ, ਜਿਸ ਵਿੱਚ ਬਾਹਰੀ ਅਤੇ ਅੰਦਰੂਨੀ ਪੱਟ ਸ਼ਾਮਲ ਹਨ। ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ ਕਿ ਸਵੇਰੇ ਸੂਰਜ ਦੀ ਰੌਸ਼ਨੀ ਦੇ ਸੰਪਰਕ ਵਿੱਚ ਆਉਣ ਨਾਲ ਚਮੜੀ ਵਿੱਚ ਵਿਟਾਮਿਨ ਡੀ ਪੈਦਾ ਹੁੰਦਾ ਹੈ। ਇਹ ਸਾਰੇ ਕਾਰਨਾਂ ਨੂੰ ਜੋੜਦਾ ਹੈ ਕਿ ਤੁਹਾਨੂੰ ਆਪਣੇ ਬਾਕੀ ਦਿਨ ਲਈ ਆਪਣੇ ਦਫਤਰ ਜਾਣ ਤੋਂ ਪਹਿਲਾਂ ਸਵੇਰੇ ਦੌੜਨ ਲਈ ਕਿਉਂ ਉੱਠਣਾ ਚਾਹੀਦਾ ਹੈ। ਵਿਟਾਮਿਨ ਡੀ ਹੱਡੀਆਂ, ਚਮੜੀ ਅਤੇ ਦੰਦਾਂ ਦੀ ਸਿਹਤ ਲਈ ਮਹੱਤਵਪੂਰਨ ਹੈ। ਇਹ ਦਿਮਾਗ ਅਤੇ ਦਿਮਾਗੀ ਪ੍ਰਣਾਲੀ ਦੇ ਨਾਲ-ਨਾਲ ਇਮਿਊਨ ਸਿਸਟਮ ਦੀ ਬਿਹਤਰੀ ਦਾ ਵੀ ਸਮਰਥਨ ਕਰਦਾ ਹੈ। ਇਹ ਸਰੀਰ ਵਿੱਚ ਇਨਸੁਲਿਨ ਦੇ ਪੱਧਰ ਨੂੰ ਨਿਯੰਤਰਿਤ ਕਰਨ ਵਿੱਚ ਵੀ ਮਦਦ ਕਰਦਾ ਹੈ, ਜੋ ਕਿ ਇੱਕ ਸ਼ੂਗਰ ਰੋਗੀ ਲਈ ਬਹੁਤ ਵਧੀਆ ਹੋਵੇਗਾ। ਵਿਟਾਮਿਨ ਡੀ ਦੀ ਕਮੀ ਚਮੜੀ ਦੇ ਕੈਂਸਰ ਦਾ ਖ਼ਤਰਾ ਵੀ ਵਧਾਉਂਦੀ ਹੈ।

ਸਰੀਰਕ ਤਾਕਤ ਤੋਂ ਇਲਾਵਾ, ਬਿਹਤਰ ਮਾਨਸਿਕ ਸਿਹਤ ਪ੍ਰਾਪਤ ਕਰਨ ਲਈ ਦੌੜਨਾ ਵੀ ਵਧੀਆ ਹੈ। ਇਹ ਮੂਡ ਨੂੰ ਵਧਾਉਣ ਅਤੇ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਦਾ ਇੱਕ ਸਾਬਤ ਤਰੀਕਾ ਹੈ। ਇਸ ਲਈ ਅਗਲੀ ਵਾਰ ਜਦੋਂ ਤੁਸੀਂ ਤਣਾਅ ਮਹਿਸੂਸ ਕਰਦੇ ਹੋ, ਬੱਸ ਦੌੜਨ ਲਈ ਬਾਹਰ ਜਾਓ ਅਤੇ ਆਪਣੇ ਮਨ ਨੂੰ ਆਰਾਮ ਕਰਨ ਅਤੇ ਕਾਰਨਾਂ ਤੋਂ ਧਿਆਨ ਭਟਕਾਉਣ ਲਈ ਆਪਣੇ ਆਪ ਨੂੰ ਵਿਅਸਤ ਰੱਖਣ ਲਈ ਆਲੇ-ਦੁਆਲੇ ਦੇਖਣ ਦੀ ਕੋਸ਼ਿਸ਼ 'ਤੇ ਸੋਚਣ ਵਿੱਚ ਤੁਹਾਡੀ ਮਦਦ ਕਰੇਗਾ।

ਸਾਰੇ ਦੌੜਾਕਾਂ ਵਿੱਚ ਪਾਇਆ ਜਾਣ ਵਾਲਾ ਇੱਕ ਆਮ ਗੁਣ ਸਵੈ-ਵਿਸ਼ਵਾਸ ਹੈ। ਟੀਚੇ ਨਿਰਧਾਰਤ ਕਰਨਾ ਅਤੇ ਉਹਨਾਂ ਨੂੰ ਸਮੇਂ ਸਿਰ ਪ੍ਰਾਪਤ ਕਰਨਾ ਇੱਕ ਵਿਅਕਤੀ ਨੂੰ ਆਪਣੇ ਲਈ ਸਸ਼ਕਤੀਕਰਨ ਦੀ ਵਿਲੱਖਣ ਭਾਵਨਾ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਬਿਹਤਰ ਆਸਣ ਦੇ ਕਾਰਨ ਸਵੈ-ਵਿਸ਼ਵਾਸ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਦੌੜਨ ਦੀ ਕਸਰਤ ਆਸਣ ਵਿੱਚ ਸੁਧਾਰ ਕਰਕੇ ਕੋਰ ਅਤੇ ਅੰਗਾਂ ਨੂੰ ਮਜ਼ਬੂਤ ਕਰਦੀ ਹੈ। ਸਹੀ ਮੁਦਰਾ, ਬਦਲੇ ਵਿੱਚ, ਰੋਜ਼ਾਨਾ ਦੀਆਂ ਗਤੀਵਿਧੀਆਂ ਦਾ ਸਮਰਥਨ ਕਰਦਾ ਹੈ।

ਦੌੜਨ ਨਾਲ ਦਿਲ ਅਤੇ ਫੇਫੜਿਆਂ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ, ਇਸ ਦੇ ਕੰਮਕਾਜ ਅਤੇ ਬਿਹਤਰ ਪ੍ਰਦਰਸ਼ਨ ਕਰਨ ਦੀ ਸਮਰੱਥਾ ਅਤੇ ਲੰਬੇ ਸਮੇਂ ਲਈ ਸੁਧਾਰ ਹੁੰਦਾ ਹੈ। ਇਸ ਨਾਲ ਦਿਲ ਅਤੇ ਫੇਫੜਿਆਂ ਨਾਲ ਜੁੜੀਆਂ ਬਿਮਾਰੀਆਂ ਤੋਂ ਬਚਣ 'ਚ ਮਦਦ ਮਿਲਦੀ ਹੈ। ਔਰਤਾਂ ਲਈ, ਇਹ ਛਾਤੀ ਦੇ ਕੈਂਸਰ ਦੇ ਜੋਖਮ ਨੂੰ ਘਟਾਉਣ ਲਈ ਦੇਖਿਆ ਜਾਂਦਾ ਹੈ। ਬਹੁਤ ਸਾਰੇ ਡਾਕਟਰ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਓਸਟੀਓਪੋਰੋਸਿਸ ਦੇ ਸ਼ੁਰੂਆਤੀ ਪੜਾਅ ਵਿੱਚ ਲੋਕਾਂ ਨੂੰ ਦੌੜਨ ਦੀ ਸਲਾਹ ਦਿੰਦੇ ਹਨ। ਦੌੜਨਾ ਦਿਲ ਨੂੰ ਮਜਬੂਤ ਬਣਾ ਕੇ ਅਤੇ ਧਮਨੀਆਂ ਨੂੰ ਲਚਕੀਲਾਪਣ ਬਰਕਰਾਰ ਰੱਖਣ ਵਿੱਚ ਮਦਦ ਕਰਕੇ ਦਿਲ ਦਾ ਦੌਰਾ ਪੈਣ ਅਤੇ ਸਟ੍ਰੋਕ ਦੇ ਜੋਖਮ ਨੂੰ ਘਟਾਉਂਦਾ ਹੈ। ਇਨ੍ਹਾਂ ਸਾਰੇ ਲਾਭਾਂ ਤੋਂ ਬਾਅਦ, ਇਹ ਸਪੱਸ਼ਟ ਹੈ ਕਿ ਦੌੜਾਕ ਸਿਹਤ ਸੰਬੰਧੀ ਸਮੱਸਿਆਵਾਂ ਕਾਰਨ ਸਮੇਂ ਤੋਂ ਪਹਿਲਾਂ ਮੌਤ ਦੇ ਘੱਟ ਜੋਖਮ ਦੇ ਕਾਰਨ ਲੰਬੇ ਸਮੇਂ ਤੱਕ ਜਿਉਂਦੇ ਹਨ।

ਨਿਯਮਤ ਦੌੜਨ ਵਾਲੀ ਕਸਰਤ ਨੀਂਦ ਦੀ ਗੁਣਵੱਤਾ ਅਤੇ ਮਿਆਦ ਦੋਵਾਂ ਨੂੰ ਵਧਾ ਸਕਦੀ ਹੈ। ਦੌੜਨ ਦੌਰਾਨ, ਸਰੀਰ ਐਂਡੋਰਫਿਨ ਛੱਡਦਾ ਹੈ, ਜੋ ਕਿ ਕੁਦਰਤੀ ਰਸਾਇਣ ਹਨ, ਜੋ ਮੂਡ ਨੂੰ ਵਧਾਉਂਦੇ ਹਨ, ਆਰਾਮ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਤਣਾਅ ਦੇ ਪੱਧਰ ਨੂੰ ਘਟਾਉਂਦੇ ਹਨ।

(ਬਾਕੀ ਸਫ਼ਾ 31 'ਤੇ)

# ਇੱਕ ਮਹਾਨ ਅਧਿਆਪਕ ਹੁੰਦੀਆਂ ਨੇ ਖੇਡਾਂ






ਅੱਜ ਦੇ ਮਾਹੌਲ ਅਤੇ ਜੀਵਨ ਸ਼ੈਲੀ ਦਾ ਇੱਕ ਨਕਾਰਾਤਮਕ ਪਹਿਲੂ ਇਹ ਵੀ ਹੈ ਕਿ ਚਾਹੇ ਬੱਚੇ ਹੋਣ ਜਾਂ ਨੌਜਵਾਨ, ਲਗਾਤਾਰ ਮੋਬਾਈਲ 'ਤੇ ਗੇਮਾਂ ਖੇਡਣਾ ਉਨ੍ਹਾਂ ਦੀ ਆਦਤ ਬਣਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਖੇਡਾਂ ਵਿੱਚ ਜਿੱਤ ਅਤੇ ਹਾਰ ਸਾਨੂੰ ਜੀਵਨ ਵਿੱਚ ਸਫਲਤਾ ਅਤੇ ਅਸਫਲਤਾ ਨੂੰ ਸੰਤੁਲਿਤ ਕਰਨ ਲਈ ਪ੍ਰੇਰਿਤ ਕਰਦੀ ਹੈ। ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਵੀ ਜੀਵਨ ਵਿੱਚ ਆਪਣਾ ਮਹੱਤਵ ਹੈ। ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ। ਉਹ ਸਾਡੇ ਅੰਦਰ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਅਤੇ ਸਮਾਜਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਵਰਗੇ ਗੁਣ ਪੈਦਾ ਕਰਦੇ ਹਨ। ਇਨ੍ਹਾਂ ਵਿਚਲੀਆਂ ਜਿੱਤਾਂ ਅਤੇ ਹਾਰਾਂ ਸਾਨੂੰ ਜੀਵਨ ਵਿੱਚ ਸਫਲਤਾ ਅਤੇ ਅਸਫਲਤਾ ਦੌਰਾਨ ਸੰਤੁਲਨ ਬਣਾਈ ਰੱਖਣ ਲਈ ਪ੍ਰੇਰਿਤ ਕਰਦੀਆਂ ਹਨ। ਖੇਡਾਂ ਸੰਜਮ, ਦ੍ਰਿੜ੍ਹਤਾ, ਸੰਜੀਦਗੀ ਅਤੇ ਸਹਿਯੋਗ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਖੇਡਾਂ ਬੋਰਿੰਗ ਜੀਵਨ ਨੂੰ ਦਿਲਚਸਪ ਬਣਾਉਂਦੀਆਂ ਹਨ। ਦਿਮਾਗ ਅਤੇ ਸਰੀਰ ਅਤੇ ਸਰੀਰ ਅਤੇ ਖੇਡਾਂ ਦੇ ਆਪਸੀ ਸਬੰਧਾਂ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖੇਡਾਂ ਮਨੁੱਖ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹਨ। ਖੇਡਾਂ ਦੀ ਮਹੱਤਤਾ ਨੈਪੋਲੀਅਨ ਨੂੰ ਹਰਾਉਣ ਵਾਲੇ ਐਡਵਰਡ ਨੈਲਸਨ ਦੇ ਕਥਨ ਤੋਂ ਰੇਖਾਂਕਿਤ ਹੁੰਦੀ ਹੈ ਕਿ 'ਮੈਂ ਈਟਨ ਦੇ ਮੈਦਾਨ 'ਤੇ ਵਾਟਰਲੂ ਦੀ ਲੜਾਈ ਵਿੱਚ ਪ੍ਰਾਪਤ ਕੀਤੀ ਸਫਲਤਾ ਲਈ ਸਿਖਲਾਈ ਪ੍ਰਾਪਤ ਕੀਤੀ ਸੀ।'

ਇੱਕ ਸਵਾਲ ਜੋ ਅਕਸਰ ਬੱਚਿਆਂ ਦੇ ਮਨ ਵਿੱਚ ਆਉਂਦਾ ਹੈ ਕਿ ਕੀ ਪੜ੍ਹਾਈ ਅਤੇ ਖੇਡਾਂ ਇਕੱਠੇ ਚੱਲ ਸਕਦੇ ਹਨ? ਜਵਾਬ ਹਾਂ ਹੈ। ਖੇਡਾਂ ਵਿੱਚ ਸਰਗਰਮ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਆਪਣੀ ਪੜ੍ਹਾਈ ਛੱਡ ਦਿਓ ਅਤੇ ਪੜ੍ਹਾਈ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਖੇਡਣਾ ਛੱਡ ਦਿਓ। ਲਗਾਤਾਰ ਪੜ੍ਹਾਈ ਦੌਰਾਨ ਕਈ ਵਾਰ ਤਣਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਖੇਡਾਂ ਤਣਾਅ ਦੇ ਪੱਧਰ ਨੂੰ ਘਟਾਉਂਦੀਆਂ ਹਨ। ਜਿਹੜੇ ਲੋਕ ਰੋਜ਼ਾਨਾ ਦੇ ਆਧਾਰ 'ਤੇ ਖੇਡਾਂ ਵਿੱਚ ਹਿੱਸਾ ਲੈਂਦੇ ਹਨ, ਉਨ੍ਹਾਂ ਦੀ ਇਕਾਗਰਤਾ ਅਤੇ ਸੂਝ ਬਹੁਤ ਜ਼ਿਆਦਾ ਹੁੰਦੀ ਹੈ। ਖੇਡਾਂ ਰਚਨਾਤਮਕਤਾ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ। ਅਮਰੀਕੀ ਬਾਸਕਟਬਾਲ ਖਿਡਾਰੀ ਕੋਬੇ ਬ੍ਰਾਇਨਟ ਦਾ ਕਹਿਣਾ ਹੈ ਕਿ 'ਖੇਡ ਇੱਕ ਮਹਾਨ ਅਧਿਆਪਕ ਹੈ।' ਅੱਜ ਦੇ ਮਾਹੌਲ ਅਤੇ ਜੀਵਨ ਸ਼ੈਲੀ ਦਾ ਇੱਕ ਨਕਾਰਾਤਮਕ ਪਹਿਲੂ, ਚਾਹੇ ਬੱਚੇ ਹੋਣ ਜਾਂ ਨੌਜਵਾਨ, ਮੋਬਾਈਲ 'ਤੇ ਗੇਮਾਂ ਦੀ ਲਗਾਤਾਰ ਵਰਤੋਂ ਕਰਨਾ ਉਸਦੀ ਆਦਤ ਬਣ ਰਿਹਾ ਹੈ। ਅਜਿਹੀ ਸਥਿਤੀ ਵਿੱਚ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

# ਪੰਜਾਬੀ ਸਿਨੇਮਾ ਦਾ ‘ਗਲੋਬਲ ਪੰਜਾਬ ਸਿਨੇਮਾ’ ਬਣਨ ਤੱਕ ਦਾ ਸਫ਼ਰ




**ਭੀਮਰਾਜ ਗਰਗ**

‘ਸਿਨੇਮਾ’, 20ਵੀਂ ਸਦੀ ਦਾ ਚਮਤਕਾਰ ਭਾਰਤ ਵਿੱਚ 7 ਜੁਲਾਈ, 1896 ਨੂੰ ਵਾਟਸਨ ਹੋਟਲ, ਬੰਬੇ ਵਿੱਚ ਲੁਮੀਅਰ ਬ੍ਰਦਰਜ਼ ਵੱਲੋਂ 6 ਛੋਟੀਆਂ ਫ਼ਿਲਮਾਂ ਦੀ ਸਕ੍ਰੀਨਿੰਗ ਨਾਲ ਵਾਪਰਿਆ। ਧੁੰਡੀਰਾਜ ਗੋਵਿੰਦ ਫਾਲਕੇ ਨੇ ਭਾਰਤ ਦੀ ਪਹਿਲੀ ਮੂਕ ਫੀਚਰ ਫ਼ਿਲਮ ‘ਰਾਜਾ ਹਰੀਸ਼ਚੰਦਰ’ (1913) ਬਣਾਈ ਸੀ। ਪੰਜਾਬ ਵਿੱਚ, ਪੰਨਾ ਲਾਲ ਘੋਸ਼ ਨੇ ਇੱਕ ਲਘੂ ਫ਼ਿਲਮ ‘ਜਾਅਲੀ ਕਰੰਸੀ’ (1920) ਬਣਾਈ ਸੀ । ਜੀ. ਕੇ. ਮਹਿਤਾ ਨੂੰ ਪੰਜਾਬ ਦੀ ਪਹਿਲੀ ਮੂਕ ਫ਼ਿਲਮ ‘ਡਾਟਰਜ਼ ਆਫ ਟੂਡੇ’ ਉਰਫ ‘ਪ੍ਰੇਮ ਪਰੀਕਸ਼ਾ’ (1928) ਦਾ ਨਿਰਮਾਣ ਕਰਨ ਦਾ ਮਾਣ ਪ੍ਰਾਪਤ ਹੋਇਆ ਸੀ, ਜੋ ਲਾਹੌਰ ਵਿੱਚ ਸਫਲਤਾਪੂਰਵਕ ਚੱਲਣ ਤੋਂ ਬਾਅਦ 5 ਜਨਵਰੀ, 1929 ਨੂੰ ਬੰਬਈ ਵਿੱਚ ਰਿਲੀਜ਼ ਹੋਈ ਸੀ। ਇਸ ਦੌਰਾਨ ਹਿਮਾਂਸ਼ੂ ਰਾਏ ਨੇ ‘ਦਿ ਲਾਈਟ ਆਫ਼ ਏਸ਼ੀਆ’ ਉਰਫ਼ ‘ਪ੍ਰੇਮ ਸੰਨਿਆਸ’ (1925) ਦੇ ਨਿਰਮਾਣ ਲਈ ਲਾਹੌਰ ਹਾਈ ਕੋਰਟ ਦੇ ਸੇਵਾਮੁਕਤ ਜੱਜ, ਜਸਟਿਸ ਮੋਤੀ ਸਾਗਰ ਨਾਲ ਸਹਿਯੋਗ ਕੀਤਾ । ਇਸ ਦੇ ਨਾਲ ਹੀ ਆਰ.ਐਲ. ਸ਼ੋਰੀ (ਕਿਸਮਤ ਕੇ ਹੇਰ ਫੇਰ-1929) ਅਤੇ ਏ.ਆਰ. ਕਾਰਦਾਰ (ਹੁਸਨ ਕਾ ਡਾਕੂ, ਸਰਫਰੋਸ਼, ਸਫਦਰ ਜੰਗ ਅਤੇ ਕਾਤਿਲ ਕਟਾਰ ਆਦਿ) ਨੇ ਵੀ ਫ਼ਿਲਮ ਬਣਾਉਣ ਦਾ ਉੱਦਮ ਕੀਤਾ।

1931 ਵਿੱਚ ਪੰਜਾਬ ਦੀ ਪਹਿਲੀ ਟਾਕੀ (ਫ਼ਿਲਮ) ਬਣਾਉਣ ਲਈ ਇੱਕ ਦੌੜ ਲੱਗ ਗਈ ਸੀ। ਆਰ. ਐਲ. ਸ਼ੋਰੀ ਨੇ 2 ਸਤੰਬਰ, 1932 ਨੂੰ ‘ਰਾਧੇ ਸ਼ਿਆਮ’ ਦੀ ਰਿਲੀਜ਼ ਦੇ ਨਾਲ ਮੁਕਾਬਲੇਬਾਜ਼ਾਂ ਨੂੰ ਪਛਾੜ ਦਿੱਤਾ। ਏ.ਆਰ. ਕਾਰਦਾਰ ਨੇ ਹੀਰ ਅਤੇ ਰਾਂਝੇ ਦੀ ਪ੍ਰਸਿੱਧ ਪੰਜਾਬੀ ਲੋਕ ਕਥਾ ਨੂੰ ‘ਹੀਰ ਰਾਂਝਾ’ (1932) ਦੇ ਸਿਨੇਮੈਟਿਕ ਬਿਰਤਾਂਤ ਵਿੱਚ ਢਾਲਿਆ। ਇਨ੍ਹਾਂ ਫ਼ਿਲਮਾਂ ਦੀ ਸਫਲਤਾ ਨੇ ਲਾਹੌਰ ਵਿੱਚ ਫ਼ਿਲਮ ਨਿਰਮਾਣ ਸਰਗਰਮੀਆਂ ਨੂੰ ਲੋੜੀਂਦੀ ਹੱਲਾਸ਼ੇਰੀ ਦਿਤੀ।

ਹੋਰ ਖੇਤਰੀ ਫ਼ਿਲਮ-ਸਾਜ਼ਾਂ ਤੋਂ ਪ੍ਰੇਰਨਾ ਲੈ ਕੇ ਲਾਹੌਰ ਦੇ ਕੁਝ ਫ਼ਿਲਮਸਾਜ਼ਾਂ ਨੇ ਵੀ ਪੰਜਾਬੀ ਫ਼ਿਲਮਾਂ ਬਣਾਉਣ ਬਾਰੇ ਸੋਚਿਆ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਸਫ਼ਲਤਾ ਮਿਲੀ ਅਤੇ ਪੰਜਾਬੀ ਭਾਸ਼ਾ ਦੀ ਪਲੇਠੀ ਫ਼ਿਲਮ ‘ਇਸ਼ਕ-ਏ-ਪੰਜਾਬ’ ਉਰਫ਼ ‘ਮਿਰਜ਼ਾ ਸਾਹਿਬਾਂ’ (1935) ਹਿੰਦਮਾਤਾ ਸਿਨੇਟੋਨ ਦੇ ਬੈਨਰ ਹੇਠ ਤਿਆਰ ਕੀਤੀ ਗਈ। ਇਸ ਦਾ ਨਿਰਦੇਸ਼ਨ ਜੀ.ਆਰ. ਸੇਠੀ ਨੇ ਕੀਤਾ ਸੀ ਅਤੇ ਇਸ ਫ਼ਿਲਮ ਨੂੰ 29 ਮਾਰਚ, 1935 ਨੂੰ ਨਿਰੰਜਨ ਟਾਕੀਜ਼ ਲਾਹੌਰ ਵਿਖੇ ਰਿਲੀਜ਼ ਕੀਤਾ ਗਿਆ ਸੀ, ਜਿਸ ਨੇ ਭਾਰਤੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਅਧਿਆਏ ਜੋੜਿਆ ਸੀ।

ਪੰਜਾਬ ਦੇ ਪ੍ਰੀਮੀਅਰ ਸ੍ਰੀ ਸਿਕੰਦਰ ਹਯਾਤ ਖਾਨ ਨੇ ਮੁੱਖ ਮਹਿਮਾਨ ਵਜੋਂ ਕੇ.ਡੀ. ਮਹਿਰਾ ਦੀ ਬਲਾਕਬਸਟਰ ਪੰਜਾਬੀ ਫ਼ਿਲਮ ‘ਸ਼ੀਲਾ’ ਉਰਫ਼ ‘ਪਿੰਡ ਦੀ ਕੁੜੀ’ (1936) ਨੂੰ ਕੋਰਿੰਥੀਅਨ ਸਿਨੇਮਾ, ਕਲਕੱਤਾ ਵਿਖੇ ਸ਼ਿਰਕਤ ਕੀਤੀ ਸੀ। ਇਸ ਸਮਾਗਮ ਦੀ ਬਦੌਲਤ ਪੰਜਾਬੀ ਫ਼ਿਲਮਾਂ ਨੂੰ ਦੇਸ਼ ਭਰ ਵਿੱਚ ਚੰਗਾ ਹੁੰਗਾਰਾ ਮਿਲਿਆ । ਇਸ ਤੋਂ ਬਾਅਦ ਹੀਰ ਸਿਆਲ, ਗੁਲ ਬਕਾਵਲੀ, ਸੱਸੀ ਪੁੰਨੂ, ਸੋਹਣੀ ਮਹੀਂਵਾਲ, ਦੁੱਲਾ ਭੱਟੀ ਅਤੇ ਯਮਲਾ ਜੱਟ ਵਰਗੀਆਂ ਜੁਬਲੀ ਫ਼ਿਲਮਾਂ ਸਿਲਵਰ ਸਕ੍ਰੀਨ ’ਤੇ ਪੇਸ਼ ਕੀਤੀਆਂ ਗਈਆਂ। ਰੂਪ ਕੇ. ਸ਼ੋਰੀ ਦੀ ਫ਼ਿਲਮ ‘ਮੰਗਤੀ’ (1942) ਨੇ ਪਲੈਟੀਨਮ ਜੁਬਲੀ ਮਨਾਈ ਸੀ ਅਤੇ ਇਸ ਦਾ ਰਿਕਾਰਡ ਅਜੇ ਵੀ ਅਟੁੱਟ ਹੈ। ਇਹ ਫ਼ਿਲਮਾਂ ਮੁੱਖ ਤੌਰ ’ਤੇ ਪੰਜਾਬੀ ਲੋਕਧਾਰਾ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਪਿਆਰ, ਸਨਮਾਨ ਅਤੇ ਕੁਰਬਾਨੀ ਦੇ ਵਿਸ਼ਿਆਂ ’ਤੇ ਕੇਂਦਰਿਤ ਸਨ । ਨਤੀਜੇ ਵਜੋਂ, ਪੰਜਾਬੀ ਲੋਕ ਸੰਗੀਤ/ਨ੍ਰਿਤ ਫ਼ਿਲਮਾਂ ਦਾ ਅਨਿੱਖੜਵਾਂ ਅੰਗ ਬਣ ਗਿਆ।













ਹਿੰਦੁਸਤਾਨ ਦੀ ਵੰਡ ਦਾ ਪੰਜਾਬੀ ਫ਼ਿਲਮ ਇੰਡਸਟਰੀ ’ਤੇ ਬਹੁਤ ਮਾੜਾ ਅਸਰ ਪਿਆ। ਸਟੂਡੀਓ ਦੇ ਮਾਲਕਾਂ, ਨਿਰਦੇਸ਼ਕਾਂ, ਤਕਨੀਸ਼ੀਅਨਾਂ, ਕਲਾਕਾਰਾਂ ਦੇ ਪਰਵਾਸ ਨੇ ਲਾਹੌਰ ਨੂੰ ਇੱਕ ਭੂਤ ਫ਼ਿਲਮ-ਸਿਟੀ ਵਿੱਚ ਬਦਲ ਦਿੱਤਾ। 6 ਅਗਸਤ, 1948 ਨੂੰ ਪਾਕਿਸਤਾਨ ਵਿੱਚ ਰਿਲੀਜ਼ ਹੋਈ ਆਜ਼ਾਦ ਭਾਰਤ ਦੀ ਪਹਿਲੀ ਪੰਜਾਬੀ ਫ਼ਿਲਮ ‘ਚਮਨ’ ਸਰਹੱਦ ਦੇ ਦੋਵੇਂ ਪਾਸੇ ਜ਼ਬਰਦਸਤ ਹਿੱਟ ਹੋਈ। ਉਜੜੇ ਹੋਏ ਫ਼ਿਲਮ ਨਿਰਮਾਤਾਵਾਂ/ਕਲਾਕਾਰਾਂ ਨੇ ਲੱਛੀ, ਛਈ, ਮਦਾਰੀ, ਪੋਸਤੀ, ਜੁਗਨੀ, ਕੌਡੇ ਸ਼ਾਹ, ਵਣਜਾਰਾ ਵਰਗੀਆਂ ਰੋਮਾਂਟਿਕ ਕਾਮੇਡੀ ਫ਼ਿਲਮਾਂ ਬਣਾ ਕੇ ਉਦਯੋਗ ਨੂੰ ਮੁੜ ਉਸਾਰਨ ਵਿੱਚ ਅਹਿਮ ਭੂਮਿਕਾ ਨਿਭਾਈ। ਭਾਖੜੀ ਭਰਾਵਾਂ ਦੇ ਦਬਦਬੇ ਵਾਲੇ 1960 ਦੇ ਦਹਾਕੇ ਨੂੰ ਅਕਸਰ ਪੰਜਾਬੀ ਸਿਨੇਮਾ ਦਾ ਸੁਨਹਿਰੀ ਦੌਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਭੰਗੜਾ (1959) ਫ਼ਿਲਮ ਰਾਹੀਂ ਪੰਜਾਬੀ ਫ਼ਿਲਮਾਂ ਵਿੱਚ ਭੰਗੜਾ ਗੀਤਾਂ ਦਾ ਇੱਕ ਨਵਾਂ ਰੁਝਾਨ ਸਥਾਪਤ ਕੀਤਾ।


ਚੌਧਰੀ ਕਰਨੈਲ ਸਿੰਘ, ਜੱਗਾ, ਸਤਲੁਜ ਦੇ ਕੰਢੇ ਅਤੇ ਸੱਸੀ ਪੁੰਨੂੰ (1965) ਨੇ ਪੰਜਾਬੀ ਸਿਨੇਮਾ ਵਿੱਚ ਨਵੇਂ ਬਿਰਤਾਂਤ ਅਤੇ ਸ਼ੈਲੀਆਂ ਪੇਸ਼ ਕੀਤੀਆਂ। ਨਾਨਕ ਨਾਮ ਜਹਾਜ਼ ਹੈ (1969), ਨੇ ਸਿੱਖ ਗੁਰੂਆਂ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੀਆਂ ਅਗਲੀਆਂ ਧਾਰਮਿਕ ਫ਼ਿਲਮਾਂ ਜਿਵੇਂ ਨਾਨਕ ਦੁਖੀਆ ਸਭ ਸੰਸਾਰ, ਦੁਖ ਭੰਜਨ ਤੇਰਾ ਨਾਮ ਅਤੇ ਚੰਗੇ ਮੰਦੇ ਤੇਰੇ ਬੰਦੇ ਆਦਿ ਲਈ ਸਟੇਜ ਤਿਆਰ ਕੀਤੀ। ਧਾਰਮਿਕ ਫ਼ਿਲਮਾਂ ਨੇ ਸੱਭਿਆਚਾਰਕ ਮਾਣ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਿਆ, ਜਦੋਂ ਕਿ ਕਾਮੇਡੀਜ਼ ਨੇ ਹਾਸੇ-ਮਜ਼ਾਕ ਅਤੇ ਵਿਅੰਗਾਤਮਕ ਕਿਰਦਾਰਾਂ ਲਈ ਪ੍ਰਸਿੱਧੀ ਪ੍ਰਾਪਤ ਕੀਤੀ। ਕਣਕਾਂ ਦੇ ਓਹਲੇ, ਤੇਰੀ ਮੇਰੀ ਇੱਕ ਜਿੰਦੜੀ, ਦਾਜ, ਜਿੰਦੜੀ ਯਾਰ ਦੀ, ਸਰਪੰਚ ਅਤੇ ਪਹਿਲੀ ਮਲਟੀਸਟਾਰਰ ਫ਼ਿਲਮ ‘ਪੁੱਟ ਜੱਟਾਂ ਦੇ’ ਨੇ ਨੌਜਵਾਨਾਂ ਦੇ ਦਿਲਾਂ ’ਤੇ ਰਾਜ ਕੀਤਾ । ਇਸ ਸਮੇਂ ਦੌਰਾਨ ਪੰਜਾਬੀ ਸਿਨੇਮਾ ਵਿੱਚ ਵੇਖੇ ਗਏ ਭਿੰਨ-ਭਿੰਨ ਰੁਝਾਨਾਂ ਨੇ ਦਰਸ਼ਕ ਬਦਲਦੀਆਂ ਤਰਜੀਹਾਂ ਅਤੇ ਸਮਾਜਿਕ ਗਤੀਸ਼ੀਲਤਾ ਦੇ ਅਨੁਕੂਲ ਹੋਣ ਦੀ ਉਦਯੋਗ ਦੀ ਯੋਗਤਾ ਨੂੰ ਦਰਸਾਇਆ।

ਅਗਲੇ ਦਹਾਕੇ ਵਿੱਚ ਉਡੀਕਾਂ, ਮੁਗਲਾਨੀ ਬੇਗਮ, ਚੰਨ ਪਰਦੇਸੀ ਅਤੇ ਮੜ੍ਹੀ ਦਾ ਦੀਵਾ ਵਰਗੀਆਂ ਫ਼ਿਲਮਾਂ ਨੇ ਪਾਲੀਵੁੱਡ ਵਿੱਚ ਸਮਾਨਾਂਤਰ ਸਿਨੇਮਾ ਦੇ ਉਭਾਰ ਨੂੰ ਦਰਸਾਇਆ। 1980 ਦੇ ਦਹਾਕੇ ਵਿੱਚ ਜੱਟ ਜਿਊਣਾ ਮੋੜ, ਜੱਟ ਸੂਰਮੇ, ਅਣਖ ਜੱਟਾਂ ਦੀ,




ਜੱਟ ਦਾ ਗੰਡਾਸਾ ਅਤੇ ਜੱਟ ਪੰਜਾਬ ਦਾ ਆਦਿ ਫ਼ਿਲਮਾਂ ਵਿੱਚ ਜੱਟਵਾਦ, ਹਿੰਸਾ, ਬਦਲਾਖੋਰੀ ਅਤੇ ਅਸ਼ਲੀਲਤਾ ਹਾਵੀ ਰਹੀ। ਖ਼ੂਨ ਦੇ ਪਿਆਸੇ/ਬਦਲਾ ਲੈਣ ਵਾਲੇ ਨਾਇਕਾਂ ਦੇ ਇਸ ਦੌਰ ਵਿੱਚ, ਯੋਗਰਾਜ ਸਿੰਘ ਅਤੇ ਗੁੱਗੂ ਗਿੱਲ ਸਭ ਤੋਂ ਵੱਡੇ ਸਿਤਾਰੇ ਬਣ ਕੇ ਉੱਭਰੇ ।

ਪੰਜਾਬੀ ਸਿਨੇਮਾ ਦੇ ਬੇਤਾਜ ਬਾਦਸ਼ਾਹ ਵੀਰੇਂਦਰ ਦੀ ‘ਜੱਟ ਤੇ ਜ਼ਮੀਨ’ (1988) ਫ਼ਿਲਮ ਦੀ ਸ਼ੂਟਿੰਗ ਦੌਰਾਨ ਮੰਦਭਾਗੀ ਹੱਤਿਆ ਕਾਰਨ ਪੰਜਾਬੀ ਫ਼ਿਲਮ ਇੰਡਸਟਰੀ ਨੂੰ ਬਹੁਤ ਵੱਡਾ ਝਟਕਾ ਲੱਗਿਆ ਸੀ। ਫ਼ਿਲਮ ਪ੍ਰੋਡਕਸ਼ਨ ਵਿੱਚ ਵੱਡੀ ਗਿਰਾਵਟ ਆ ਗਈ ਅਤੇ ਦਰਸ਼ਕ ਸਿਨੇਮਾ ਹਾਲਾਂ ਤੋਂ ਕੋਹਾਂ ਦੂਰ ਹੋ ਗਏ ਸਨ ।1999 ਵਿੱਚ ਮਨੋਜ ਪੁੰਜ ਦੀ ‘ਸ਼ਹੀਦ-ਏ-ਮੁਹੱਬਤ ਬੂਟਾ ਸਿੰਘ’ ਅਤੇ




ਜਸਪਾਲ ਭੱਟੀ ਦੀ ‘ਮਹੌਲ ਠੀਕ ਹੈ’ ਨਾਲ ਬਦਲਾਅ ਦੀਆਂ ਹਵਾਵਾਂ ਚੱਲਣੀਆਂ ਸ਼ੁਰੂ ਹੋਈਆਂ। ਪੁਨਰ-ਜਾਗਰਣ ਦੀ ਮਸ਼ਹੂਰ ਹਸਤੀ ਮਨਮੋਹਨ ਸਿੰਘ ਨੇ ਆਖ਼ਰੀ ਸਾਹਾਂ ’ਤੇ ਪਈ ਪੰਜਾਬੀ ਫ਼ਿਲਮ ਇੰਡਸਟਰੀ ਨੂੰ ਰੁਮਾਂਟਿਕਵਾਦ ਦੀ ਇੱਕ ਨਵੀਂ ਲਹਿਰ ਨਾਲ ਮੁੜ ਸੁਰਜੀਤ ਕੀਤਾ। ਜਿਵੇਂ ‘ਜੀ ਆਇਆਂ ਨੂੰ’ (2002) ਅਤੇ ਅਸਾਂ ਨੂੰ ਮਾਣ ਵਤਨਾਂ ਦਾ (2004) ਵਰਗੇ ਸਿਨੇਮੈਟਿਕ ਮਾਸਟਰਪੀਸਾਂ ਨੇ ਸ਼ਾਨਦਾਰ ਫਾਰਮ ਹਾਊਸਾਂ ਅਤੇ ਆਧੁਨਿਕ ਸੁੱਖ ਸਹੂਲਤਾਂ ਭਰਪੂਰ ਪੰਜਾਬ ਨੂੰ ਪ੍ਰਦਰਸ਼ਿਤ ਕੀਤਾ, ਜਿਸ ਨਾਲ ਸਮਕਾਲੀ ਸੰਵੇਦਨਾਵਾਂ ਨੂੰ ਟੁੰਬਦੇ ਹੋਏ, ਦਰਸ਼ਕਾਂ ਦੇ ਅਧਾਰ ਨੂੰ ਰਵਾਇਤੀ ਜਨਸੰਖਿਆ ਤੋਂ ਅੱਗੇ ਵਧਾਇਆ ਗਿਆ। ਜੱਟ ਐਂਡ ਜੂਲੀਅਟ (2012), ਅਨੁਰਾਗ ਸਿੰਘ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਹੈ, ਜੋ ਕਿ ਇੱਕ ਬਿੰਦੂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦੇ ਵਿਸਥਾਰਾਂ ਨੇ ਟਿਕਟ ਖਿੜਕੀ ’ਤੇ ਬੇਮਿਸਾਲ ਸਫਲਤਾ ਪ੍ਰਾਪਤ ਕੀਤੀ, ਵਿਸਥਾਰਾਂ ਅਤੇ ਫਰੈਂਚਾਈਜ਼ ਫ਼ਿਲਮਾਂ ਦਾ ਰੁਝਾਨ ਸਥਾਪਤ ਕੀਤਾ। ਵੀ6 ਐਕਸ ਅਤੇ ਸੀ.ਜੀ.ਆਈ. ਦੇ ਨਾਲ 3 ਡੀ ਐਨੀਮੇਸ਼ਨ ਪੀਰੀਅਡ-ਡਰਾਮਾ ‘ਚਾਰ ਸਾਹਿਬਜ਼ਾਦੇ’ (2014), ਇੱਕ ਤੋਂ ਵੱਧ ਤਰੀਕਿਆਂ ਨਾਲ ਇੱਕ ਮੋਹਰੀ ਸੰਕਲਪ ਸੀ । ‘ਕੈਰੀ ਆਨ ਜੱਟਾ 3’ ਦੀ ਸਪੈਨਿਸ਼ ਸਬ-ਟਾਈਟਲਸ ਦੇ ਨਾਲ ਸਪੇਨ ਸਮੇਤ 30 ਦੇਸ਼ਾਂ ਵਿੱਚ ਜੇਤੂ ਰਿਲੀਜ਼, ਪੰਜਾਬੀ ਸਿਨੇਮਾ ਦੇ ਵਿਸ਼ਵ ਵਿਆਪੀ ਖਿੱਚ ਨੂੰ ਦਰਸਾਉਂਦੀ ਹੈ। ਬਹੁਤ ਸਾਰੀਆਂ ਔਰਤਾਂ-ਕੇਂਦ੍ਰਿਤ ਫ਼ਿਲਮਾਂ ਚੰਨੋ, ਗੇਲੋ, ਨਿਧੀ ਸਿੰਘ, ਗੁੱਡੀਆਂ ਪਟੋਲੇ, ਅੜ੍ਹਬ ਮੁਟਿਆਰਾਂ, ਅਫਸਰ ਅਤੇ ਸੌਂਕਣ ਸੌਂਕਣੇ ਆਦਿ ਨੇ ਵਪਾਰਕ ਸਫਲਤਾ ਅਤੇ ਆਲੋਚਨਾਤਮਕ ਪ੍ਰਸੰਸਾ ਪ੍ਰਾਪਤ ਕੀਤੀ।

ਸੱਭਿਆਚਾਰਕ ਪੇਸ਼ਕਾਰੀ ਵਾਲੀਆਂ ਪੰਜਾਬੀ ਫ਼ਿਲਮਾਂ ਦੇ ਸਮੇਂ ਦੇ ਪਾਠਕ ਮਿੱਟੀ ਦੀ ਪੇਸ਼ਕਾਰੀ ਕਰਦਾ ਹੈ ਅਤੇ ਅੰਗਰੇਜ਼, ਬੰਬੂਕਾਟ, ਰੱਬ ਦਾ ਰੇਡੀਓ ਆਦਿ ਫ਼ਿਲਮਾਂ ਨੇ ਪੇਂਡੂ ਖੇਤੀ ਜੀਵਨ ਢੰਗ ਲਈ ਇੱਕ ਪੁਰਾਣੀ ਯਾਦ ਅਤੇ ਤਰਸ ਨੂੰ ਦਰਸਾਇਆ ਹੈ। ਹਾਲ ਹੀ ਵਿੱਚ ਮੇਲ ਕਰਾਦੇ ਰੱਬਾ, ਜਿਨ੍ਹੇ ਮੇਰਾ ਦਿਲ ਲੁੱਟਿਆ, ਪੰਜਾਬ 1984, ਅੰਬਰਸਰੀਆ, ਪੇਸ਼ਕਾਰੀ, ਅਰਦਾਸ ਕਰਾਂ ਅਤੇ ਚਲ ਮੇਰਾ ਪੁੱਤ ਆਦਿ ਫ਼ਿਲਮਾਂ ਨੇ ਬਾਕਸ-ਆਫਿਸ ’ਤੇ ਧੁੰਮਾਂ ਪਾਈਆਂ। ਮਸ਼ਹੂਰ ਗੀਤ ‘ਲੌਂਗ-ਲਾਚੀ’ ਨੇ ਜਾਦੂਈ 1 ਬਿਲੀਅਨ ਵਿਊਜ਼ ਦੇ ਅੰਕੜੇ ਨੂੰ ਛੂਹ ਲਿਆ ਹੈ।

ਹੰਬਲ ਮੋਸ਼ਨ ਪਿਕਚਰਸ, ਵਾਈਟ ਹਿੱਲ ਸਟੂਡੀਓਜ਼, ਰਿਦਮ ਬੁਆਇਜ਼ ਐਂਟਰਟੇਨਮੈਂਟ, ਓਹਰੀ ਪ੍ਰੋਡਕਸ਼ਨ ਆਦਿ ਵੱਡੇ ਪ੍ਰੋਡਕਸ਼ਨ ਹਾਊਸਾਂ ਦਾ ਇਸ ਮਨੋਰੰਜਨ ਵਾਲੇ ਉਦਯੋਗ ਨਾਲ ਜੁੜਣਾ, ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਨਿਵੇਸ਼ ਵਧ ਰਿਹਾ ਹੈ ਅਤੇ ਰਿਕਾਰਡ ਤੋੜ ਮੁਨਾਫ਼ਾ ਹੋ ਰਿਹਾ ਹੈ। ਚੰਡੀਗੜ੍ਹ, ਪਟਿਆਲਾ ਅਤੇ ਨਾਭਾ ਅਤਿ-ਆਧੁਨਿਕ ਤਕਨਾਲੋਜੀ ਅਤੇ ਟੈਕਨੋ-ਸਮਝਦਾਰ ਪੇਸ਼ੇਵਰਾਂ ਨਾਲ ਸ਼ੂਟਿੰਗ ਹੱਬ ਵਜੋਂ ਸਾਹਮਣੇ ਆਏ ਹਨ। ਕਈ ਨੌਜਵਾਨ ਨਿਰਦੇਸ਼ਕਾਂ ਨੇ ਆਪਣੇ ‘ਦ੍ਰਿਸ਼ਟੀਕੋਣ’ ਨਾਲ ਪੰਜਾਬੀ ਸਿਨੇਮਾ ਦੀ ਚਾਲ ਨੂੰ ਢਾਲਣ ਅਤੇ ਵਿਸ਼ਵ ਪੱਧਰ ’ਤੇ ਇਸ ਦੇ ਕੱਦ ਨੂੰ ਉੱਚਾ ਚੁੱਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਾਲਾਂ ਬਾਅਦ, ਕਈ ਪੰਜਾਬੀ ਫ਼ਿਲਮਾਂ ਨੇ ਅੰਤਰਰਾਸ਼ਟਰੀ ਫ਼ਿਲਮ ਮੇਲਿਆਂ ਵਿੱਚ ਰਾਸ਼ਟਰੀ ਫ਼ਿਲਮ ਐਵਾਰਡ ਅਤੇ ਪ੍ਰਸੰਸਾ ਪ੍ਰਾਪਤ ਕੀਤੀ ਹੈ। ਚੌਧਰੀ ਕਰਨੈਲ ਸਿੰਘ (1962) ਪਹਿਲੀ ਪੰਜਾਬੀ ਫ਼ਿਲਮ ਸੀ, ਜਿਸ ਨੂੰ ਰਾਸ਼ਟਰੀ ਪੱਧਰ ’ਤੇ ਸਨਮਾਨਿਤ ਕੀਤਾ ਗਿਆ ਸੀ, ਜਿਸ ਤੋਂ ਬਾਅਦ ਜੱਗਾ, ਸਤਲੁਜ ਦੇ ਕੰਢੇ, ਨਾਨਕ ਨਾਮ ਜਹਾਜ਼ ਹੈ, ਚੰਨ ਪ੍ਰਦੇਸੀ, ਮੜ੍ਹੀ ਦਾ ਦੀਵਾ, ਸ਼ਹੀਦ-ਏ-ਮੁਹੱਬਤ ਬੂਟਾ ਸਿੰਘ ਆਦਿ ਫ਼ਿਲਮਾਂ ਜੇਤੂ ਹੋਈਆਂ ਸਨ ਅਤੇ ਹੁਣ ਵੀ ਪੰਜਾਬੀ ਫ਼ਿਲਮਾਂ ਰਾਸ਼ਟਰੀ ਐਵਾਰਡਜ਼ ਜਿੱਤ ਰਹੀਆਂ ਹਨ। ਅਪ੍ਰਤੱਖ ਤੌਰ ’ਤੇ ‘ਵਾਰਿਸ ਸ਼ਾਹ-ਇਸ਼ਕ ਦਾ ਵਾਰਿਸ’ ਨੇ ਆਸਕਰ (ਆਮ ਸ਼੍ਰੇਣੀ) ਵਿੱਚ ਜਗ੍ਹਾ ਬਣਾਈ ਸੀ। ਪੰਜਾਬੀ, ਹਿੰਦੀ ਫ਼ਿਲਮ ਨਿਰਮਾਤਾਵਾਂ ਨੇ ਆਪਣੇ ਨਵ-ਯਥਾਰਥਵਾਦੀ ਪ੍ਰੋਡਕਸ਼ਨ ਜਿਵੇਂ ਕਿ ਅੰਨ੍ਹੇ ਘੋੜੇ ਦਾ ਦਾਨ, ਚੌਥੀ ਕੂਟ ਅਤੇ ਨਾਬਰ ਨਾਲ ਅੰਤਰਰਾਸ਼ਟਰੀ ਆਲੋਚਨਾਤਮਕ ਪ੍ਰਸੰਸਾ ਪ੍ਰਾਪਤ ਕੀਤੀ ਹੈ ।

(ਬਾਕੀ ਸਫ਼ਾ 31 ’ਤੇ)

## ਸੱਤਾ ਵਿੱਚ ਬਣੀ ਰਹੇਗੀ

ਪਿਛਲੇ ਲੰਮੇਂ ਸਮੇਂ ਤੋਂ ਕੰਜ਼ਰਵੇਟਿਵਾਂ ਦਾ ਗੜ੍ਹ ਰਿਹਾ ਅਲਬਰਟਾ ਸੂਬਾ ਐਤਕੀਂ ਵੀ ਡਟ ਕੇ ਉਨ੍ਹਾਂ ਦੇ ਹੱਕ ਵਿੱਚ ਭੁਗਤਿਆ ਹੈ। ਅਲਬਰਟਾ ਵਿੱਚ ਕੰਜ਼ਰਵੇਟਿਵਾਂ ਨੂੰ 34 ਸੀਟਾਂ 'ਤੇ ਜਿੱਤ ਮਿਲੀ ਹੈ ਜਦਕਿ ਲਿਬਰਲਾਂ ਨੂੰ ਸਿਰਫ਼ 2 ਸੀਟਾਂ 'ਤੇ ਹੀ ਸਬਰ ਕਰਨਾ ਪਿਆ ਹੈ।

ਕੈਨੇਡਾ ਤੋਂ ਵੱਖ ਹੋਣ ਲਈ ਪਿਛਲੇ ਕਈ ਦਹਾਕਿਆਂ ਤੋਂ ਮੰਗ ਕਰ ਰਹੇ ਕਿਊਬਕ ਸੂਬੇ ਦੇ ਲੋਕਾਂ ਨੇ ਐਤਕੀਂ ਸੱਤਾਧਾਰੀ ਲਿਬਰਲ ਦੇ ਪੱਖ ਵਿੱਚ ਫ਼ਤਵਾ ਦਿੱਤਾ ਹੈ। ਕਿਊਬਕ ਵਿੱਚ ਲਿਬਰਲਾਂ ਨੂੰ 42, ਖੇਤਰੀ ਪਾਰਟੀ ਬਲਾਕ ਕਿਊਬਕ ਨੂੰ 23 ਅਤੇ ਕੰਜ਼ਰਵੇਟਿਵਾਂ ਨੂੰ 11 ਸੀਟਾਂ ਮਿਲੀਆਂ ਹਨ। ਦੱਸਣਯੋਗ ਹੈ ਕਿ ਕਿਊਬਕ ਸੂਬੇ ਵਿੱਚ ਕੈਨੇਡਾ ਤੋਂ ਵੱਖ ਹੋਣ ਦੇ ਮੁੱਦੇ 'ਤੇ ਦੋ ਵਾਰ ਰਾਇਸ਼ੁਮਾਰੀ ਹੋ ਚੁੱਕੀ ਹੈ ਅਤੇ ਦੋਵੇਂ ਵਾਰ ਵੱਡੀ ਗਿਣਤੀ ਲੋਕਾਂ ਨੇ ਵੱਖ ਹੋਣ ਲਈ ਵੋਟ ਪਾਈ ਸੀ। ਪਰ ਐਤਕੀਂ ਫ਼ੈਡਰਲ ਚੋਣਾਂ ਵਿੱਚ 53 ਫ਼ੀਸਦੀ ਵੋਟਰਾਂ ਨੇ ਲਿਬਰਲ ਪਾਰਟੀ ਦੇ ਪੱਖ ਵਿੱਚ ਵੋਟ ਦਿੱਤੀ ਹੈ। ਬਲਾਕ ਕਿਊਬਕ ਦੇ ਮੁਖੀ ਯਵੇਸ ਫ਼ਰਾਂਸਿਸ ਆਪਣੇ ਮੁੱਖ ਵਿਰੋਧੀ ਲਿਬਰਲ ਆਗੂ ਨਿਕੋਲਸ ਤੋਂ 10000 ਵੋਟਾਂ ਦੇ ਫ਼ਰਕ ਨਾਲ਼ ਜੇਤੂ ਰਿਹਾ ਹੈ।

***

## ਟਰੰਪ ਨੇ ਕੈਨੇਡਾ ਨੂੰ ਤੋੜਨ

ਆ ਗਏ ਹਾਂ, ਪਰ ਸਾਨੂੰ ਕਦੇ ਵੀ ਸਬਕ ਨਹੀਂ ਭੁੱਲਣੇ ਚਾਹੀਦੇ।" ਕਾਰਨੀ ਨੇ ਕਿਹਾ, "ਜਿਵੇਂ ਕਿ ਮੈਂ ਮਹੀਨਿਆਂ ਤੋਂ ਚਿਤਾਵਨੀ ਦੇ ਰਿਹਾ ਹਾਂ, ਅਮਰੀਕਾ ਸਾਡੀ ਜ਼ਮੀਨ, ਸਾਡੇ ਸਰੋਤ, ਸਾਡਾ ਪਾਣੀ, ਸਾਡਾ ਦੇਸ਼ ਚਾਹੁੰਦਾ ਹੈ। ਇਹ ਧਮਕੀਆਂ ਕੋਈ ਐਵੇਂ ਹੀ ਨਹੀਂ ਹਨ। ਰਾਸ਼ਟਰਪਤੀ ਟਰੰਪ ਸਾਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਅਮਰੀਕਾ ਸਾਡਾ ਮਾਲਕ ਬਣ ਸਕੇ। ਇਹ ਕਦੇ ਵੀ ਤੇ ਕਦੇ ਨਹੀਂ ਹੋਵੇਗਾ। ਪਰ ਸਾਨੂੰ ਇਸ ਹਕੀਕਤ ਨੂੰ ਵੀ ਪਛਾਣਨਾ ਚਾਹੀਦਾ ਹੈ ਕਿ ਸਾਡੀ ਦੁਨੀਆਂ ਬੁਨਿਆਦੀ ਤੌਰ 'ਤੇ ਬਦਲ ਗਈ ਹੈ।

***

## ਚੋਣ ਹਾਰਨ ਤੋਂ ਬਾਅਦ ਜਗਮੀਤ ਸਿੰਘ ਵੱਲੋਂ ਪਾਰਟੀ

ਕਰਨ ਵਿੱਚ ਅਸਫ਼ਲ ਰਹੀ, ਇਸ ਤਰ੍ਹਾਂ ਪਾਰਟੀ ਦਾ ਰਾਸ਼ਟਰੀ ਦਰਜਾ ਗੁਆ ਬੈਠੀ। ਪਿਛਲੀਆਂ ਚੋਣਾਂ ਦੌਰਾਨ ਐੱਨ.ਡੀ.ਪੀ. ਪਾਰਟੀ ਨੇ 24 ਸੀਟਾਂ ਪ੍ਰਾਪਤ ਕੀਤੀਆਂ ਸਨ। ਇਸ ਘਟਨਾਕ੍ਰਮ ਨੂੰ ਕੈਨੇਡਾ ਵਿੱਚ ਖ਼ਾਲਿਸਤਾਨ ਸਮਰਥਕਾਂ ਲਈ ਇੱਕ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਐਨ.ਡੀ.ਪੀ. ਨੇਤਾ ਜਗਮੀਤ ਸਿੰਘ ਨੂੰ ਖ਼ਾਲਿਸਤਾਨੀ ਹਮਦਰਦ ਵਜੋਂ ਜਾਣਿਆ ਜਾਂਦਾ ਹੈ।

***

## ਕੈਨੇਡਾ ਸੰਸਦੀ ਚੋਣਾਂ 'ਚ 22 ਪੰਜਾਬੀਆਂ

ਪਾਰਟੀਆਂ ਲਿਬਰਲ ਤੇ ਕੰਜ਼ਰਵੇਟਿਵ ਵੱਲੋਂ ਜਿੱਤਾਂ ਦਰਜ ਕਰਨ ਵਾਲੇ ਪੰਜਾਬੀਆਂ 'ਚ ਓਨਟਾਰੀਓ ਸੂਬੇ ਦੇ ਬਰੈਂਪਟਨ ਨਾਰਥ ਤੋਂ ਲਿਬਰਲ ਪਾਰਟੀ ਦੀ ਰੂਬੀ ਸਹੋਤਾ ਨੇ ਕੰਜ਼ਰਵੇਟਿਵ ਪਾਰਟੀ ਦੇ ਆਪਣੇ ਵਿਰੋਧੀ ਅਮਨਦੀਪ ਜੱਜ, ਬਰੈਂਪਟਨ ਈਸਟ ਤੋਂ ਲਿਬਰਲ ਪਾਰਟੀ ਦੇ ਮਨਿੰਦਰ ਸਿੱਧੂ ਨੇ ਕੰਜ਼ਰਵੇਟਿਵ ਪਾਰਟੀ ਦੇ ਬੌਬ ਦੁਸਾਂਝ, ਬਰੈਂਪਟਨ ਸੈਂਟਰ ਤੋਂ ਲਿਬਰਲ ਪਾਰਟੀ ਦੇ ਅਮਨਦੀਪ ਸੋਹੀ ਨੇ ਕੰਜ਼ਰਵੇਟਿਵ ਤਾਰਨ ਚਾਹਲ, ਬਰੈਂਪਟਨ ਸਾਊਥ ਤੋਂ ਕੰਜ਼ਰਵੇਟਿਵ ਸੁਖਦੀਪ ਕੰਗ ਨੇ ਲਿਬਰਲ ਦੀ ਸੋਨੀਆ ਸਿੱਧੂ ਅਤੇ ਬਰੈਂਪਟਨ ਵੈਸਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਅਮਰਜੀਤ ਗਿੱਲ ਨੇ ਲਿਬਰਲ ਦੀ ਕਮਲ ਖਹਿਰਾ ਨੂੰ ਹਰਾ ਕੇ ਜਿੱਤ ਦਰਜ ਕੀਤੀ ਹੈ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਓਕਵਿਲੇ ਤੋਂ ਅਨੀਤਾ ਆਨੰਦ, ਵਾਟਰਲੂ ਤੋਂ ਬਰਦੀਸ਼ ਚੱਗਰ, ਡੋਰਵਲ ਲੈਚਿਨ ਤੋਂ ਅੰਜੂ ਢਿੱਲੋਂ, ਸਰੀ ਨਿਊਟਨ ਤੋਂ ਸੀਨੀਅਰ ਆਗੂ ਸੁਖ ਧਾਲੀਵਾਲ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਸਿੰਘ ਗਹੀਰ, ਸਰੀ ਸੈਂਟਰ ਤੋਂ ਰਣਦੀਪ ਸਿੰਘ ਸਰਾਏ, ਫ਼ਲੀਟਵੁੱਡ ਪੋਰਟ ਕੈਲਸ ਤੋਂ ਗੁਰਬਖਸ਼ ਸਿੰਘ ਸੈਣੀ, ਰਿਚਮੰਡ ਈਸਟ ਤੋਂ ਪਰਮ ਬੈਂਸ ਮੁੜ ਜਿੱਤਣ 'ਚ ਕਾਮਯਾਬ ਰਹੇ ਹਨ। ਅਲਬਰਟਾ ਸੂਬੇ ਦੇ ਕੈਲਗਰੀ ਈਸਟ ਤੋਂ ਕੰਜ਼ਰਵੇਟਿਵ ਉਮੀਦਵਾਰ ਜਸਰਾਜ ਸਿੰਘ ਹੱਲਣ ਮੁੜ ਚੋਣ ਜਿੱਤੇ ਹਨ ਜਦੋਂਕਿ ਕੈਲਗਰੀ ਸਕਾਈਵਿਊ ਤੋਂ ਕੰਜ਼ਰਵੇਟਿਵ ਅਮਨਪ੍ਰੀਤ ਸਿੰਘ ਗਿੱਲ ਤੇ ਕੈਲਗਰੀ ਮੈਕਨਾਈਟ ਤੋਂ ਕੰਜ਼ਰਵੇਟਿਵ ਦਲਵਿੰਦਰ ਗਿੱਲ ਜੇਤੂ ਰਹੇ ਹਨ। ਓਕਸਫ਼ੋਰਡ ਤੋਂ ਕੰਜ਼ਰਵੇਟਿਵ ਅਰਪਨ ਖੰਨਾ, ਐਡਮਿੰਟਨ ਗੇਟਵੇਅ ਤੋਂ ਕੰਜ਼ਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਟਿੰਮ ਉਪਲ, ਮਿਲਟਨ ਈਸਟ ਤੋਂ ਕੰਜ਼ਰਵੇਟਿਵ ਪਰਮ ਗਿੱਲ, ਐਬਸਫ਼ੋਰਟ ਸਾਊਥ ਕੈਲਗਰੀ ਤੋਂ ਸੁਖਮਨ ਗਿੱਲ, ਐਡਮਿੰਟਨ ਸਾਊਥ ਈਸਟ ਤੋਂ ਕੰਜ਼ਰਵੇਟਿਵ ਜਗਸ਼ਰਨ ਸਿੰਘ ਮਾਹਲ ਤੇ ਵਿੰਡਸਰ ਵੈਸਟ ਤੋਂ ਕੰਜ਼ਰਵੇਟਿਵ ਹਰਬ ਗਿੱਲ ਨੇ ਜਿੱਤ ਦਰਜ ਕੀਤੀ ਹੈ।

***

## ਵਿਦੇਸ਼ਾਂ ਦੇ ਸਖ਼ਤ ਕਾਨੂੰਨ

ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ 'ਕੀ ਸਿਸਟਮ' ਰਾਹੀਂ ਵੀ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਨੂੰ ਜਾਣ ਲਈ ਤਰਜੀਹ ਦਿੰਦੇ ਹਨ। ਏਜੰਟ ਮਾਪਿਆਂ ਦੇ ਰੀਝਾਂ ਨਾਲ ਪਾਲੇ ਪੁੱਤਰਾਂ ਨੂੰ ਪਨਾਮਾ ਵਰਗੇ ਦੇਸ਼ਾਂ ਦੇ ਖਤਰਨਾਕ ਜੰਗਲਾਂ ਵਿੱਚ ਮਰਨ ਲਈ ਤੋਰ ਦਿੰਦੇ ਹਨ। ਜੰਗਲਾਂ ਵਿੱਚ ਭੁੱਖ, ਪਿਆਸ ਤੇ ਜ਼ਹਿਰੀਲੇ ਜਾਨਵਰ ਉਹਨਾਂ ਦੀ ਮੌਤ ਦਾ ਕਾਰਨ ਬਣਦੇ ਹਨ। ਕਈ ਵਾਰ ਉਹ ਲੁਟੇਰੇ ਗੈਂਗਾਂ ਦਾ ਨਿਸ਼ਾਨਾ ਵੀ ਬਣ ਜਾਂਦੇ ਹਨ। ਸਾਰੇ ਖ਼ਤਰੇ ਹੰਢਾਉਂਦਿਆਂ ਉਹਨਾਂ ਦਾ ਇੱਕੋ ਮਕਸਦ 'ਮੈਕਸੀਕੋ ਵਾਲੀ ਕੰਧ ਟੱਪਣੀ' ਹੁੰਦਾ ਹੈ, ਜਿਸ ਤੋਂ ਅੱਗੇ ਸੁਪਨਿਆਂ ਦੀ ਉਹ ਧਰਤੀ ਹੈ, ਜਿੱਥੇ ਪਹੁੰਚਣ ਲਈ ਜ਼ਮੀਨਾਂ ਵੇਚ ਕੇ 30-30 ਲੱਖ ਤੱਕ ਏਜੰਟਾਂ ਨੂੰ ਦਿੱਤੇ ਹੁੰਦੇ ਹਨ। ਪਰ ਉਸ ਕੰਧ ਨੂੰ ਟੱਪ ਸਕਣਾ ਹਰ ਕਿਸੇ ਦੇ ਹਿੱਸੇ ਨਹੀਂ ਹੁੰਦਾ। ਇਨ੍ਹਾਂ ਵਿੱਚੋਂ ਕਈ ਪੰਜਾਬੀ ਤਾਂ ਆਪਣੀ ਮੰਜ਼ਿਲ 'ਤੇ ਕਿਸੇ ਨਾ ਕਿਸੇ ਤਰਾਂ ਪਹੁੰਚ ਜਾਂਦੇ ਹਨ, ਜਦੋਂ ਕਿ ਵੱਡੀ ਗਿਣਤੀ ਪੰਜਾਬੀ ਰਸਤੇ ਵਿੱਚ ਪੈਂਦੇ ਜੰਗਲਾਂ ਵਿੱਚ ਹੀ ਗੁੰਮ ਹੋ ਜਾਂਦੇ ਹਨ ਜਾਂ ਮਾਰੇ ਜਾਂਦੇ ਹਨ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਕਾਰਨਾਂ ਦਾ ਪਤਾ ਲਗਾਏ, ਜਿਨ੍ਹਾਂ ਕਰਕੇ ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਪਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ। ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਅਨੇਕਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, ਪਰ ਸਾਰੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣਾ ਕਿਸੇ ਵੀ ਸਰਕਾਰ ਲਈ ਸੰਭਵ ਨਹੀਂ। ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਪੜ੍ਹਾਈ ਤੋਂ ਬਾਅਦ ਪੰਜਾਬ ਵਿੱਚ ਹੀ ਕੋਈ ਕੰਮ ਧੰਦਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਤੰਤਰ ਨੂੰ ਏਨਾ ਮੁਸਤੈਦ ਅਤੇ ਇਮਾਨਦਾਰ ਬਣਾਏ ਕਿ ਪੰਜਾਬ ਦੇ ਨੌਜਵਾਨ ਪੰਜਾਬ ਵਿੱਚ ਹੀ ਕੰਮ ਧੰਦੇ ਕਰਨ ਨੂੰ ਪਹਿਲ ਦੇਣ ਅਤੇ ਡੰਕੀ ਲਗਾਉਣ ਲਈ ਮਜਬੂਰ ਨਾ ਹੋਣ।

## ਅਮਰੀਕਾ 'ਚ ਗ਼ੈਰ ਕਾਨੂੰਨੀ

ਕੋਵਿਡ ਤੋਂ ਬਾਅਦ ਸਰਹੱਦਾਂ ਖੁੱਲ੍ਹਣ ਤੋਂ ਬਾਅਦ, ਅਮਰੀਕਾ ਵਿੱਚ ਗ਼ੈਰ-ਦਸਤਾਵੇਜ਼ੀ ਭਾਰਤੀਆਂ ਦੀ ਗਿਣਤੀ ਵਧੀ ਸੀ, ਜੋ ਵਿੱਤੀ ਸਾਲ 2021 ਵਿੱਚ 30,662 ਅਤੇ ਵਿੱਤੀ ਸਾਲ 2022 ਵਿੱਚ 63,927 ਤੱਕ ਪਹੁੰਚ ਗਈ ਸੀ। ਪਿਊ ਖੋਜ ਨੇ ਇਹ ਵੀ ਪਾਇਆ ਕਿ ਕੁੱਲ ਮਿਲਾ ਕੇ, 2021 ਵਿੱਚ ਲਗਭਗ 7.8 ਮਿਲੀਅਨ ਗ਼ੈਰ-ਕਾਨੂੰਨੀ ਪ੍ਰਵਾਸੀ ਅਮਰੀਕੀ ਕਿਰਤ ਸ਼ਕਤੀ ਵਿੱਚ ਸਨ।

***

## ਕਿਸਾਨੀ ਦਾ ਮੌਜੂਦਾ ਆਰਥਿਕ ਸੰਕਟ

ਖੇਤੀਬਾੜੀ ਸੈਕਟਰ ਸੰਬੰਧੀ ਮੁੱਖ ਮੁੱਦਿਆਂ ਜਿਵੇਂ ਕਿ ਉਚਿਤ ਸਬਸਿਡੀਆਂ ਅਤੇ ਸਹੂਲਤਾਂ, ਢੁਕਵੀਂ ਫ਼ਸਲ ਬੀਮਾ ਯੋਜਨਾ, ਪ੍ਰਚਲਿਤ ਕਰਜ਼ੇ ਦੇਣ ਦੇ ਢੰਗ-ਤਰੀਕਿਆਂ 'ਚ ਕਿਸਾਨਾਂ ਪੱਖੀ ਬਦਲਾਅ, ਕਿਸਾਨਾਂ ਤੋਂ ਘੱਟੋ-ਘੱਟ ਵਿਆਜ, ਛੋਟੀ ਕਿਸਾਨੀ ਨੂੰ 4-6 ਮਹੀਨੇ ਲਈ ਫ਼ਸਲੀ ਕਰਜ਼ੇ ਬਿਨਾਂ ਵਿਆਜ ਦੇਣੇ, ਕਰਜ਼ੇ 'ਚ ਫਸੀ ਕਿਸਾਨੀ ਲਈ ਕਰਜ਼ਾ ਮੁਆਫ਼, ਸਰਕਾਰ ਅਤੇ ਕਿਸਾਨਾਂ ਵਿਚਕਾਰ ਵਿਚੋਲਿਆਂ ਦਾ ਖਾਤਮਾ ਅਤੇ ਛੋਟੀ ਅਤੇ ਦਰਮਿਆਨੀ ਕਿਸਾਨੀ ਦੀਆਂ ਖੇਤੀ ਮਸ਼ੀਨਰੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਸ਼ੀਨਰੀ ਸਟੋਰ ਸਥਾਪਿਤ ਕਰਨਾ ਆਦਿ ਸੰਬੰਧੀ ਕਿਸਾਨੀ ਹਿਤਾਂ 'ਚ ਫ਼ੈਸਲੇ ਲੈਣੇ ਚਾਹੀਦੇ ਹਨ।

ਦੂਜਾ, ਮੌਜੂਦਾ ਖੇਤੀ ਵਿਕਾਸ ਦੇ ਢੰਗਾਂ ਨੂੰ ਛੱਡਣਾ ਪਵੇਗਾ, ਜਿਹੜੇ ਕਿ ਪੂਰੀ ਤਰ੍ਹਾਂ ਸਾਮਰਾਜੀ ਸ਼ਕਤੀਆਂ ਦੇ ਹਿਤਾਂ ਦੇ ਪੂਰਕ ਹਨ, ਦੀ ਥਾਂ 'ਤੇ ਕਿਸਾਨ ਸਹਾਇਕ ਖੇਤੀ ਵਿਕਾਸ ਢੰਗ ਅਪਣਾਏ ਜਾਣੇ ਚਾਹੀਦੇ ਹਨ। ਖੇਤੀ ਜਿਣਸਾਂ ਦੇ ਭਾਅ ਮਹਿੰਗਾਈ ਦਰ ਨਾਲ ਜੋੜੇ ਜਾਣੇ ਚਾਹੀਦੇ ਹਨ ਤਾਂ ਕਿ ਕਿਸਾਨਾਂ ਨੂੰ ਉਤਪਾਦਨ ਦਾ ਸਹੀ ਮੁੱਲ ਮਿਲ ਸਕੇ ਅਤੇ ਲਗਾਤਾਰ ਵਧ ਰਹੀਆਂ ਲਾਗਤਾਂ ਦੀ ਭਰਪਾਈ ਵੀ ਹੋ ਸਕੇ। ਆਰਥਿਕ ਸੁਧਾਰਾਂ ਤਹਿਤ ਅਪਣਾਈਆਂ ਗਈਆਂ ਕਿਸਾਨ ਅਤੇ ਆਮ ਆਦਮੀ ਵਿਰੋਧੀ ਨੀਤੀਆਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਇਸ ਸਾਰੇ ਕਾਸੇ ਦੀ ਪੂਰਤੀ ਲਈ ਕਿਸਾਨਾਂ, ਕਿਸਾਨ ਜਥੇਬੰਦੀਆਂ ਅਤੇ ਹੋਰ ਕਿਸਾਨ ਸਮਰਥਕਾਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਕਿ ਸਰਕਾਰਾਂ 'ਤੇ ਦਬਾਅ ਪਾਇਆ ਜਾ ਸਕੇ।

***

## ਟਰੰਪ ਵੱਲੋਂ 2 ਕਰੋੜ ਗ਼ੈਰ-ਕਾਨੂੰਨੀ ਪ੍ਰਵਾਸੀਆਂ

ਉਹ ਸਿਰਫ਼ 3 ਮਹੀਨੇ ਪਹਿਲਾਂ ਆਏ ਹਨ। ਇਹ ਬਾਈਡੇਨ ਦੀ ਜੰਗ ਹੈ। ਜੇ ਮੈਂ ਉਸ ਵੇਲੇ ਸੱਤਾ ਵਿੱਚ ਹੁੰਦਾ ਤਾਂ ਜੰਗ ਨਾ ਹੁੰਦੀ। ਪੁਤਿਨ-ਜ਼ੇਲੇਂਸਕੀ ਨਾਲ ਗੱਲ ਜਾਰੀ ਹੈ। ਜਲਦੀ ਹੀ ਸਮਝੌਤਾ ਹੋ ਜਾਵੇਗਾ।

**ਸਰਕਾਰੀ ਖਰਚੇ**: ਟਰੰਪ ਨੇ ਅੱਗੇ ਦੱਸਿਆ ਕਿ ਡੂੰਘੇ ਰਾਜ ਖਤਮ ਹੋ ਜਾਣਗੇ। ਇਹ ਡੋਜੀ ਦੇ ਮਿਸ਼ਨ ਨਾਲ ਮੇਲ ਖਾਂਦਾ ਹੈ, ਜੋ ਸਰਕਾਰੀ ਖਰਚਿਆਂ-ਨੌਕਰਸ਼ਾਹੀ ਨੂੰ ਘਟਾਉਣ 'ਤੇ ਕੇਂਦਰਿਤ ਹੈ। ਡੋਜੀ ਨੇ ਅਰਬਾਂ ਡਾਲਰ ਦੀ ਬਰਬਾਦੀ, ਧੋਖਾਧੜੀ ਅਤੇ ਦੁਰਵਿਵਹਾਰ ਨੂੰ ਰੋਕਿਆ। ਅਸੀਂ ਚਾਹੁੰਦੇ ਹਾਂ ਕਿ ਸਰਕਾਰੀ ਪੈਸਾ ਸਹੀ ਲੋਕਾਂ ਤੱਕ ਜਾਵੇ।

**ਸਿੱਖਿਆ ਸੁਧਾਰ**: ਸਕੂਲਾਂ ਦੀ ਚੋਣ ਕਰਨ ਦੀ ਆਜ਼ਾਦੀ ਹੋਵੇਗੀ। ਵਾਊਚਰ ਪ੍ਰਣਾਲੀ ਜਨਤਕ ਸਿੱਖਿਆ ਦੀ ਬਜਾਏ ਪ੍ਰਾਈਵੇਟ ਸਕੂਲਾਂ ਵਿੱਚ ਲਾਗੂ ਕੀਤੀ ਜਾਵੇਗੀ। ਇਸ ਨਾਲ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਸਕੂਲ ਚੁਣਨ ਦੀ ਆਜ਼ਾਦੀ ਮਿਲੇਗੀ। ਓਬਾਮਾਕੇਅਰ ਵੀ ਬੰਦ ਹੋ ਜਾਵੇਗਾ। ਇਸ ਨਾਲ ਦਵਾਈਆਂ ਅਤੇ ਸਿਹਤ ਸੇਵਾਵਾਂ ਸਸਤੀਆਂ ਹੋ ਜਾਣਗੀਆਂ।

***

## ਕੀ ਸਿੱਖ ਗੁਰਦੁਆਰਾ ਨਿਆਂਇਕ ਕਮਿਸ਼ਨ

ਪੈਨਲ ਵਿੱਚ ਸਿੱਖ ਪੰਥ ਦੇ ਪ੍ਰਤੀਨਿਧੀ, ਜਿਵੇਂ ਕਿ ਪੰਜ ਪਿਆਰੇ, ਸਮੂਹ ਜਥੇਬੰਦੀਆਂ ਦੇ ਨੁਮਾਇੰਦੇ, ਵਿਦਵਾਨ, ਬੁੱਧੀਜੀਵੀ, ਅਤੇ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਦੇ ਨੁਮਾਇੰਦੇ ਸ਼ਾਮਲ ਹੋਣੇ ਚਾਹੀਦੇ ਹਨ। ਪੈਨਲ ਨੂੰ ਪੰਥਕ ਮਰਯਾਦਾ ਅਤੇ ਗੁਰਮਤਿ ਸਿਧਾਂਤਾਂ ਦੀ ਪਾਲਣਾ ਕਰਦਿਆਂ, ਸਰਬਸੰਮਤੀ ਨਾਲ ਨਿਯਮ ਤਿਆਰ ਕਰਨੇ ਚਾਹੀਦੇ ਹਨ।

ਵਿਧੀ-ਵਿਧਾਨ ਕੀ ਹੋਵੇ ?

ਪੰਥਕ ਮਾਹਿਰਾਂ ਅਨੁਸਾਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਵਿਧੀ-ਵਿਧਾਨ ਵਿੱਚ ਨਿਮਨਲਿਖਤ ਪਹਿਲੂ ਸ਼ਾਮਲ ਹੋਣੇ ਚਾਹੀਦੇ ਹਨ। ਪੈਨਲ ਸਿਰਜਣ ਦੀ ਜ਼ਿੰਮੇਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਅਤੇ ਵਿਸ਼ਵ ਭਰ ਦੀਆਂ ਸਿੱਖ ਸਭਾਵਾਂ ਦੇ ਸਹਿਯੋਗ ਨਾਲ ਪੂਰੀ ਕੀਤੀ ਜਾਣੀ ਚਾਹੀਦੀ ਹੈ। ਜਥੇਦਾਰ ਦੀ ਯੋਗਤਾ ਤਹਿ ਕੀਤੀ ਜਾਵੇ। ਜਥੇਦਾਰ ਗੁਰਮਤਿ ਵਿੱਚ ਪੂਰਨ ਵਿਸ਼ਵਾਸ ਦਾ ਧਾਰਨੀ ਹੋਵੇ ਤੇ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਕਰਨ ਵਾਲਾ ਹੋਵੇ ਅਤੇ ਪੰਥਕ ਸੇਵਾ ਦਾ ਅਨੁਭਵ ਹੋਵੇ। ਸ਼੍ਰੋਮਣੀ ਕਮੇਟੀ ਪੰਥ ਦਾ ਨੁਮਾਇੰਦਾ ਇਕੱਠ ਸਰਬੱਤ ਖ਼ਾਲਸਾ ਸਦਕੇ ਪੰਥਕ ਸਹਿਮਤੀ ਨਾਲ ਜਥੇਦਾਰ ਨਿਯੁਕਤ ਕਰੇ ਤੇ ਨਿਯਮ ਬਣਾਏ। ਜਥੇਦਾਰ ਪੰਥਕ ਮਸਲਿਆਂ ਦਾ ਨਿਪਟਾਰਾ ਕਰੇ, ਗੁਰਮਤਾ ਜਾਰੀ ਕਰੇ ਅਤੇ ਸਿੱਖ ਮਰਯਾਦਾ ਦੀ ਸੰਭਾਲ ਕਰੇ। ਪੰਥਕ ਸਹਿਮਤੀ ਜਾਂ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਦੀ ਸਥਿਤੀ ਵਿੱਚ ਇਤਿਹਾਸਕ ਭੂਮਿਕਾ ਨਿਭਾਵੇ।

ਇਤਿਹਾਸਕਾਰ ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਧੀ-ਵਿਧਾਨ ਨੂੰ ਬਣਾਉਣ ਦਾ ਅਧਿਕਾਰ ਸਿਰਫ਼ ਖ਼ਾਲਸਾ ਪੰਥ ਅਤੇ ਗੁਰੂ-ਪੰਥ ਕੋਲ ਹੈ। ਕਿਸੇ ਵੀ ਸਰਕਾਰੀ ਜਾਂ ਜੁਡੀਸ਼ੀਅਲ ਕਮਿਸ਼ਨ ਨੂੰ ਇਸ ਵਿੱਚ ਦਖਲ ਦੀ ਇਜਾਜ਼ਤ ਨਹੀਂ ਹੈ। ਪੰਥਕ ਏਕਤਾ ਅਤੇ ਸਰਬਸੰਮਤੀ ਨਾਲ, ਸਿੱਖ ਸੰਗਤਾਂ ਅਤੇ ਜਥੇਬੰਦੀਆਂ ਦੇ ਸੁਝਾਵਾਂ ਨੂੰ ਸ਼ਾਮਲ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਿਯਮ ਤਿਆਰ ਕੀਤੇ ਜਾਣੇ ਚਾਹੀਦੇ ਹਨ। ਸਿੱਖ ਕੌਮ ਨੂੰ ਬਾਹਰੀ ਸਾਜਿਸ਼ਾਂ ਅਤੇ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

***

## ਪੰਜਾਬ ਵਿੱਚ ਸਿੱਖਿਆ

ਸਿਆਸਤਦਾਨ ਦੀ ਤਰਜੀਹ ਹੁਣ ਜਨ ਕਲਿਆਣ ਜਾਂ ਲੋਕ ਸਰੋਕਰ ਨਹੀਂ, ਸਿਰਫ਼ ਚੋਣ ਸਮੀਕਰਣ ਰਹਿ ਗਈ ਹੈ। ਉਹਨਾਂ ਦੀ ਤਰਜੀਹ ਲੋਕਾਂ ਨੂੰ ਨਿਕੰਮੇ,ਅਸਿਖਿਅਤ ਰੱਖਣ ਵੱਲ ਵਧੇਰੇ ਹੈ ਤਾਂ ਕਿ ਕੋਈ ਸਵਾਲ ਹੀ ਨਾ ਉਠੇ ਪਰ ਸਿੱਖਿਆ ਸਵਾਲ ਉਠਾਉਂਦੀ ਹੈ, ਸਿੱਖਿਆ ਵਿਚਾਰ ਪੈਦਾ ਕਰਦੀ ਹੈ, ਸਿੱਖਿਆ ਅਤੇ ਕਿਤਾਬ ਮਨ ਅਤੇ ਤਨ ਨੂੰ ਤਾਕਤਵਰ ਕਰਦੀ ਹੈ।

ਪੰਜਾਬ ਦਾ ਵਿਰਸਾ, ਪੰਜਾਬ ਦੀ ਬੋਲੀ ਬਹੁਤ ਅਮੀਰ ਹੈ। ਪੰਜਾਬ ਦੇਸ਼ ਦਾ ਅੰਨ ਦਾਤਾ ਹੈ। ਪੰਜਾਬ ਪੂਰੇ ਦੇਸ਼ ਵਿੱਚ ਆਪਣੀ ਵੱਖਰੀ ਪਛਾਣ ਰੱਖਦਾ ਹੈ। ਪੰਜਾਬ ਕਦੇ ਪੰਜ ਦਰਿਆਵਾਂ ਦੀ ਧਰਤੀ ਸੀ। ਇਹ ਖਿੱਤੇ ਦਾ ਸਭ ਤੋਂ ਸਿਆਣਾ ਇਲਾਕਾ ਸੀ, ਜਿਥੇ ਸਿਆਣੇ ਲੋਕ ਵਸਦੇ ਸਨ, ਜਿਥੇ ਰੂਹਾਨੀ ਰੂਹਾਂ ਨੇ ਜਨਮ ਲਿਆ। ਲਿਖਣਾ-ਪੜ੍ਹਨਾ, ਵਿਚਾਰਨਾ ਜਿਹਨਾ ਦੇ ਲਹੂ 'ਚ ਸੀ ਅਤੇ ਲਹੂ 'ਚ ਸੀ ਆਪਣੀ ਅਣਖ ਲਈ ਖੜਨਾ, ਮਰਨਾ। ਚੰਗਾ ਵਾਤਾਵਰਨ, ਵਸਦੇ ਦਰਿਆ, ਜਰਖੇਜ਼ ਜ਼ਮੀਨ ਜਿਹਨਾ ਦਾ ਧੰਨ ਸੀ।

ਸਿਆਸੀ ਖੇਡਾਂ ਇਸਦਾ ਲੱਕ ਤੋੜਿਆ ਅਤੇ ਪੰਜਾਬ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤਾ ਗਿਆ। ਵੱਢ-ਵਢਾਂਗਾ, ਭਾਈ-ਮਾਰ, ਸਾਜਿਸ਼ਾਂ, ਸਵਾਰਥੀ ਸੋਚ ਪਿੱਠ-ਛੁਰਾ ਇਹਨਾ ਦੇ ਪੱਲੇ ਪਾ ਦਿੱਤਾ ਗਿਆ। ਗਿਆਨ ਤੋਂ ਦੂਰ ਕਰਕੇ ਸਿਆਣਿਆਂ 'ਤੇ ਯੋਧਿਆਂ ਨੂੰ ਐਸਾ ਲਪੇਟਿਆ ਸੰਕੀਰਨ ਸੋਚ ਨਾਲ ਕਿ ਅੱਜ ਸੋਚੋਂ ਹਰਿਆ-ਭਰਿਆ ਪੰਜਾਬ, ਪੰਜਾਬ ਹੀ ਨਹੀਂ ਦਿਸਦਾ। ਸਿਊਂਕ ਨਾਲ ਭੰਨਿਆ, ਬਿਮਾਰੀਆਂ ਨਾਲ ਖਾਧਾ ਨਰਕੀ ਪੰਜਾਬ ਦਿਸਦਾ ਹੈ, ਜਿਥੇ ਨਸ਼ੇ ਹਨ। ਜਿਥੇ ਮਾਰ-ਧਾੜ ਹੈ। ਜਿਥੇ ਧਰਤੀ ਨਾਲੋਂ ਟੁਟਿਆਂ ਕੁਨਬਾ ਹੈ, ਜਿਹੜਾ ਆਪਣੀ ਧਰਤ ਛੱਡ ਬੇਗਾਨੀ ਧਰਤੀ ਦੀ ਬੁੱਕਲ ਲੱਭਦਾ ਹੈ।

ਕਾਰਨ ਇਕੋ ਨਹੀਂ, ਪਰ ਵੱਡਾ ਹੈ ਪੰਜਾਬੀਆਂ ਸਿੱਖਿਆ-ਸੋਚ ਨਾਲੋਂ ਮੋਹ ਤੋੜ ਲਿਆ ਹੈ। ਅਕਲ 'ਤੇ ਪੱਲਾ ਪਾ ਲਿਆ ਹੈ। ਸੋਚ ਨਿਰੀ ਪੂਰੀ ਵਿਵਹਾਰਿਕ ਕਰ ਲਈ ਹੈ। ਜੰਮਦੇ ਹੀ, ਮਰਨ ਤੱਕ ਚੰਗੀ ਖੱਬੀ ਖਾਨ ਜ਼ਿੰਦਗੀ ਗੁਜਾਰਨ ਲਈ ਸਾਧਨ ਜੁਟਾਉਣ ਦੇ ਰਾਹ ਪੈ ਗਏ ਹਾਂ। ਬੱਚਿਆਂ ਨੂੰ ਇਹੋ ਜਿਹੇ ਸਸਕਾਰ ਦੇ ਰਹੇ ਹਾਂ, ਵੱਡਾ ਕਮਾਓ, ਮੌਜਾਂ ਕਰੋ। ਜੇਕਰ ਇਥੇ ਕੁਝ ਨਹੀਂ ਲੱਭਦਾ ਇਥੋਂ ਤੁਰ ਜਾਓ, ਪ੍ਰਵਾਸ ਦੇ ਰਾਹ ਪੈ ਜਾਓ, ਉਥੇ ਹਰ ਕਿਸਮ ਦੀ ਕਿਰਤ ਕਰੋ ਅਤੇ ਬੱਸ ਜ਼ਿੰਦਗੀ ਗੁਜ਼ਾਰ ਦਿਓ। ਪੰਜਾਬ ਦੀ ਸੋਚ ਕਿਥੇ ਗਈ ? ਵਿਚਾਰ ਕਿਥੇ ਗਏ ? ਨੈਤਿਕ ਕਦਰਾਂ-ਕੀਮਤਾਂ ਕਿਥੇ ਰਹਿ ਗਈਆਂ ?

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਚਾਰ ਪ੍ਰਧਾਨ ਖਿੱਤੇ ਪੰਜਾਬ ਦੇ ਲੋਕ, ਹੋਰ ਹੀ ਵਹਿਣਾ 'ਚ ਰੁੜ ਗਏ। ਆਪਣੀ ਸਿੱਖਿਆ ਨੀਤੀ ਤੱਕ ਨਹੀਂ ਘੜ ਸਕੇ।

ਸੂਬਾ 'ਦਾਨ-ਪੁੰਨ' ਕਰਨ ਵਾਲਾ ਹੈ। ਸੋਚ ਪੰਜਾਬੀਆਂ ਦੀ ਦਯਾ ਕਰਨ ਦੀ ਹੈ। ਧਾਰਮਿਕ ਸਥਾਨਾਂ, ਡੇਰਿਆਂ 'ਤੇ ਰੋਣਕਾਂ ਹਨ। ਸ਼ਰਧਾ ਹੈ। ਦਿਖਾਵਾ ਹੈ। ਸੁੰਦਰ ਸਥਾਨ ਹਨ, ਪਰ ਜਿਹਨਾ ਵਿਚਾਰਾਂ ਨੇ ਬੰਦੇ ਨੂੰ ਇਨਸਾਨ ਬਨਾਉਣਾ ਹੈ, ਉਹਦੀ ਕਮੀ ਹੈ। ਅਸੀਂ ਦਾਨ-ਪੁੰਨ ਕਰਦੇ ਹਾਂ। ਸਾਡੇ ਲਈ ਲੰਗਰ ਸੇਵਾ ਵੱਡੀ ਹੈ। ਪਰ ਪੰਜਾਬੀ ਭਾਈਚਾਰਾ ਕਿੰਨੇ ਕੁ ਸਕੂਲ, ਕਾਲਜ ਖੋਹਲਦਾ ਹੈ ? ਇਸ ਲਈ ਕਿੰਨਾ ਕੁ ਦਾਨ ਦਿੰਦਾ ਹੈ ? ਕਿੰਨਾ ਖਰਚਾ ਆਪਣੇ ਬੱਚਿਆਂ ਦੀ ਪੜ੍ਹਾਈ 'ਤੇ ਕਰਦਾ ਹੈ?

ਪੰਜਾਬੀ ਵਿਚਾਰਾਂ ਤੋਂ ਸੱਖਣਾ ਕਿਤਾਬ ਪੜ੍ਹਨ ਤੋਂ ਆਤੁਰ ਹੈ, ਨਸ਼ਾ ਤੇ ਹੋਰ ਵਸਤਾਂ ਖਰੀਦਦਾ ਹੈ, ਕਿਤਾਬ ਨਹੀਂ ਖਰੀਦਦਾ। ਪਿੰਡਾਂ , ਸ਼ਹਿਰਾਂ 'ਚ ਲਾਇਬ੍ਰੇਰੀਆਂ ਨਹੀਂ ਬਣਾਉਂਦਾ। ਪੀਰਾਂ, ਫ਼ਕੀਰਾਂ, ਬਾਬਿਆਂ ਨੂੰ ਪੂਜੀ ਜਾਂਦਾ ਹੈ। ਸਮਾਂ ਨਸ਼ਟ ਕਰੀ ਜਾਂਦਾ ਹੈ। ਸਰਕਾਰਾਂ ਵੀ ਇਸੇ ਰਸਤੇ ਤੁਰੀਆਂ ਹੋਈਆਂ ਹਨ। ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਪੰਜਾਬ ਇਸ ਵੇਲੇ 'ਪ੍ਰਚਾਰੀ ਚਰਚਾ' 'ਚ ਹੈ। ਇਸ ਨਾਲ ਲੋਕਾਂ ਨੂੰ ਕੀ ਪ੍ਰਾਪਤ ਹੋਏਗਾ ? ਕੀ ਸਿਰਫ਼ ਬਣਾਏ ਜਾ ਰਹੇ ਕਮਰੇ, ਪਖ਼ਾਨੇ ਵਿਦਿਆਰਥੀਆਂ ਦੀ ਬੌਧਿਕ ਲੋੜ ਪੂਰੀ ਕਰ ਸਕਣਗੇ ? ਕੀ ਅਮੈਰੀਟਸ ਸਕੂਲ, ਵਿਦਿਆਰਥੀ ਦੇ ਸਰਬ ਪੱਖੀ ਵਿਕਾਸ ਦੇ ਹਾਣ ਦੇ ਹਨ ? ਕੀ ਇਹ ਸਕੂਲ ਅਤੇ ਸਧਾਰਨ ਪੇਂਡੂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਪੱਧਰ ਦਾ ਪਾੜਾ ਵੱਡਾ ਨਹੀਂ ਹੋ ਰਿਹਾ ?

ਇਸ ਸਭ ਕੁਝ ਦਾ ਅਰਥ ਇਹ ਵੀ ਨਹੀਂ ਕਿ ਪੰਜਾਬੀ ਵਿਚਾਰਵਾਨਾਂ ਦੀ ਕਮੀ ਹੈ। ਦੇਸ਼-ਵਿਦੇਸ਼ 'ਚ ਸਿਆਣੇ ਪੰਜਾਬੀਆਂ ਦਾ ਬੋਲ ਬਾਲਾ ਹੈ, ਜਿਥੇ ਵਿਦੇਸ਼ਾਂ 'ਚ ਚੰਗੇ ਕਾਰੋਬਾਰੀ ਹਨ, ਸਾਇੰਸਦਾਨ ਹਨ, ਸਿੱਖਿਆ ਸ਼ਾਸਤਰੀ ਹਨ, ਉਥੇ ਪੰਜਾਬੀ ਦਾਨੀ ਪੁਰਖਾਂ ਦੀ ਵੀ ਕਮੀ ਨਹੀਂ ਹੈ। ਲੋੜ ਹੈ ਪੰਜਾਬੀ ਲੋਕ ਬਾਕੀ ਦਿਖਾਵੇ ਛੱਡਕੇ ਸਿੱਖਿਆ ਖੇਤਰ 'ਚ ਅੱਗੋਂ ਪੁਲਾਘਾਂ ਭਰਨ। ਧਾਰਮਿਕ ਸਥਾਨਾਂ ਦੇ ਥਾਂ ਯੂਨੀਵਰਸਿਟੀਆਂ, ਸਕੂਲ, ਕਾਲਜ, ਲਾਇਬ੍ਰੇਰੀਆਂ ਖੋਲ੍ਹਣ, ਬੱਚਿਆਂ ਨੂੰ ਪੜ੍ਹਾਉਣ ਵੱਲ ਲੈ ਕੇ ਜਾਣ। ਇਹੀ ਅਸਲ ਅਰਥਾਂ 'ਚ ਸਿੱਖਿਆ ਕ੍ਰਾਂਤੀ ਦੀ ਨੀਂਹ ਹੋ ਸਕੇਗੀ।।

***

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਪੰਜਾਬ ਦੀ ਵੰਡ ਕਾਰਨ ਆਰਥਿਕਤਾ

ਕਦੇ ਹੜ੍ਹ ਤੇ ਕਦੇ ਸੋਕਾ, ਆਵਾਰਾ ਕੁੱਤਿਆਂ ਅਤੇ ਆਵਾਰਾ ਪਸ਼ੂਆਂ ਦੀ ਭਰਮਾਰ ਅਤੇ ਹੋਰ ਕਈ ਵੱਡੀਆਂ ਸਮੱਸਿਆਵਾਂ ਵਿਕਰਾਲ ਰੂਪ ਵਿੱਚ ਖੜੀਆਂ ਹਨ ਪਰ ਇਹਨਾਂ ਸਮੱਸਿਆਵਾਂ ਦੇ ਹਲ ਕਰਨ ਵਿੱਚ ਮੌਜੂਦਾ ਸਰਕਾਰ ਸਮੇਤ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਅਸਫ਼ਲ ਰਹੀਆਂ ਹਨ, ਜਿਸ ਕਾਰਨ ਪੰਜਾਬੀਆਂ ਨੂੰ ਇਹਨਾਂ ਸਭ ਝੰਜਟਾਂ ਤੋਂ ਮੁਕਤੀ ਪਰਵਾਸ ਕਰਕੇ ਵਿਦੇਸ਼ ਜਾਣ 'ਚ ਹੀ ਮਿਲਦੀ ਦਿਖਾਈ ਦੇ ਰਹੀ ਹੈ। ਆਮ ਪੰਜਾਬੀਆਂ ਨੂੰ ਸਮਝ ਨਹੀਂ ਆ ਰਹੀ ਕਿ ਜੇ ਪੰਜਾਬ ਵਿੱਚ ਇਹੋ ਵਰਤਾਰਾ ਚਲਦਾ ਰਿਹਾ ਤਾਂ ਪੰਜਾਬ ਅਤੇ ਪੰਜਾਬੀਆਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ? ਪੰਜਾਬ ਵਿੱਚ ਆਮਦਨੀ ਦੇ ਸਰੋਤ ਲਗਾਤਾਰ ਸੁੰਗੜ ਰਹੇ ਹਨ ਪਰ ਪੰਜਾਬੀਆਂ ਦੇ ਖ਼ਰਚੇ ਲਗਾਤਾਰ ਵੱਧ ਰਹੇ ਹਨ। ਪੰਜਾਬੀ ਨੌਜਵਾਨਾਂ ਵਿੱਚ ਹੀਰੋਇਜ਼ਮ ਦੀ ਭਾਵਨਾ ਪ੍ਰਬਲ ਹੋਣ ਕਾਰਨ ਨੌਜਵਾਨ ਆਪਣੇ ਸ਼ੌਕ ਅਤੇ ਟੌਹਰ ਲਈ ਖੁੱਲ੍ਹਾ ਖਰਚ ਕਰਦੇ ਹਨ, ਜਿਸ ਕਾਰਨ ਅਕਸਰ ਪੰਜਾਬੀ ਕਰਜ਼ਾਈ ਹੋ ਰਹੇ ਹਨ।

ਪੰਜਾਬ ਦੀ ਮਿੱਟੀ ਏਨੀ ਉਪਜਾਊ ਹੈ ਕਿ ਇਹ ਸੋਨਾ, ਹੀਰੇ ਮੋਤੀ ਪੈਦਾ ਕਰਦੀ ਹੈ ਭਾਵ ਬੰਪਰ ਫ਼ਸਲਾਂ ਪੈਦਾ ਕਰਦੀ ਹੈ। ਪੰਜਾਬ ਦੀ ਆਰਥਿਕਤਾ ਦਾ ਧੁਰਾ ਪੰਜਾਬ ਹੈ। ਇਸ ਸਮੇਂ ਪੰਜਾਬ ਵਿੱਚ ਕਣਕ ਦੀ ਭਰਵੀਂ ਫ਼ਸਲ ਹੋਈ ਹੈ, ਜਿਸ ਕਾਰਨ ਕਿਸਾਨਾਂ ਕੋਲ ਚੰਗੀ ਆਮਦਨ ਪਹੁੰਚਣ ਦੇ ਅੰਦਾਜ਼ੇ ਹਨ। ਜੇ ਕਿਸਾਨ ਕੋਲ ਚੰਗੇ ਪੈਸੇ ਹੋਣਗੇ ਤਾਂ ਹੀ ਉਹ ਮਾਰਕੀਟ ਵਿੱਚ ਖੁੱਲ੍ਹ ਕੇ ਪੈਸੇ ਨੂੰ ਖ਼ਰਚੇਗਾ, ਜਿਸ ਕਾਰਨ ਹੋਰਨਾਂ ਕਿੱਤਿਆਂ ਨਾਲ ਸਬੰਧਿਤ ਦੁਕਾਨਦਾਰਾਂ ਦਾ ਕਾਰੋਬਾਰ ਵੀ ਚੰਗਾ ਚੱਲੇਗਾ। ਇਸ ਲਈ ਪੰਜਾਬ ਸਰਕਾਰ ਨੂੰ ਪੰਜਾਬ ਦੀ ਭਲਾਈ ਲਈ ਯੋਜਨਾਵਾਂ ਖੇਤੀਬਾੜੀ ਨੂੰ ਮੁੱਖ ਰੱਖਦਿਆਂ ਬਣਾਉਣੀਆਂ ਚਾਹੀਦੀਆਂ ਹਨ।

***

## ਚਿੱਟਾ ਦੁਪੱਟਾ

"ਸਾਹਬ ਜੀ, ਹੁਣ ਚਾਹੇ ਮੈਨੂੰ ਕੋਈ ਕੱਲ੍ਹ ਨੂੰ ਹੀ ਮਾਰ ਕੇ ਟੰਗ ਜਾਵੇ। ਤੁਸੀਂ ਮੇਰੀ ਰਿਹਾਈ ਦਾ ਪ੍ਰਬੰਧ ਕਰੋ। ਮੈਂ ਆਪਣੀ ਜ਼ਿੰਦਗੀ ਦੇ ਬਚੇ ਚਾਰ ਦਿਨ ਆਪਣੇ ਪੁੱਤਰ ਨਾਲ ਰਹਿਣਾ ਚਾਹੁੰਦਾ ਹਾਂ।" ਐੱਸਐੱਸਪੀ ਗੁਰਪ੍ਰਤਾਪ ਸਿੰਘ ਨੇ ਜੇਲ੍ਹ ਸੁਪਰਡੰਟ ਨਾਲ ਗੱਲਬਾਤ ਕਰਕੇ ਦਲੇਰ ਸਿੰਘ ਦਾ ਨੇਕਚਲਣੀ ਦਾ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜ ਦਿੱਤਾ। ਇੱਕ ਮਹੀਨੇ ਵਿੱਚ ਹੀ ਦਲੇਰ ਸਿੰਘ ਦੀ ਰਿਹਾਈ ਦੇ ਆਰਡਰ ਕਰਵਾ ਦਿੱਤੇ।

ਅੱਜ ਦਲੇਰ ਸਿੰਘ ਸਾਲਾਂ ਬਾਅਦ ਆਪਣੇ ਪਿੰਡ ਨੂੰ ਆਪਣੇ ਵਰਦੀਧਾਰੀ ਪੁੱਤਰ ਨਾਲ ਗੱਡੀ 'ਚ ਬਹਿ ਕੇ ਜਾ ਰਿਹਾ ਸੀ। ਉਸ ਨੂੰ ਉਹ ਸਮਾਂ ਵੀ ਯਾਦ ਆ ਰਿਹਾ ਸੀ ਜਦੋਂ ਕਦੇ ਪੁਲਿਸ ਉਸ ਨੂੰ ਇਨ੍ਹਾਂ ਰਸਤਿਆਂ ਤੋਂ ਫੜ ਕੇ ਲਿਜਾਇਆ ਕਰਦੀ ਸੀ।

ਉਹ ਆਪਣੇ ਪਿੰਡ ਵਾਲਾ ਮੋੜ ਮੁੜਨ ਹੀ ਲੱਗੇ ਸਨ ਕਿ ਪਹਿਲਾਂ ਤੋਂ ਮਿਲ ਚੁੱਕੀ ਇਤਲਾਹ ਅਨੁਸਾਰ ਘਾਤ ਲਗਾ ਕੇ ਬੈਠੇ ਜੇਲ੍ਹ ਵਿੱਚ ਬੰਦ ਤਸਕਰਾਂ ਦੇ ਕਾਰਿੰਦਿਆਂ ਨੇ ਦਲੇਰ ਸਿੰਘ 'ਤੇ ਸਿਸ਼ਤ ਬੰਨ੍ਹ ਕੇ ਦੋ ਫਾਇਰ ਮਾਰੇ ਤੇ ਦਲੇਰ ਸਿੰਘ ਥਾਂ 'ਤੇ ਹੀ ਢੇਰੀ ਹੋ ਗਿਆ। ਦੋਸ਼ੀ ਸ਼ਾਮ ਦੇ ਘੁਸਮੁਸੇ ਦਾ ਲਾਹਾ ਲੈ ਕੇ ਫਰਾਰ ਹੋ ਗਏ ਜੋ ਇੱਕ ਬੁਝਾਰਤ ਹੀ ਬਣੇ ਰਹੇ ਕਿ ਉਹ ਕੌਣ ਸਨ ਅਤੇ ਕਿਸ ਦੇ ਆਦਮੀ ਸਨ। ਬੇਸ਼ੱਕ, ਦਲੇਰ ਸਿੰਘ ਤਸਕਰ ਸੀ, ਪਰ ਦੀਪਇੰਦਰ ਦਾ ਤਾਂ ਪਿਤਾ ਹੀ ਸੀ। ਉਸ ਦਾ ਤਾਂ ਅਜੇ ਆਪਣੇ ਬਾਪ ਨਾਲ ਰੱਜ ਕੇ ਗੱਲਾਂ ਕਰਨ ਦਾ ਚਾਅ ਵੀ ਪੂਰਾ ਨਹੀਂ ਸੀ ਹੋਇਆ।

ਦਲੇਰ ਸਿੰਘ ਦੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਉਸ ਦੀ ਲਾਸ਼ ਉਸ ਦੇ ਘਰ ਲਿਆਂਦੀ ਗਈ। ਦਿਨ ਚੜ੍ਹਦੇ ਐੱਸ.ਐੱਸ.ਪੀ. ਗੁਰਪ੍ਰਤਾਪ ਸਿੰਘ ਵੀ ਆ ਗਿਆ। ਦਲੇਰ ਸਿੰਘ ਦੀ ਲਾਸ਼ ਵੇਖ ਕੇ ਉਸ ਨੂੰ ਆਪਣੀ ਲਿਖੀ ਉਸ ਚਿੱਠੀ 'ਤੇ ਅਫ਼ਸੋਸ ਹੋ ਰਿਹਾ ਸੀ ਕਿ ਉਹ ਦਲੇਰ ਸਿੰਘ ਦੀ ਸਜ਼ਾ ਮੁਆਫ਼ ਨਾ ਕਰਵਾਉਂਦਾ ਤਾਂ ਅੱਜ ਇਹ ਭਾਣਾ ਨਾ ਵਰਤਦਾ।

ਸਸਕਾਰ ਕਰਕੇ ਘਰ ਆਈ ਦਲੇਰ ਸਿੰਘ ਦੀ ਪਤਨੀ ਨਾਲ ਪਿੰਡ ਦੀਆਂ ਔਰਤਾਂ ਅਫ਼ਸੋਸ ਕਰਦਿਆਂ ਕਹਿੰਦੀਆਂ, "ਭੈਣੇ, ਸਿਰ ਦੇ ਸਾਈਂ ਬਿਨਾਂ ਵੀ ਕਾਹਦੀ ਜ਼ਿੰਦਗੀ ਹੁੰਦੀ ਏ, ਹੁਣ ਤਾਂ ਸਬਰ ਹੀ ਕਰਨਾ ਪੈਣੈ। ਚੱਲ ਮਾਲਕ ਆਪੇ ਸਹਾਈ ਹੋਊ।"

ਦਲੇਰ ਸਿੰਘ ਦੀ ਪਤਨੀ ਦੁਖੀ ਹੋਈ ਬੋਲਦੀ, "ਭੈਣੇ, ਸਬਰ ਤਾਂ ਪਰਮਾਤਮਾ ਤੋਂ ਪਹਿਲਾਂ ਹੀ ਬਹੁਤ ਮਿਲਿਆ ਹੋਇਐ। ਬੱਸ ਆਹ ਚਿੱਟਾ ਦੁਪੱਟਾ ਹੀ ਹੁਣ ਮਿਲਿਆ ਏ। ਹੁਣ ਪਰਮਾਤਮਾ ਅੱਗੇ ਮੇਰੀ ਬੱਸ ਇਹ ਹੀ ਅਰਦਾਸ ਏ ਕਿ ਇਸ ਘਰ 'ਤੇ ਦੁਬਾਰਾ ਤਸਕਰੀ ਦਾ ਦਾਗ ਨਾ ਲੱਗੇ। ਇਹ ਉਮਰ ਭਰ ਅੱਖੀਆਂ 'ਚੋਂ ਵਗੇ ਪਾਣੀ ਨਾਲ ਵੀ ਨਹੀਂਓ ਧੋਇਆ ਜਾਂਦਾ ਭੈਣੇ!"

***

## 'ਗਲੋਬਲ ਪੰਜਾਬ ਸਿਨੇਮਾ'

ਲਾਹੌਰ ਤੋਂ ਸ਼ੁਰੂ ਹੋਏ ਪੰਜਾਬੀ ਸਿਨੇਮਾ ਨੇ ਲੋਕ ਗਥਾਵਾਂ ਦੇ ਸ਼ੁਰੂਆਤੀ ਰੂਪਾਂਤਰਾਂ ਤੋਂ ਆਰੰਭ ਹੋ ਕੇ ਵਿਸ਼ਵ-ਵਿਆਪੀ ਵਿਸ਼ਿਆਂ 'ਤੇ ਆਪਣੀਆਂ ਸਮਕਾਲੀ ਖੋਜਾਂ ਤੱਕ ਇੱਕ ਸ਼ਾਨਦਾਰ ਸਫ਼ਰ ਤੈਅ ਕੀਤਾ ਹੈ। ਇਸ ਦੇ ਵਿਕਾਸ ਅਤੇ ਵਿਕਾਸ ਦੇ ਵੱਖ-ਵੱਖ ਪੜਾਵਾਂ ਨੇ ਪੰਜਾਬ ਦੇ ਸੱਭਿਆਚਾਰਕ ਦ੍ਰਿਸ਼ ਨੂੰ ਸ਼ਿੰਗਾਰਿਆ ਹੈ। ਬਹੁਤ ਸਾਰੀਆਂ ਚੁਣੌਤੀਆਂ ਦੇ ਬਾਵਜੂਦ, ਪੰਜਾਬੀ ਸਿਨੇਮਾ ਆਪਣੇ ਜੋਸ਼ੀਲੇ ਫ਼ਿਲਮ ਨਿਰਮਾਤਾਵਾਂ, ਪ੍ਰਤਿਭਾਸ਼ਾਲੀ ਕਲਾਕਾਰਾਂ/ ਤਕਨੀਸ਼ੀਅਨਾਂ ਅਤੇ ਸਮਰਪਿਤ ਦਰਸ਼ਕ ਅਧਾਰ ਦੁਆਰਾ ਪ੍ਰਫੁੱਲਤ ਹੁੰਦਾ ਰਿਹਾ ਹੈ। ਪੰਜਾਬੀ ਸਿਨੇਮਾ ਦਾ ਹੁਣ ਭਾਰਤ ਦੇ ਚੋਟੀ ਦੇ ਖੇਤਰੀ ਸਿਨੇਮਾ ਵਿੱਚ ਸ਼ੁਮਾਰ ਹੈ ਅਤੇ ਇਹ ਹਰ ਸਾਲ 70 ਤੋਂ 80 ਫ਼ਿਲਮਾਂ ਦਾ ਨਿਰਮਾਣ ਕਰਕੇ 400-450 ਕਰੋੜ ਰੁਪਏ ਦਾ ਅੰਦਾਜ਼ਨ ਕਾਰੋਬਾਰ ਕਰਦਾ ਹੈ। ਨੱਬੇ ਸਾਲਾਂ ਦਾ ਜੀਵੰਤ 'ਪੰਜਾਬੀ ਸਿਨੇਮਾ' ਹੁਣ ਸਿਰਫ਼ ਭਾਰਤੀ ਪੰਜਾਬ ਨਾਲ ਸੰਬੰਧਿਤ ਨਹੀਂ ਹੈ, ਸਗੋਂ ਇਹ 'ਗਲੋਬਲ ਪੰਜਾਬ ਦੇ ਸਿਨੇਮਾ' ਵਜੋਂ ਉਭਰਿਆ ਹੈ।

***

## ਅਮਰੀਕਾ ਦੀ ਧੱਕੇਸ਼ਾਹੀ ਤੇ ਟੈਰਿਫ਼

ਭਾਵੇਂ ਜਨਤਕ ਤੌਰ 'ਤੇ ਖੁੱਲ੍ਹੇ ਵਪਾਰ ਸਮਝੌਤੇ ਵਿੱਚ ਖੇਤੀ ਸੈਕਟਰ ਨੂੰ ਬਚਾਉਣ ਦੀ ਗੱਲ ਕੀਤੀ ਗਈ ਹੈ ਪਰ ਅਮਰੀਕਾ ਅਤੇ ਯੂਰਪੀਨ ਯੂਨੀਅਨ ਦਾ ਦਬਾਅ ਭਾਰਤ 'ਤੇ ਖੇਤੀ ਦਰਾਮਦਾਂ ਨੂੰ ਖੋਲ੍ਹਣ ਬਾਰੇ ਪਿਛਲੇ 20 ਸਾਲਾਂ ਤੋਂ ਲਗਾਤਾਰ ਬਣਿਆ ਹੋਇਆ ਹੈ। ਇਸ ਤੋਂ ਬਚਣ ਦਾ ਤਰੀਕਾ ਡਰ ਕੇ ਨਹੀਂ ਸਗੋਂ ਆਪਣੇ ਅਧਿਕਾਰਾਂ ਵਾਸਤੇ ਮਜ਼ਬੂਤੀ ਨਾਲ ਪਹਿਰਾ ਦੇਣ ਨਾਲ ਹੀ ਹੋ ਸਕਦਾ ਹੈ। ਇਹ ਭਾਰਤ ਦੇ ਆਜ਼ਾਦੀ ਤੋਂ ਬਾਅਦ ਦੇ ਇਤਹਾਸ ਨਾਲ ਮੇਲ ਨਹੀਂ ਖਾਂਦਾ। ਉਸ ਵਕਤ ਜਦੋਂ ਦੇਸ਼ ਦੀ ਆਰਥਿਕਤਾ ਬਹੁਤ ਕਮਜ਼ੋਰ ਸੀ। ਦੇਸ਼ ਨਿਊਨਤਮ ਆਮਦਨ ਵਾਲੇ ਦੇਸ਼ਾਂ ਵਿੱਚ ਗਿਣਿਆ ਜਾਂਦਾ ਸੀ ਅਤੇ ਅਨਾਜ ਦੀ ਥੁੜ੍ਹ ਕਾਰਨ ਭੁੱਖਮਰੀ ਦਾ ਸ਼ਿਕਾਰ ਹੋਣ ਦਾ ਡਰ ਸੀ। ਉਨ੍ਹਾਂ ਵਕਤਾਂ ਵਿੱਚ ਵੀ ਠੰਢੀ ਜੰਗ ਸਮੇਂ ਦੇਸ਼ ਵਲੋਂ ਗੁੱਟ ਨਿਰਲੇਪ ਨੀਤੀ ਅਪਣਾਈ ਗਈ ਸੀ। 1971 ਦੀ ਪਾਕਿਸਤਾਨ ਨਾਲ ਲੜਾਈ ਸਮੇਂ ਅਮਰੀਕੀ ਵਿਰੋਧ ਦਾ ਡਟ ਕੇ ਮੁਕਾਬਲਾ ਕੀਤਾ ਗਿਆ ਅਤੇ ਬੰਗਲਾਦੇਸ਼ ਦੇਸ਼ ਦੇ ਬਣਨ ਵਿੱਚ ਨੁਮਾਇਆ ਰੋਲ ਅਦਾ ਕੀਤਾ ਗਿਆ ਸੀ। ਹੁਣ ਦੇਸ਼ ਅਨਾਜ ਵਿੱਚ ਆਤਮ ਨਿਰਭਰ ਹੈ ਅਤੇ ਨੀਵੇਂ ਮੱਧ ਆਮਦਨ ਦੇਸ਼ਾਂ ਦੇ ਵਰਗ ਵਿੱਚ ਸ਼ਾਮਿਲ ਹੋ ਗਿਆ ਹੈ। ਦੇਸ਼ ਦੀ ਆਰਥਿਕਤਾ ਦਾ ਆਕਾਰ ਵਿਸ਼ਵ ਵਿੱਚ ਪੰਜਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਸਮੇਂ ਦੇਸ਼ ਦੀ ਸਮਰੱਥਾ ਆਪਣੇ ਅਧਿਕਾਰਾਂ ਅਤੇ ਆਰਥਿਕਤਾ ਨੂੰ ਬਚਾਉਣ ਦੀ ਪਹਿਲਾਂ ਤੋਂ ਕਾਫ਼ੀ ਜ਼ਿਆਦਾ ਹੈ। ਇਸ ਮੌਕੇ ਡਰੇ ਹੋਣ ਦਾ ਮੁਜ਼ਾਹਰਾ ਘਾਤਕ ਸਾਬਤ ਹੋ ਸਕਦਾ ਹੈ। ਧੱਕੇਸ਼ਾਹੀ ਵਾਲੀ ਅਮਰੀਕੀ ਸੋਚ ਸਾਹਮਣੇ ਕਮਜ਼ੋਰ ਸਟੈਂਡ ਉਸ ਨੂੰ ਭਾਰਤ ਦੇ ਖਿਲਾਫ਼ ਸਖਤ ਕਦਮ ਚੁੱਕਣ ਵਾਸਤੇ ਉਤਸ਼ਾਹਿਤ ਕਰੇਗਾ। ਇਸ ਕਰਕੇ ਜ਼ਰੂਰੀ ਹੈ, ਇਸ ਧੱਕੇਸ਼ਾਹੀ ਖ਼ਿਲਾਫ਼ ਮਜ਼ਬੂਤ ਪੁਜ਼ੀਸ਼ਨ ਲੈ ਕੇ ਦੇਸ਼ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਨੂੰ ਸੁਰੱਖਿਅਤ ਰੱਖਿਆ ਜਾਵੇ ਅਤੇ ਦੇਸ਼ ਦੀ ਆਰਥਿਕ ਨੀਤੀ ਨੂੰ ਦੇਸ਼ ਦੇ ਸਾਧਨਾਂ ਅਤੇ ਲੋੜਾਂ ਅਨੁਸਾਰ ਢਾਲਿਆ ਜਾਵੇ। ਇਸ ਵਾਸਤੇ ਦੇਸ਼ ਵਾਸੀਆਂ ਨਾਲ ਸਾਰੀ ਗੱਲਬਾਤ ਖੋਲ੍ਹ ਕੇ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਵੀ ਹਮਾਇਤ ਹਾਸਲ ਕੀਤੀ ਜਾ ਸਕੇ।

***

## ਪਹਿਲਗਾਮ 'ਚ ਸੈਲਾਨੀਆਂ 'ਤੇ ਕੀਤੇ ਗਏ

ਧਿਆਨ ਖਿੱਚਣਾ ਚਾਹੁੰਦਾ ਸੀ। ਇਹ ਇਸ ਗੱਲ ਦਾ ਸਬੂਤ ਹੈ ਕਿ ਪਾਕਿਸਤਾਨ ਕਿਸੇ ਵੀ ਸਥਿਤੀ ਵਿੱਚ ਸੰਵੇਦਨਸ਼ੀਲ ਗੁਆਂਢੀ ਤਾਂ ਛੱਡੋ, ਧਰਤੀ 'ਤੇ ਇਕ ਦੇਸ਼ ਦੇ ਰੂਪ ਵਿੱਚ ਵੀ ਆਪਣੀ ਹਾਜ਼ਰੀ ਨਹੀਂ ਦਰਜ ਕਰਵਾ ਪਾ ਰਿਹਾ ਸੀ, ਜਿਸ ਤਰ੍ਹਾਂ ਨਾਲ ਇਸ ਭਿਆਨਕ ਘਟਨਾ ਦਾ ਸਮਾਂ ਚੁਣਿਆ ਗਿਆ ਹੈ, ਉਹ ਵੀ ਵਿਚਾਰ ਦੀ ਮੰਗ ਕਰਦਾ ਹੈ ਅਤੇ ਪਾਕਿਸਤਾਨ ਦੀ ਅਣਮਨੁੱਖੀ ਸੋਚ ਨੂੰ ਉਜਾਗਰ ਕਰਦਾ ਹੈ।

ਪ੍ਰਧਾਨ ਮੰਤਰੀ ਮੋਦੀ ਦੋ ਦਿਨ ਦੀ ਸਾਊਦੀ ਯਾਤਰਾ 'ਤੇ ਹੁੰਦੇ ਹਨ ਅਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਭਾਰਤ ਦੇ ਅਧਿਕਾਰਿਕ ਦੌਰੇ 'ਤੇ ਹੁੰਦੇ ਹਨ। ਇਹ ਦੋਵੇਂ ਘਟਨਾਵਾਂ ਨਾ ਸਿਰਫ਼ ਪਾਕਿਸਤਾਨ ਨੂੰ, ਬਲਕਿ ਸਾਡੇ ਇੱਕ ਹੋਰ ਗੁਆਂਢੀ ਦੀ ਵੀ ਛਾਤੀ 'ਤੇ ਸੱਪ ਲਿਟਾ ਦਿੰਦੀਆਂ ਹਨ। ਜਿਸ ਤਰ੍ਹਾਂ ਨਾਲ ਪਿਛਲੇ ਹੀ ਪੰਦਰਵਾੜੇ 'ਚ ਸਾਊਦੀ ਅਰਬ ਨੇ 4700 ਪਾਕਿਸਤਾਨੀਆਂ ਨੂੰ ਆਪਣੇ ਦੇਸ਼ 'ਚੋਂ ਜਹਾਜ਼ਾਂ ਵਿੱਚ ਭਰ ਕੇ ਪਾਕਿਸਤਾਨ ਰਵਾਨਾ ਕੀਤਾ ਹੈ, ਕਿਉਂਕਿ ਇਹ ਪਾਕਿਸਤਾਨੀ ਸਾਊਦੀ ਅਰਬ ਵਿੱਚ ਭੀਖ ਮੰਗ ਰਹੇ ਸਨ ਅਤੇ ਸਾਊਦੀ ਅਰਬ ਦੀ ਦਿੱਖ ਨੂੰ ਮਲੀਆਮੇਟ ਕਰ ਰਹੇ ਸਨ, ਇਸ ਘਟਨਾ ਨੇ ਵੀ ਪਾਕਿਸਤਾਨ ਵਿੱਚ, ਪਾਕਿਸਤਾਨ ਦੀ ਸਰਕਾਰ ਦੀ ਆਮ ਲੋਕਾਂ ਅਤੇ ਸੋਸ਼ਲ ਮੀਡੀਆ ਵਿੱਚ ਐਸੀ-ਤੈਸੀ ਕਰ ਦਿੱਤੀ ਸੀ। ਲੋਕ ਕਹਿ ਰਹੇ ਸਨ ਕਿ ਸਾਊਦੀ ਅਰਬ ਸਾਡੇ ਨਾਲ ਤਾਂ ਭਿਖਾਰੀਆਂ ਵਾਲਾ ਵਿਹਾਰ ਕਰ ਰਿਹਾ ਹੈ ਅਤੇ ਭਾਰਤ ਨਾਲ ਇਤਿਹਾਸਕ ਵਪਾਰ ਸਮਝੌਤਾ ਕਰਨ ਜਾ ਰਿਹਾ ਹੈ।

ਜੇਕਰ ਇਹ ਹਾਲਤ ਕਿਸੇ ਵੀ ਹਾਲ ਵਿੱਚ ਪਾਕਿਸਤਾਨੀ ਸਰਕਾਰ ਨੂੰ ਬਰਦਾਸ਼ਤ ਨਹੀਂ ਹੋ ਰਹੀ ਸੀ, ਤਾਂ ਅਮਰੀਕੀ ਉਪ ਰਾਸ਼ਟਰਪਤੀ ਦਾ ਅਧਿਕਾਰਕ ਯਾਤਰਾ 'ਤੇ ਭਾਰਤ ਆਉਣਾ ਅਤੇ ਆਪਸੀ ਵਪਾਰ ਗੱਲਬਾਤ ਦਾ ਮੁੱਖ ਏਜੰਡਾ ਹੋਣਾ, ਚੀਨ ਨੂੰ ਵੀ ਰਾਸ ਨਹੀਂ ਆ ਰਿਹਾ ਸੀ। ਉਸ ਨੇ ਭਾਰਤ ਨੂੰ ਤਾਂ ਧਮਕੀ ਨਹੀਂ ਸੀ ਦਿੱਤੀ, ਪਰ ਇਸੇ ਦੌਰਾਨ ਕਈ ਹੋਰ ਦੇਸ਼ਾਂ ਨੂੰ ਅਸਿੱਧੇ ਤੌਰ 'ਤੇ ਧਮਕੀ ਦਿੱਤੀ ਸੀ ਕਿ ਜੇਕਰ ਉਹ ਅਮਰੀਕਾ ਨਾਲ ਦੁਵੱਲੀ ਵਪਾਰਕ ਗੱਲਬਾਤ ਕਰਦੇ ਹਨ ਤਾਂ ਉਨ੍ਹਾਂ ਦੀ ਖ਼ੈਰ ਨਹੀਂ। ਇਨ੍ਹਾਂ ਅੰਤਰਰਾਸ਼ਟਰੀ ਘਟਨਾਵਾਂ ਨੂੰ ਵੀ ਇਸ ਵਾਰਦਾਤ ਦੀ ਪਿੱਠਭੂਮੀ ਵਿੱਚ ਸਮਝਣ ਲਈ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਫਿਲਹਾਲ ਇਸ ਘਿਨਾਉਣੀ ਹਰਕਤ ਦਾ ਇਕਮਾਤਰ ਜਵਾਬ ਇਹੀ ਹੈ ਕਿ ਭਾਰਤ, ਪਾਕਿਸਤਾਨ ਨੂੰ ਦੁਨੀਆਂ ਵਿੱਚ ਅੱਤਵਾਦੀ ਦੇਸ਼ ਘੋਸ਼ਿਤ ਕਰਾਏ ਅਤੇ ਜਿਵੇਂ ਕਿ ਕਪਿਲ ਸਿੱਬਲ ਕਹਿੰਦੇ ਹਨ, 'ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਅੱਤਵਾਦੀਆਂ ਵਿਰੁੱਧ ਮਾਮਲੇ ਨੂੰ ਅੰਤਰਰਾਸ਼ਟਰੀ ਕੋਰਟ ਵਿੱਚ ਵੀ ਲੈ ਕੇ ਜਾਵੇ, ਤਾਂ ਹੀ ਪਾਕਿਸਤਾਨ ਨੂੰ ਇਸ ਸਭ ਦੀ ਕੀਮਤ ਸਮਝ ਵਿੱਚ ਆਵੇਗੀ।' ਅਤੇ ਹਾਂ, ਠਹਿਰ ਕੇ ਪਾਕਿਸਤਾਨ ਨਾਲ ਕੋਈ ਆਰ-ਪਾਰ ਦਾ ਹਿਸਾਬ ਵੀ ਚੁਕਤਾ ਕੀਤਾ ਜਾਵੇ। ਪਰ ਜਲਦਬਾਜ਼ੀ ਵਿੱਚ ਨਹੀਂ, ਬਲਕਿ ਇੱਕ ਮੌਕਾ ਚੁਣ ਕੇ, ਜਦੋਂ ਦੁਸ਼ਮਣ ਇਸ ਲਈ ਮਾਨਸਿਕ ਰੂਪ ਵਿੱਚ ਤਿਆਰ ਨਾ ਹੋਵੇ।

***

## ਚੰਗੀ ਕਸਰਤ ਹੈ

ਇਹਨਾਂ ਐਂਡੋਰਫਿਨ ਦੀ ਰਿਹਾਈ ਤੇਜ਼ ਨੀਂਦ ਦੀ ਸ਼ੁਰੂਆਤ ਅਤੇ ਡੂੰਘੀ ਨੀਂਦ ਦੀ ਸਹੂਲਤ ਪ੍ਰਦਾਨ ਕਰ ਸਕਦੀ ਹੈ।

ਇਸ ਤੋਂ ਇਲਾਵਾ, ਦੌੜਨਾ ਸਰੀਰ ਦੀ ਸਰਕੇਡੀਅਨ ਤਾਲ ਨੂੰ ਨਿਯਮਤ ਕਰਨ ਵਿੱਚ ਮਦਦ ਕਰ ਸਕਦਾ ਹੈ, ਜੋ ਨੀਂਦ-ਜਾਗਣ ਦੇ ਚੱਕਰ ਨੂੰ ਨਿਯੰਤਰਿਤ ਕਰਦਾ ਹੈ। ਨਿਯਮਤ ਕਸਰਤ ਦੀ ਰੁਟੀਨ ਸਥਾਪਤ ਕਰਨ ਨਾਲ, ਸਰੀਰ ਇਕਸਾਰ ਪੈਟਰਨ ਤੋਂ ਜਾਣੂ ਹੋ ਜਾਂਦਾ ਹੈ, ਜਿਸ ਨਾਲ ਹਰ ਰੋਜ਼ ਉਸੇ ਸਮੇਂ ਸੌਣਾ ਅਤੇ ਜਾਗਣਾ ਆਸਾਨ ਹੋ ਜਾਂਦਾ ਹੈ।

ਦੌੜਨ ਦਾ ਸਭ ਤੋਂ ਵਧੀਆ ਸਮਾਂ ਨਿੱਜੀ ਤਰਜੀਹਾਂ ਅਤੇ ਸਮਾਂ-ਸਾਰਣੀ ਦੇ ਆਧਾਰ 'ਤੇ ਬਦਲਦਾ ਹੈ। ਹਾਲਾਂਕਿ, ਬਹੁਤ ਸਾਰੇ ਦੌੜਾਕਾਂ ਲਈ ਸਵੇਰੇ ਤੜਕੇ ਅਤੇ ਦੁਪਹਿਰ ਤੋਂ ਸ਼ਾਮ ਤੱਕ ਪ੍ਰਸਿੱਧ ਵਿਕਲਪ ਹਨ। ਸਵੇਰ ਦੀ ਦੌੜ ਦੇ ਬਹੁਤ ਸਾਰੇ ਫਾਇਦੇ ਹਨ ਅਤੇ ਇਹ ਸਰੀਰ ਨੂੰ ਊਰਜਾਵਾਨ ਬਣਾ ਸਕਦਾ ਹੈ ਅਤੇ ਬਾਕੀ ਦਿਨ ਲਈ ਇੱਕ ਸਕਾਰਾਤਮਕ ਟੋਨ ਸੈੱਟ ਕਰ ਸਕਦਾ ਹੈ, ਨਾਲ ਹੀ ਇੱਕ ਨਿਯਮਤ ਰੁਟੀਨ ਸਥਾਪਤ ਕਰ ਸਕਦਾ ਹੈ। ਦੇਰ ਦੁਪਹਿਰ ਤੋਂ ਸ਼ਾਮ ਦੇ ਸ਼ੁਰੂ ਵਿੱਚ ਦੌੜਨਾ ਇੱਕ ਵਿਅਸਤ ਦਿਨ ਤੋਂ ਬਾਅਦ ਤਣਾਅ ਨੂੰ ਘਟਾਉਣ ਅਤੇ ਆਰਾਮ ਨੂੰ ਉਤਸ਼ਾਹਿਤ ਕਰਨ ਦੇ ਤਰੀਕੇ ਵਜੋਂ ਕੰਮ ਕਰ ਸਕਦਾ ਹੈ।

***

## ਕਰਜ਼ੇ ਦੇ ਜਾਲ 'ਚੋਂ ਕਿਵੇਂ

ਪੰਜਾਬ ਦੇ ਕਰਜ਼ੇ ਦੇ ਸੰਕਟ ਨੂੰ ਹੱਲ ਕਰਨ ਲਈ ਰਾਜ ਸਰਕਾਰ, ਕੇਂਦਰ ਸਰਕਾਰ, ਕਾਰੋਬਾਰਾਂ ਅਤੇ ਸਿਵਲ ਸਮਾਜ ਸਮੇਤ ਸਾਰੇ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਇਨ੍ਹਾਂ ਉਪਾਵਾਂ ਨੂੰ ਲਾਗੂ ਕਰ ਕੇ, ਪੰਜਾਬ ਟਿਕਾਊ ਆਰਥਿਕ ਵਿਕਾਸ ਅਤੇ ਖੁਸ਼ਹਾਲੀ ਦਾ ਰਾਹ ਪੱਧਰਾ ਕਰ ਸਕਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਪੰਜਾਬ ਦੀ ਵਿੱਤੀ ਸਿਹਤ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਈ ਹੈ। ਇਸ ਸਥਿਤੀ ਲਈ ਸਾਰੇ ਸਰਕਾਰੀ ਖਰਚਿਆਂ ਦੀ ਧਿਆਨ ਨਾਲ ਜਾਂਚ ਕਰਨ ਦੀ ਲੋੜ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਿੱਧੇ ਤੌਰ 'ਤੇ ਰਾਜ ਦੇ ਵਿਕਾਸ ਅਤੇ ਇਸ ਦੇ ਨਾਗਰਿਕਾਂ ਨੂੰ ਲਾਭ ਪਹੁੰਚਾਉਣ। ਕੁਝ ਰਾਜਨੀਤਕ ਨਿਰੀਖਕਾਂ ਅਤੇ ਆਲੋਚਕਾਂ ਨੇ ਪੰਜਾਬ ਦੇ ਸੀਮਤ ਸਰੋਤਾਂ ਦੀ ਸੰਭਾਵੀ ਗਲਤ ਵੰਡ ਬਾਰੇ ਸਵਾਲ ਉਠਾਏ ਹਨ। ਪੰਜਾਬ ਲਈ ਆਰਥਿਕ ਰਿਕਵਰੀ ਦੇ ਰਸਤੇ ਲਈ ਸਖ਼ਤ ਵਿੱਤੀ ਅਨੁਸ਼ਾਸਨ ਅਤੇ ਰਣਨੀਤਕ ਯੋਜਨਾਬੰਦੀ ਦੀ ਲੋੜ ਹੈ। ਇਸ ਵਿੱਚ ਬੇਲੋੜੇ ਖਰਚਿਆਂ ਨੂੰ ਖਤਮ ਕਰਨ ਲਈ ਸਾਰੇ ਖਰਚਿਆਂ ਦੀ ਵਿਆਪਕ ਸਮੀਖਿਆ, ਮਜ਼ਬੂਤ ਕਰਜ਼ਾ ਪ੍ਰਬੰਧਨ ਰਣਨੀਤੀਆਂ ਦਾ ਵਿਕਾਸ ਅਤੇ ਮਾਲੀਆ ਉਤਪਾਦਨ ਨੂੰ ਵਧਾਉਣ ਲਈ ਨੀਤੀਆਂ ਨੂੰ ਲਾਗੂ ਕਰਨਾ ਸ਼ਾਮਲ ਹੋਵੇਗਾ। ਰਾਜ ਦੇ ਵਿੱਤੀ ਪ੍ਰਬੰਧਨ ਵਿੱਚ ਜਨਤਾ ਦਾ ਵਿਸ਼ਵਾਸ ਬਹਾਲ ਕਰਨ ਲਈ ਵਿੱਤੀ ਫ਼ੈਸਲੇ ਲੈਣ ਵਿੱਚ ਪਾਰਦਰਸ਼ਤਾ ਵੀ ਮਹੱਤਵਪੂਰਨ ਹੋਵੇਗੀ। ਪੰਜਾਬ ਦੀਆਂ ਆਰਥਿਕ ਚੁਣੌਤੀਆਂ ਦੂਰ ਕਰਨ ਲਈ ਸਰਕਾਰ ਨੂੰ ਉਨ੍ਹਾਂ ਨਿਵੇਸ਼ਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜੋ ਸਿੱਧੇ ਤੌਰ 'ਤੇ ਰਾਜ ਦੇ ਵਿਕਾਸ ਅਤੇ ਇਸ ਦੇ ਵਸਨੀਕਾਂ ਦੀ ਭਲਾਈ ਵਿੱਚ ਯੋਗਦਾਨ ਪਾਉਂਦੇ ਹਨ। ਇਸ ਵਿੱਚ ਮੌਜੂਦਾ ਖਰਚ ਪੈਟਰਨਾਂ ਅਤੇ ਸਥਾਪਿਤ ਅਭਿਆਸਾਂ ਸਬੰਧੀ ਮੁਸ਼ਕਿਲ ਫ਼ੈਸਲੇ ਸ਼ਾਮਿਲ ਹੋ ਸਕਦੇ ਹਨ ਪਰ ਰਾਜ ਨੂੰ ਟਿਕਾਊ ਵਿੱਤੀ ਪੱਧਰ 'ਤੇ ਰੱਖਣ ਲਈ ਅਜਿਹੇ ਉਪਾਅ ਜ਼ਰੂਰੀ ਹੋ ਸਕਦੇ ਹਨ।

ਆਰਥਿਕ ਮਾਹਿਰ ਲਗਾਤਾਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਕਰਜ਼ੇ ਦੇ ਭਾਰੀ ਬੋਝ ਦਾ ਸਾਹਮਣਾ ਕਰ ਰਹੇ ਰਾਜਾਂ ਨੂੰ ਸਖ਼ਤ ਵਿੱਤੀ ਅਨੁਸ਼ਾਸਨ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਵਿੱਚ ਜਨਤਕ ਹਿੱਤਾਂ ਦੀ ਪੂਰਤੀ ਲਈ ਜ਼ਰੂਰੀ ਖਰਚਿਆਂ ਅਤੇ ਵਿਵੇਕਸ਼ੀਲ ਖਰਚਿਆਂ ਵਿੱਚ ਫ਼ਰਕ ਕਰਨਾ ਸ਼ਾਮਲ ਹੈ ਜੋ ਰਾਜਨੀਤਕ ਤੌਰ 'ਤੇ ਸੁਵਿਧਾਜਨਕ ਹੋ ਸਕਦੇ ਹਨ ਪਰ ਲੰਮੇ ਸਮੇਂ ਵਿੱਚ ਆਰਥਿਕ ਤੌਰ 'ਤੇ ਅਸਥਿਰ ਹੋ ਸਕਦੇ ਹਨ। ਮੌਜੂਦਾ ਸਥਿਤੀ ਦਾ ਪੂਰੀ ਤਰ੍ਹਾਂ ਮੁਲਾਂਕਣ ਕਰਨ ਅਤੇ ਸੂਚਿਤ ਫ਼ੈਸਲੇ ਕਰਨ ਲਈ, ਨਾਗਰਿਕਾਂ ਨੂੰ ਸਰਕਾਰੀ ਰਿਪੋਰਟਾਂ, ਸੁਤੰਤਰ ਆਰਥਿਕ ਵਿਸ਼ਲੇਸ਼ਣਾਂ ਅਤੇ ਜਨਤਕ ਖਰਚਿਆਂ ਬਾਰੇ ਪਾਰਦਰਸ਼ੀ ਖੁਲਾਸੇ ਨਾਲ ਸਲਾਹ-ਮਸ਼ਵਰਾ ਕਰਨ ਦਾ ਲਾਭ ਹੋਵੇਗਾ। ਇਹ ਸਰੋਤ ਵੰਡ ਬਾਰੇ ਦਾਅਵਿਆਂ ਦਾ ਮੁਲਾਂਕਣ ਕਰਨ ਅਤੇ ਪੰਜਾਬ ਦੀਆਂ ਵਿੱਤੀ ਚੁਣੌਤੀਆਂ ਦੇ ਢੁਕਵੇਂ ਹੱਲਾਂ ਦੀ ਪਛਾਣ ਕਰਨ ਲਈ ਤੱਥਾਂ ਵਾਲਾ ਆਧਾਰ ਪ੍ਰਦਾਨ ਕਰੇਗਾ।

***

## ਪੈਸਾ ਜਿਵੇਂ ਨਚਾਈ ਜਾਂਦਾ,

ਸਰਕਾਰਾਂ ਦੀਆਂ ਪਾਲਿਸੀਆਂ ਪ੍ਰਭਾਵਿਤ ਕਰਦੇ ਹਨ ਅਤੇ ਫਿਰ ਹੋਰ ਪੈਸਾ ਕਮਾਉਂਦੇ ਹਨ ਅੱਜਕੱਲ੍ਹ ਬਾਬਿਆਂ ਦੀ ਚੜ੍ਹਾਈ ਹੈ। ਭਾਂਤ ਭਾਂਤ ਦੇ ਬਾਬੇ ਹੋਂਦ ਵਿੱਚ ਆ ਗਏ ਹਨ। ਲੋਕਾਂ ਨੂੰ ਵਹਿਮਾਂ ਵਿੱਚ ਪਾ ਕੇ ਆਪਣੀ ਜੇਬ ਗਰਮ ਕਰਦੇ ਹਨ। ਉਸੇ ਪੈਸੇ ਦੇ ਸਿਰ 'ਤੇ ਆਪ ਐਸ਼ ਕਰਦੇ ਹਨ।

ਸੋਸ਼ਲ ਮੀਡੀਆ 'ਤੇ ਮਸ਼ਹੂਰ ਹੋਣ ਲਈ ਤੇ ਪੈਸਾ ਕਮਾਉਣ ਲਈ ਨੰਗੇਜ਼ ਵਧ ਗਿਆ ਹੈ। ਲੜਕੀਆਂ, ਲੜਕੇ ਅਤੇ ਔਰਤਾਂ ਸਭ ਮਰਿਯਾਦਾਵਾਂ ਦੀ ਹੱਦ ਟੱਪ ਰਹੇ ਹਨ। ਨਸ਼ੇ ਦੇ ਵਪਾਰੀ ਪੈਸੇ ਲਈ ਨੌਜਵਾਨ ਪੀੜ੍ਹੀ ਨੂੰ ਖਤਮ ਕਰ ਰਹੇ ਹਨ। ਸਮਾਜ ਵਿੱਚ ਗੰਧਲਾਪਣ ਭਰ ਗਿਆ ਹੈ। ਕੁੰਭ ਦਾ ਮੇਲਾ ਕਿਸੇ ਲਈ ਸ਼ਰਧਾ ਸੀ ਤੇ ਕਿਸੇ ਲਈ ਲੁੱਟ ਦਾ ਸਾਧਨ। ਸਰਕਾਰਾਂ ਨੇ ਵੀ ਹੱਥ ਰੰਗ ਲਏ।

ਭਾਵੇਂ ਸਭ ਇਹ ਮੰਨਦੇ ਹਨ ਕਿ ਪੈਸਾ ਕਿਸੇ ਦੇ ਨਾਲ ਨਹੀਂ ਜਾਣਾ। ਰਾਜੇ ਮਹਾਰਾਜੇ ਸਭ ਇਥੇ ਹੀ ਛੱਡ ਗਏ ਹਨ ਪਰ ਫਿਰ ਵੀ ਪਾਪਾਂ ਨਾਲ ਮਾਇਆ ਦਿਨ ਰਾਤ ਇਕੱਠੀ ਕੀਤੀ ਜਾ ਰਹੀ ਹੈ। ਬੰਦੇ ਨਾਲ ਇਸ ਨੇ ਜਾਣਾ ਨਹੀਂ ਇਸ ਕਰਕੇ ਮਿਹਨਤ ਕਰਕੇ ਕਮਾਓ ਨਾ ਕਿ ਠੱਗੀਆਂ ਮਾਰਕੇ। ਸਾਡੇ ਬਜ਼ੁਰਗਾਂ ਨੇ ਸਾਨੂੰ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਦੀ ਪ੍ਰੇਰਨਾ ਦਿੱਤੀ ਹੈ। ਪੈਸਾ ਬਹੁਤ ਕੁਝ ਹੁੰਦਾ ਹੈ ਪਰ ਸਭ ਕੁਝ ਨਹੀਂ।

***

## ਵਿਆਹੇ ਹੋਣ ਨਾਲ ਵਧਦੈ 'ਡਿਮੇਂਸ਼ੀਆ' ਦਾ ਖ਼ਤਰਾ

ਅਣਕਿਆਸੇ ਨਤੀਜਿਆਂ ਦਾ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਵਿਆਹੇ ਲੋਕਾਂ ਵਿੱਚ ਲੱਛਣਾਂ ਦੀ ਰਿਪੋਰਟ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿਉਂਕਿ ਉਨ੍ਹਾਂ ਦੇ ਜੀਵਨ ਸਾਥੀ ਯਾਦਦਾਸ਼ਤ ਦੀਆਂ ਸਮੱਸਿਆਵਾਂ ਨੂੰ ਦੇਖਦੇ ਹਨ ਅਤੇ ਉਨ੍ਹਾਂ 'ਤੇ ਡਾਕਟਰ ਨੂੰ ਮਿਲਣ ਲਈ ਦਬਾਅ ਪਾਉਂਦੇ ਹਨ। ਇਸ ਨਾਲ ਵਿਆਹੇ ਲੋਕਾਂ ਵਿੱਚ ਡਿਮੇਂਸ਼ੀਆ ਵਧੇਰੇ ਆਮ ਲੱਗ ਸਕਦਾ ਹੈ - ਭਾਵੇਂ ਇਹ ਨਾ ਵੀ ਹੋਵੇ।

ਡਿਮੇਂਸ਼ੀਆ ਇੱਕ ਬਿਮਾਰੀ

ਫਲੋਰੀਡਾ ਸਟੇਟ ਯੂਨੀਵਰਸਿਟੀ ਦੇ ਨਵੇਂ ਅਧਿਐਨ ਵਿੱਚ ਇਸ ਮੁੱਦੇ (ਡਿਮੇਂਸ਼ੀਆ) ਦੀ ਜਾਂਚ ਕਰਨ ਲਈ ਹੁਣ ਤੱਕ ਦੇ ਸਭ ਤੋਂ ਵੱਡੇ ਨਮੂਨਿਆਂ ਵਿੱਚੋਂ ਇੱਕ ਦੀ ਵਰਤੋਂ ਕੀਤੀ ਗਈ। ਇਹ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਪਿਛਲੀ ਖੋਜ 'ਤੇ ਆਧਾਰਿਤ ਧਾਰਨਾਵਾਂ ਕਿ ਜੀਵਨ ਸਾਥੀ ਦੀ ਮੌਤ ਅਤੇ ਤਲਾਕ ਬਹੁਤ ਤਣਾਅਪੂਰਨ ਜੀਵਨ ਦੀਆਂ ਘਟਨਾਵਾਂ ਹਨ ਜੋ ਅਲਜ਼ਾਈਮਰ ਰੋਗ ਦੇ ਜੋਖਮ ਨੂੰ ਵਧਾ ਸਕਦੀਆਂ ਹਨ, ਜਾਂ ਅਣਵਿਆਹੇ ਲੋਕ ਸਮਾਜਿਕ ਤੌਰ 'ਤੇ ਅਲੱਗ-ਥਲੱਗ ਹੁੰਦੇ ਹਨ ਅਤੇ ਇਸ ਲਈ ਡਿਮੇਂਸ਼ੀਆ ਦੇ ਵਧੇਰੇ ਜੋਖਮ ਵਿੱਚ ਹੋ ਸਕਦੇ ਹਨ, ਹਮੇਸ਼ਾ ਸੱਚ ਨਹੀਂ ਹੋ ਸਕਦੀਆਂ। ਡਿਮੇਂਸ਼ੀਆ ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਦਿਮਾਗ ਦੀ ਕਾਰਜਸ਼ੀਲਤਾ ਘੱਟ ਜਾਂਦੀ ਹੈ। ਇਸ ਨਾਲ ਯਾਦਦਾਸ਼ਤ, ਸੋਚਣ ਦੀ ਸਮਰੱਥਾ, ਫੈਸਲਾ ਲੈਣ ਦੀ ਸਮਰੱਥਾ ਜਾਂ ਵਿਵਹਾਰ ਪ੍ਰਭਾਵਿਤ ਹੁੰਦਾ ਹੈ।

***

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ

ਕੁਲਦੀਪ ਸਿੰਘ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੇ ਧਰਮ ਪਰਿਵਰਤਨ ਰੋਕਣ ਲਈ ਇੱਕ ਸੁਝਾਅ ਪੱਤਰ ਵੀ ਦਿੱਤਾ। ਇਸ ਮੌਕੇ ਮਨਿੰਦਰਪਾਲ ਸਿੰਘ ਗੁੰਬਰ, ਇਕਬਾਲ ਸਿੰਘ ਢੀਂਡਸਾ, ਤ੍ਰਿਲੋਚਨ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਸਿੰਘ ਸਚਦੇਵਾ, ਗੁਰਪ੍ਰੀਤ ਸਿੰਘ ਸਚਦੇਵਾ, ਵਰਿੰਦਰ ਸਿੰਘ ਰਾਣਾ ਰੰਧਾਵਾ, ਓਮਕਾਰ ਸਿੰਘ ਰੰਧਾਵਾ ਤੇ ਭਜਨ ਸਿੰਘ ਕੰਗ ਆਦਿ ਸੰਗਤਾਂ ਹਾਜ਼ਰ ਸਨ।

***

## ਸੋਗਮਈ ਮਾਹੌਲ ਦੌਰਾਨ ਸੇਂਟ ਪੀਟਰਜ਼ ਬੇਸਿਲਿਕਾ

ਵੈਟੀਕਨ ਨੇ ਇੱਕ ਬਿਆਨ ਵਿੱਚ ਕਿਹਾ, ਸਮਰੱਥ ਅਧਿਕਾਰੀ ਸਾਨੂੰ ਸੂਚਿਤ ਕਰਦਾ ਹੈ ਕਿ, ਜਦੋਂ ਕਿ ਪੋਪ ਫਰਾਂਸਿਸ ਦਾ ਅੰਤਿਮ ਸੰਸਕਾਰ ਖਤਮ ਹੋ ਗਿਆ ਹੈ, ਤੇ ਇਸ ਮੌਕੇ 250,000 ਤੋਂ ਵੱਧ ਲੋਕ ਮੌਜੂਦ ਹਨ। ਸਰਵਿਸ ਦਾ ਸਮਾਪਨ ਬਲੈਸਡ ਵਰਜਿਨ ਮੈਰੀ ਦੇ ਕੈਂਟੀਕਲ ਨਾਲ ਹੋਇਆ, ਜਿਸਨੂੰ ਮੈਗਨੀਫਿਕੇਟ ਵੀ ਕਿਹਾ ਜਾਂਦਾ ਹੈ।

***

## ਚਿੱਠੀਸਿੰਘਪੁਰਾ 'ਚ 35 ਸਿੱਖਾਂ ਦੇ ਕਤਲੇਆਮ ਮਾਮਲਾ

ਪੀੜਤ ਪਰਿਵਾਰਾਂ ਤੋਂ ਇਲਾਵਾ ਸਿੱਖ ਸੰਸਥਾਵਾਂ ਵੀ ਕਤਲੇਆਮ ਦੀ ਜਾਂਚ ਦੀ ਮੰਗ ਕਰ ਰਹੀਆਂ ਹਨ। ਸਾਰੀਆਂ ਪਾਰਟੀਆਂ ਦੀ ਸਿੱਖ ਤਾਲਮੇਲ ਕਮੇਟੀ ਕਸ਼ਮੀਰ ਨੇ ਇਹ ਦ੍ਰਿੜ ਕਰਦੇ ਹੋਏ ਕਿਹਾ ਕਿ ਇਸ ਕਤਲੇਆਮ ਦੇ ਨਿਆਂ ਲਈ ਲੜਨਾ ਲਈ ਜਾਰੀ ਰਹੇਗਾ ਤਾਂ ਜੋ ਦੋਸ਼ੀਆਂ ਨੂੰ ਸਾਹਮਣੇ ਲਿਆਂਦਾ ਜਾ ਸਕੇ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਕੀਤੇ ਗਏ ਹਮਲੇ ਨੇ ਉਨ੍ਹਾਂ ਦੇ ਮਨ ਨੂੰ ਗਹਿਰਾ ਦੁੱਖ ਪਹੁੰਚਾਇਆ ਹੈ ਅਤੇ ਮਾਰਚ 2000 ਵਿੱਚ ਕਸ਼ਮੀਰ ਦੇ ਚਿੱਟੀ ਸਿੰਘਪੁਰਾ ਵਿੱਚ ਕਤਲ ਕੀਤੇ ਗਏ 35 ਸਿੱਖਾਂ ਦੀ ਯਾਦ ਦਿਵਾਈ ਹੈ ਜਿਸ ਵਿੱਚ ਹੁਣ ਤਕ ਸੱਚ ਸਾਹਮਣੇ ਨਹੀਂ ਆਇਆ ਹੈ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿੱਚ ਵਾਪਰੀ ਘਟਨਾ ਦਾ ਇਨਸਾਫ਼ ਹੋਵੇ ਅਤੇ ਇਸ ਦੇ ਨਾਲ ਹੀ ਚਿੱਟੀ ਸਿੰਘਪੁਰਾ ਵਿੱਚ ਵਾਪਰੀ ਘਟਨਾ ਦਾ ਵੀ ਸੱਚ ਸਾਹਮਣੇ ਲਿਆ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਣਾ ਚਾਹੀਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com